New Location
Punjab Insurance Agency Inc.
Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
• ਲਾਈਫ਼ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ • ਨਾਨ ਮੈਡੀਕਲ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਐਂਡ ਮੈਡੀਕਲ ਇੰਸ਼ੋਰੈਂਸ
ਕਿਸੇ ਪ੍ਰਕਾਰ ਦੀ ਵੀ ਇੰਸ਼ੋਰੈਂਸ ਸਬੰਧੀ ਜਾਣਕਾਰੀ ਲਵੋ।
ਸੁਪਰ ਵੀਜ਼ਾ ਇੰਸ਼ੋਰੈਂਸ ਲਈ ਵੀ ਫੋਨ ਕਰ ਸਕਦੇ ਹੋ।
ਜਸਵੀਰ ਗਰੇਵਾਲ
778.317.6262
jasvirgrewal0596@gmail.com
#103, 15300 - 68 Ave (Near Dukh Nivaran Gurdwara Sahib), Surrey B.C.

ਕੈਨੇਡੀਅਨ
# ਪੰਜਾਬ ਟਾਈਮਜ਼
ਸੱਚ ਅਤੇ ਨਿਰਪੱਖ ਸੋਚ
CANADIAN PUNJAB TIMES
Funded by the Government of Canada | Financé par le gouvernement du Canada | Canada
SINCE : 2007
: www.thepunjabtimes.ca
: canadianpunjabtimes@gmail.com
Vol - 20 | 27 February, 2026 | ੧੬ ਫੱਗਣ ਪੋਹ ਨਾਨਕਸ਼ਾਹੀ ਸੰਮਤ ਪਪ੮ | Ph.: 604-338-7310 | FAX : 604-572-3638 | /canadianpunjabtimes

ICC Accounting Services Inc.
ICC ACCOUNTING SERVICES INC.
ਹਰ ਤਰ੍ਹਾਂ ਦੀਆਂ ਟੈਕਸ ਸੇਵਾਵਾਂ ਲਈ ਅੱਜ ਹੀ ਮਿਲੋ
Gurnek Bangar
(Pasla)
604-597-0991
778-895-7444
1-800-732-0519
: icc.accounting@yahoo.ca
: www.iccaccounting.com
: 8740 - 140A St., Surrey, BC V3W 0M4

ਕੈਨੇਡਾ ਵਿੱਚ ਮੋਰਟਗੇਜ ਕਰਜ਼ੇ ਦੀ ਪੰਡ ਹੋਈ ਭਾਰੀ

## ਮੋਰਟਗੇਜ ਕਰਜ਼ਾ ਦੋ ਟ੍ਰਿਲੀਅਨ ਡਾਲਰ ਦੇ ਨੇੜੇ ਪਹੁੰਚਿਆ




**ਸਰੀ, (ਦਿਵਰੂਪ ਕੌਰ):** ਕੈਨੇਡਾ ਵਿੱਚ ਘਰਾਂ ਦੇ ਕਰਜ਼ੇ ਯਾਨੀ ਮੋਰਟਗੇਜ ਦਾ ਬੋਝ ਲਗਾਤਾਰ ਵਧਦਾ ਜਾ ਰਿਹਾ ਹੈ ਅਤੇ ਇਕੁਇਫੈਕਸ ਕੈਨੇਡਾ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਸਾਲ 2025 ਵਿੱਚ ਦੇਸ਼ ਦਾ ਕੁੱਲ ਮੋਰਟਗੇਜ ਕਰਜ਼ਾ 2 ਟ੍ਰਿਲੀਅਨ ਡਾਲਰ ਦੇ ਬੇਹੱਦ ਕਰੀਬ ਪਹੁੰਚ ਗਿਆ ਹੈ। ਰਿਪੋਰਟ ਮੁਤਾਬਕ ਸਾਲ ਦੀ ਚੌਥੀ ਤਿਮਾਹੀ ਤੱਕ ਕੁੱਲ ਮੋਰਟਗੇਜ ਕਰਜ਼ਾ 1.95 ਟ੍ਰਿਲੀਅਨ ਡਾਲਰ ਤੱਕ ਜਾ ਚੁੱਕਾ ਸੀ। ਇਹ ਅੰਕੜਾ ਪਿਛਲੇ ਸਾਲ ਦੇ ਇਸੇ ਸਮੇਂ ਦੇ ਮੁਕਾਬਲੇ 2.6% ਦਾ ਵਾਧਾ ਦਰਸਾਉਂਦਾ ਹੈ। ਇਕੁਇਫੈਕਸ ਕੈਨੇਡਾ ਦੇ ਅਧਿਕਾਰੀਆਂ ਅਨੁਸਾਰ ਵਿਆਜ ਦਰਾਂ ਵਿੱਚ ਸਥਿਰਤਾ ਆਉਣ ਨਾਲ ਘਰ ਮਾਲਕਾਂ ਅਤੇ ਉਦਯੋਗ ਉੱਤੇ ਕੁਝ ਹੱਦ ਤੱਕ ਸਕਾਰਾਤਮਕ ਪ੍ਰਭਾਵ ਪੈ ਰਿਹਾ ਹੈ ਪਰ ਗਰਮ ਹਾਊਸਿੰਗ ਮਾਰਕੀਟ ਵਾਲੇ ਇਲਾਕਿਆਂ ਵਿੱਚ ਕਿਫਾਇਤੀ ਘਰ ਹਾਲੇ ਵੀ ਇੱਕ ਵੱਡੀ ਚਿੰਤਾ ਬਣੀ ਹੋਈ ਹੈ।

ਕੈਨੇਡਾ ਇਸ ਸਮੇਂ ਮੋਰਟਗੇਜ ਰੀਨਿਊਅਲ ਯਾਨੀ ਕਰਜ਼ੇ ਦੇ ਨਵੀਨੀਕਰਨ ਦੀ ਇੱਕ ਵੱਡੀ ਲਹਿਰ ਦੇ ਵਿਚਕਾਰ ਹੈ। ਕੈਨੇਡਾ ਮੋਰਟਗੇਜ ਐਂਡ ਹਾਊਸਿੰਗ ਕਾਰਪੋਰੇਸ਼ਨ ਦਾ ਅਨੁਮਾਨ ਹੈ ਕਿ ਸਾਲ 2025 ਦੇ ਅੰਤ ਤੱਕ ਲਗਭਗ 1.5 ਮਿਲੀਅਨ ਪਰਿਵਾਰ ਆਪਣੇ ਮੋਰਟਗੇਜ ਰੀਨਿਊ ਕਰਵਾ ਚੁੱਕੇ ਹਨ। ਇਸ ਦੇ ਨਾਲ ਹੀ ਸਾਲ 2026 ਵਿੱਚ 1 ਮਿਲੀਅਨ ਹੋਰ ਪਰਿਵਾਰਾਂ ਵੱਲੋਂ ਆਪਣੇ ਕਰਜ਼ੇ ਰੀਨਿਊ ਕਰਵਾਏ ਜਾਣ ਦੀ ਉਮੀਦ ਹੈ। ਰੀਨਿਊਅਲ ਕਰਵਾਉਣ ਵਾਲੇ ਕਈ ਪਰਿਵਾਰਾਂ ਨੂੰ ਪੇਮੈਂਟ ਸ਼ੌਕ ਯਾਨੀ ਮਹੀਨਾਵਾਰ ਕਿਸ਼ਤਾਂ ਵਿੱਚ ਅਚਾਨਕ ਹੋਏ ਵਾਧੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਕਾਰਨ ਬਹੁਤ ਸਾਰੇ ਲੋਕ ਆਪਣੇ ਬੈਂਕ ਜਾਂ ਕਰਜ਼ਾ ਦੇਣ ਵਾਲੀਆਂ ਸੰਸਥਾਵਾਂ ਨੂੰ ਬਦਲਣ ਲਈ ਮਜਬੂਰ ਹੋ ਰਹੇ ਹਨ ਤਾਂ ਜੋ ਉਹਨਾਂ ਨੂੰ ਕੁਝ ਰਾਹਤ ਮਿਲ ਸਕੇ।

ਨਵੇਂ ਘਰ ਖਰੀਦਣ ਵਾਲਿਆਂ ਲਈ ਮਾਰਕੀਟ ਵਿੱਚ ਦਾਖਲ ਹੋਣਾ ਹੁਣ ਪਹਿਲਾਂ ਨਾਲੋਂ ਕਿਤੇ ਵੱਧ ਮੁਸ਼ਕਲ ਹੋ ਗਿਆ ਹੈ। ਮੋਰਟਗੇਜ ਦੇ ਉੱਚੇ ਬੈਲੇਂਸ ਹਾਲੇ ਵੀ ਇੱਕ ਵੱਡੀ ਰੁਕਾਵਟ ਬਣੇ ਹੋਏ ਹਨ ਅਤੇ ਔਸਤਨ ਨਵੇਂ ਲੋਨ ਦੀ ਰਕਮ 4.1% ਵਧ ਕੇ 363,778 ਡਾਲਰ ਹੋ ਗਈ

» ਬਾਕੀ ਸਫ਼ਾ 4 'ਤੇ

## ਔਰਤਾਂ ਦੀ ਸੁਰੱਖਿਆ ਲਈ ਸਰੀ ਸਿਟੀ ਹਾਲ ਵਿੱਚ ਵੱਡਾ ਇਕੱਠ, ਹਰ 48 ਘੰਟੇ ਵਿੱਚ ਇੱਕ ਮੌਤ ਦੇ ਅੰਕੜੇ ਆਏ ਸਾਹਮਣੇ



**ਸਰੀ, (ਦਿਵਰੂਪ ਕੌਰ):** ਸਰੀ (ਬੀ.ਸੀ.): ਸਰੀ ਸਿਟੀ ਵੱਲੋਂ ਸਿਟੀ ਹਾਲ ਵਿੱਚ ਲਿੰਗ-ਆਧਾਰਿਤ ਹਿੰਸਾ ਦੇ ਮੁੱਦੇ 'ਤੇ ਇੱਕ ਵਿਸ਼ੇਸ਼ ਫੋਰਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਫ਼ਰੰਟ-ਲਾਈਨ ਵਰਕਰਾਂ, ਵੱਖ-ਵੱਖ ਭਾਈਚਾਰਿਆਂ ਅਤੇ ਵਿਸ਼ਾ ਮਾਹਰਾਂ ਨੇ ਭਾਗ ਲਿਆ। ਇਸ ਸਮਾਗਮ ਦਾ ਮੁੱਖ ਮਕਸਦ ਜਾਗਰੂਕਤਾ ਵਧਾਉਣਾ, ਅਹਿਮ ਡਾਟਾ ਸਾਂਝਾ ਕਰਨਾ ਅਤੇ ਉਹ ਯਤਨ ਮਜ਼ਬੂਤ ਕਰਨਾ ਸੀ ਜੋ ਜਨਤਕ ਸੁਰੱਖਿਆ ਅਤੇ ਸਿਹਤ ਨਾਲ ਜੁੜੇ ਇਸ ਗੰਭੀਰ ਸੰਕਟ ਨਾਲ ਨਜਿੱਠਣ ਲਈ ਜ਼ਰੂਰੀ ਹਨ।

ਮੇਅਰ ਬਰੈਂਡਾ ਲੌਕ ਨੇ ਆਪਣੇ ਉਦਘਾਟਨੀ ਸੰਬੋਧਨ ਵਿੱਚ ਸਾਫ਼ ਕਿਹਾ ਕਿ ਲਿੰਗ-ਆਧਾਰਿਤ ਹਿੰਸਾ ਕੋਈ ਨਿੱਜੀ ਮਾਮਲਾ ਨਹੀਂ, ਸਗੋਂ ਇਹ ਇੱਕ ਅਜਿਹਾ ਸੰਕਟ ਹੈ ਜੋ ਹਰ ਰੋਜ਼ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਡੂੰਘੀ ਠੇਸ ਪਹੁੰਚਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਕੈਨੇਡਾ ਵਿੱਚ ਹਰ 48 ਘੰਟਿਆਂ ਵਿੱਚ ਇੱਕ ਔਰਤ ਜਾਂ ਲੜਕੀ ਦੀ ਹੱਤਿਆ ਕੀਤੀ ਜਾਂਦੀ ਹੈ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਲਗਭਗ ਅੱਧੀਆਂ ਮਹਿਲਾਵਾਂ ਕਿਸੇ ਨਾ ਕਿਸੇ ਰੂਪ ਵਿੱਚ ਘਰੇਲੂ ਜਾਂ ਸੰਬੰਧਿਤ ਹਿੰਸਾ ਝੱਲ ਚੁੱਕੀਆਂ ਹਨ। ਇਸ ਤੋਂ ਵੀ ਵੱਧ ਚਿੰਤਾਜਨਕ ਗੱਲ ਇਹ ਹੈ ਕਿ ਮੂਲਵਾਸੀ ਔਰਤਾਂ ਨੂੰ ਹੋਰ ਭਾਈਚਾਰਿਆਂ ਦੀਆਂ ਔਰਤਾਂ ਦੇ ਮੁਕਾਬਲੇ ਛੇ ਗੁਣਾ ਵੱਧ ਹੱਤਿਆ ਦਾ ਖ਼ਤਰਾ ਬਣਿਆ ਰਹਿੰਦਾ ਹੈ।

ਮੇਅਰ ਲੌਕ ਨੇ ਕਿਹਾ ਕਿ ਸਿਟੀ ਆਪਣੇ ਕਮਿਊਨਿਟੀ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਦੀ ਰਹੇਗੀ ਅਤੇ ਸ਼ਹਿਰ ਵਿੱਚ ਔਰਤਾਂ ਅਤੇ ਲਿੰਗ-ਵਿਭਿੰਨਤਾ ਵਾਲੇ ਲੋਕਾਂ ਦੀ ਸੁਰੱਖਿਆ ਲਈ ਯਤਨ ਕਦੇ ਨਹੀਂ ਛੱਡੇ ਜਾਣਗੇ। ਉਨ੍ਹਾਂ ਇਸ ਗੱਲਬਾਤ ਨੂੰ ਜਾਰੀ ਰੱਖਣ ਲਈ ਇੱਕ ਸਥਾਈ ਪਲੇਟਫਾਰਮ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ।

ਫੋਰਮ ਵਿੱਚ ਬੁਲਾਰਿਆਂ ਨੇ ਸਰੀ ਵਿੱਚ ਤਿਆਰ ਕੀਤੇ ਗਏ ਸਥਾਨਕ ਹੱਲਾਂ ਨੂੰ ਉਜਾਗਰ ਕੀਤਾ। ਇਨ੍ਹਾਂ ਵਿੱਚ ਜਨਤਕ ਥਾਵਾਂ ਦੇ ਸੁਰੱਖਿਆ ਆਡਿਟ ਕਰਵਾਉਣ ਦੀ ਵਕਾਲਤ ਅਤੇ ਪੁਲਿਸ ਤੇ ਸਿਹਤ ਸੇਵਾਵਾਂ ਵਿੱਚ ਮਿਆਰੀ ਜੋਖ਼ਮ-ਮੁਲਾਂਕਣ ਸਾਧਨਾਂ ਦੀ ਲੋੜ ਸ਼ਾਮਲ ਸੀ। ਸਿਟੀ ਨੇ ਫ਼ਰੰਟਲਾਈਨ ਰਿਸਪੋਂਡੇਰਸ, ਫੋਰੈਂਸਿਕ ਨਰਸਾਂ ਅਤੇ ਕਮਿਊਨਿਟੀ ਸੰਸਥਾਵਾਂ ਦੇ ਯੋਗਦਾਨ ਨੂੰ ਖੁੱਲ੍ਹੇ ਦਿਲ ਨਾਲ ਮਾਨਤਾ ਦਿੱਤੀ, ਜੋ ਪੀੜਤਾਂ ਦਾ ਸਹਾਰਾ ਬਣ ਕੇ ਇਸ

SARABHA TRUCK REPAIR SERVICES LTD.
HEAVY DUTY TRUCK PARTS
GOVERNMENT APPROVED FACILITY
AMRIT GREWAL : 604-600-5835
JAS : 604-916-5835
SUKH : 778-241-5835
19770 98 Ave, Langley, BC

CityMed Pharmacy
Your Partner in Health
Our Services :-
ਦਵਾਈਆਂ ਦੀ ਸੌਖੀ ਪੈਕਿੰਗ, ਖਾਸ ਤੌਰ 'ਤੇ ਤਿਆਰ ਕੀਤੀਆਂ ਦਵਾਈਆਂ
ਸਫ਼ਰ ਲਈ ਟੀਕੇ, ਘਰ ਵਿੱਚ ਸਿਹਤ ਦੀ ਨਿਗਰਾਨੀ
ਸਭ ਤੋਂ ਵਧੀਆ ਰੇਟ, ਦਵਾਈਆਂ ਦੀ ਮੁਫ਼ਤ ਡਿਲੀਵਰੀ
ਤੁਸੀਂ ਸਾਡੇ ਕੋਲੋਂ ਫਲੂ ਸ਼ਾਟ ਵੀ ਲਗਵਾ ਸਕਦੇ ਹੋ।
2 Locations : Surrey & White Rock
107 - 14818 60 Ave, Surrey BC, V3S 0B5
604-593-8866
4 - 1493, Foster St, White Rock B.C., V4B 0C4
604-385-1490
www.citymedhealth.ca

ਜੇਕਰ ਤੁਹਾਨੂੰ ਮੋਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੋਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।
Helping You Unlock Your Dream Home
Amarpal Singh
Mortgage Advisor
✔ First-time home buyers
✔ Mortgage renewals
✔ Refinancing solutions
✔ Construction mortgage
✔ Purchase or Refinance
Call : 604.338.7310
CENTUM MORTGAGE

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

Space Available for Advertisement
Call
604-338-7310

Keep Smiling Denture Clinic
• CARE HOME MOBILE SERVICE | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
SEMCD
Complete Denture
Implant Denture
Partial Denture
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ
ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।
ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ
IF YOU HAVE RECEIVED CANADIAN DENTAL CARE PLAN CARD. BOOK APPOINTMENT
Gagan Chahal R.D.
Registered Denturist
Book Your Appointment
778-600-0811 6834 King George Blvd Surrey BC 778-600-0810 2644 Cyril St Abbotsford BC

# ਸਰੀ ਵਿੱਚ ਸਿੱਖ ਆਗੂਆਂ ‘ਤੇ ਹਮਲੇ ਕਿਉਂ, ਵਿਧਾਇਕ ਧਾਲੀਵਾਲ ਨੇ ਸੂਬੇ ਦੀ NDP ਸਰਕਾਰ ਨੂੰ ਵਿਧਾਨ ਸਭਾ ਵਿੱਚ ਘੇਰਿਆ

**ਸਰੀ, (ਦਿਵਰੂਪ ਕੌਰ):** ਸਰੀ-ਨੌਰਥ ਤੋਂ ਵਿਧਾਇਕ ਮਨਦੀਪ ਸਿੰਘ ਧਾਲੀਵਾਲ ਨੇ ਬੀ.ਸੀ. ਵਿਧਾਨ ਸਭਾ ਵਿੱਚ ਸੂਬੇ ਦੀ NDP ਸਰਕਾਰ ਨੂੰ ਸਿੱਧਾ ਸਵਾਲ ਕਰਦੇ ਹੋਏ ਪੁੱਛਿਆ ਕਿ ਸਰੀ ਵਿੱਚ ਸਿੱਖ ਆਗੂਆਂ ਨੂੰ ਲਗਾਤਾਰ ਨਿਸ਼ਾਨਾ ਕਿਉਂ ਬਣਾਇਆ ਜਾ ਰਿਹਾ ਹੈ ਅਤੇ ਸਰਕਾਰ ਇਸ ਮਾਮਲੇ ਵਿੱਚ ਚੁੱਪ ਕਿਉਂ ਬੈਠੀ ਹੈ। ਉਨ੍ਹਾਂ ਸਿੱਖ ਆਗੂਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਵਿਰੁੱਧ ਜਾਰੀ ਧਮਕੀਆਂ ਅਤੇ ਨਿਸ਼ਾਨਾ ਬਣਾ ਕੇ ਕੀਤੀ ਜਾਂਦੀ ਹਿੰਸਾ ਨੂੰ ਲੈ ਕੇ ਡੂੰਘੀ ਚਿੰਤਾ ਜ਼ਾਹਰ ਕੀਤੀ ਅਤੇ ਸਰਕਾਰ ਤੋਂ ਸਖ਼ਤ ਸੁਰੱਖਿਆ ਉਪਾਅ, ਵੱਧ ਪਾਰਦਰਸ਼ਤਾ ਅਤੇ ਜਵਾਬਦੇਹੀ ਦੀ ਮੰਗ ਕੀਤੀ। ਵਿਧਾਨ ਸਭਾ ਵਿੱਚ ਬੋਲਦਿਆਂ ਧਾਲੀਵਾਲ ਨੇ ਸਾਲ 2023 ਵਿੱਚ ਸਰੀ ਦੀ ਇਬਾਦਤਗਾਹ ਅੰਦਰ ਭਾਈ ਹਰਦੀਪ ਸਿੰਘ ਨਿੱਝਰ ਦੀ ਗੋਲੀ ਮਾਰ ਕੇ ਕੀਤੀ ਗਈ ਹੱਤਿਆ ਦਾ ਹਵਾਲਾ ਦਿੱਤਾ।




ਉਨ੍ਹਾਂ ਕਿਹਾ ਕਿ ਇਹ ਕਾਂਡ ਨਾ ਸਿਰਫ਼ ਇੱਕ ਵਿਅਕਤੀ ਦੀ ਹੱਤਿਆ ਸੀ, ਸਗੋਂ ਇਸ ਨੇ ਪੂਰੇ ਸਿੱਖ ਭਾਈਚਾਰੇ ਦੇ ਮਨਾਂ ਵਿੱਚ ਡੂੰਘਾ ਦਰਦ ਅਤੇ ਅਸੁਰੱਖਿਆ ਦੀ ਭਾਵਨਾ ਭਰ ਦਿੱਤੀ। ਵਿਧਾਇਕ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਕਾਂਡ ਤੋਂ ਬਾਅਦ ਵੀ ਭਾਈਚਾਰੇ ਵਿੱਚ ਅਸੁਰੱਖਿਆ ਦਾ ਮਾਹੌਲ ਖ਼ਤਮ ਨਹੀਂ ਹੋਇਆ, ਸਗੋਂ ਧਮਕੀਆਂ ਦਾ ਸਿਲਸਿਲਾ ਹੋਰ ਵੱਧ ਗਿਆ ਹੈ। ਧਾਲੀਵਾਲ ਨੇ ਦੱਸਿਆ ਕਿ ਇਸ ਵੇਲੇ ਮਨਿੰਦਰ ਸਿੰਘ, ਉਨ੍ਹਾਂ ਦੀ ਪਤਨੀ ਅਤੇ ਦੋ ਛੋਟੇ ਬੱਚਿਆਂ ਨੂੰ ਜਾਨੋਂ ਮਾਰਨ ਦੀਆਂ ਭਰੋਸੇਯੋਗ ਧਮਕੀਆਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇੱਕ ਪਾਸੇ ਜਿੱਥੇ ਪਰਿਵਾਰ ਡਰ ਦੇ ਸਾਏ ਹੇਠ ਦਿਨ ਕੱਟ ਰਹੇ ਹਨ, ਉੱਥੇ ਦੂਜੇ ਪਾਸੇ ਸਰਕਾਰ ਦੀ ਚੁੱਪ ਭਾਈਚਾਰੇ ਲਈ ਹੋਰ ਵੀ ਤਕਲੀਫ਼ਦੇਹ ਹੈ। ਉਨ੍ਹਾਂ ਕਿਹਾ ਕਿ ਛੋਟੇ ਬੱਚਿਆਂ ਦਾ ਇਸ ਤਰ੍ਹਾਂ ਧਮਕੀਆਂ ਦੇ ਸਾਏ ਹੇਠ ਵੱਡੇ ਹੋਣਾ ਕਿਸੇ ਵੀ ਸੱਭਿਅਕ ਸਮਾਜ ਲਈ ਸ਼ਰਮ ਦੀ ਗੱਲ ਹੈ।

ਵਿਧਾਇਕ ਧਾਲੀਵਾਲ ਨੇ ਕਿਹਾ ਕਿ ਭਾਈਚਾਰੇ ਦੇ ਲੋਕ ਲਗਾਤਾਰ ਜਬਰੀ ਵਸੂਲੀ ਅਤੇ ਡਰਾਵੇ ਦੇਣ ਦੀਆਂ ਵਾਰਦਾਤਾਂ ਕਾਰਨ ਆਪਣੇ ਆਪ ਨੂੰ ਬੇਸਹਾਰਾ ਮਹਿਸੂਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਕੋਈ ਭਾਈਚਾਰਾ ਆਪਣੀ ਇਬਾਦਤਗਾਹ ਵਿੱਚ ਵੀ ਸੁਰੱਖਿਅਤ ਨਾ ਮਹਿਸੂਸ ਕਰੇ, ਤਾਂ ਇਹ ਸਿੱਧਾ ਸੰਕੇਤ ਹੈ ਕਿ ਸਰਕਾਰ ਆਪਣੀ ਸਭ ਤੋਂ ਬੁਨਿਆਦੀ ਜ਼ਿੰਮੇਵਾਰੀ ਨਿਭਾਉਣ ਵਿੱਚ ਅਸਫ਼ਲ ਰਹੀ ਹੈ। ਉਨ੍ਹਾਂ ਸਰਕਾਰ ਨੂੰ ਸਿੱਧਾ ਸਵਾਲ ਕੀਤਾ ਕਿ ਸਿੱਖ ਆਗੂ ਅਤੇ ਉਨ੍ਹਾਂ ਦੇ ਪਰਿਵਾਰ ਕਿੰਨਾ ਚਿਰ ਡਰ ਦੇ ਸਾਏ ਹੇਠ ਜ਼ਿੰਦਗੀ ਬਿਤਾਉਣ ਲਈ ਮਜਬੂਰ ਰਹਿਣਗੇ, ਜਦੋਂਕਿ ਸਰਕਾਰ ਸੁਰੱਖਿਆ, ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਕਰਨ ਵਿੱਚ ਵਾਰ-ਵਾਰ ਅਸਫ਼ਲ ਰਹਿ ਰਹੀ ਹੈ।

ਉਨ੍ਹਾਂ ਸਰਕਾਰ ਦੇ ਰਵੱਈਏ ਨੂੰ ਲੀਡਰਸ਼ਿਪ ਦੀ ਘੋਰ ਅਸਫ਼ਲਤਾ ਕਰਾਰ ਦਿੱਤਾ ਅਤੇ ਕਿਹਾ ਕਿ ਤੁਰੰਤ ਅਤੇ ਠੋਸ ਕਾਰਵਾਈ ਦੀ ਲੋੜ ਹੈ, ਜੋ ਕਿ ਪਹਿਲਾਂ ਹੀ ਬਹੁਤ ਦੇਰ ਨਾਲ ਹੋ ਰਹੀ ਹੈ। ਵਿਧਾਇਕ ਧਾਲੀਵਾਲ ਨੇ ਜ਼ੋਰ ਦੇ ਕੇ ਕਿਹਾ ਕਿ ਸਰੀ ਦੇ ਵਾਸੀਆਂ ਅਤੇ ਸਮੁੱਚੇ ਸਿੱਖ ਭਾਈਚਾਰੇ ਨੂੰ ਬਿਨਾਂ ਕਿਸੇ ਦੇਰੀ ਦੇ ਸੁਰੱਖਿਆ, ਅਮਨ ਅਤੇ ਜਵਾਬਦੇਹੀ ਮਿਲਣੀ ਚਾਹੀਦੀ ਹੈ, ਅਤੇ ਇਸ ਮਾਮਲੇ ਵਿੱਚ ਹੋਰ ਢਿੱਲ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

ਇਸ ਮਾਮਲੇ ਵਿੱਚ ਸੂਬੇ ਦੀ ਸਰਕਾਰ ਵੱਲੋਂ ਕੋਈ ਅਧਿਕਾਰਤ ਜਵਾਬ ਸਾਹਮਣੇ ਨਹੀਂ ਆਇਆ। ਫਿਰ ਵੀ ਵਿਧਾਇਕ ਧਾਲੀਵਾਲ ਦੇ ਸਵਾਲਾਂ ਨੇ ਸਿੱਖ ਭਾਈਚਾਰੇ ਵਿੱਚ ਸੁਰੱਖਿਆ ਅਤੇ ਇਨਸਾਫ਼ ਦੀ ਮੰਗ ਨੂੰ ਇੱਕ ਵਾਰ ਫਿਰ ਸਿਆਸੀ ਮੰਚ ‘ਤੇ ਉਭਾਰ ਦਿੱਤਾ ਹੈ। ਭਾਈਚਾਰੇ ਦੀ ਨਜ਼ਰ ਹੁਣ ਸਰਕਾਰ ਦੇ ਅਗਲੇ ਕਦਮਾਂ ‘ਤੇ ਟਿਕੀ ਹੋਈ ਹੈ ਅਤੇ ਸਵਾਲ ਇਹੀ ਹੈ ਕਿ ਕੀ ਇਸ ਵਾਰ ਸਰਕਾਰ ਸੁਣੇਗੀ। This report was written by Divroop Kaur as part of the Local Journalism Initiative.

# ਕੈਨੇਡਾ ਵੱਲੋਂ ਕਿਊਬਾ ਲਈ 8 ਮਿਲੀਅਨ ਡਾਲਰ ਦੀ ਮਦਦ ਦਾ ਐਲਾਨ



**ਸਰੀ, (ਦਿਵਰੂਪ ਕੌਰ):** ਗਲੋਬਲ ਅਫੇਅਰਜ਼ ਕੈਨੇਡਾ ਨੇ ਕਿਊਬਾ ਲਈ ਅੱਠ ਮਿਲੀਅਨ ਡਾਲਰ ਦੀ ਵਿਸ਼ੇਸ਼ ਫੰਡਿੰਗ ਦਾ ਐਲਾਨ ਕੀਤਾ ਹੈ। ਇਹ ਫੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਕਿਊਬਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਲਗਾਈ ਗਈ ਤੇਲ ਦੀ ਨਾਕਾਬੰਦੀ ਕਾਰਨ ਗੰਭੀਰ ਆਰਥਿਕ ਅਤੇ ਮਾਨਵਤਾਵਾਦੀ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਗਲੋਬਲ ਅਫੇਅਰਜ਼ ਕੈਨੇਡਾ ਵੱਲੋਂ ਜਾਰੀ ਕੀਤੇ ਗਏ ਇੱਕ ਅਧਿਕਾਰਤ ਬਿਆਨ ਅਨੁਸਾਰ ਇਹ ਫੰਡ ਸਥਾਨਕ ਖੁਰਾਕ ਸੁਰੱਖਿਆ ਅਤੇ ਪੋਸ਼ਣ ਨੂੰ ਮਜ਼ਬੂਤ ਕਰਨ ਲਈ ਇੱਕ ਅੰਤਰਰਾਸ਼ਟਰੀ ਸਹਾਇਤਾ ਪ੍ਰੋਗਰਾਮ ਦਾ ਅਹਿਮ ਹਿੱਸਾ ਹੈ। ਇਸ ਫੰਡਿੰਗ ਦਾ ਮੁੱਖ ਉਦੇਸ਼ ਕਿਊਬਾ ਦੇ ਕਮਜ਼ੋਰ ਅਤੇ ਲੋੜਵੰਦ ਨਾਗਰਿਕਾਂ ਲਈ ਭੋਜਨ ਅਤੇ ਪੋਸ਼ਣ ਦੇ ਪੱਧਰ ਨੂੰ ਉੱਚਾ ਚੁੱਕਣਾ ਹੈ ਤਾਂ ਜੋ ਉਨ੍ਹਾਂ ਨੂੰ ਭੁੱਖਮਰੀ ਵਰਗੀ ਸਥਿਤੀ ਤੋਂ ਬਚਾਇਆ ਜਾ ਸਕੇ। ਇਹ ਸਹਾਇਤਾ ਰਾਸ਼ੀ ਤੁਰੰਤ ਜਾਰੀ ਕੀਤੀ ਜਾਵੇਗੀ ਅਤੇ ਇਸ ਨੂੰ ਵਿਸ਼ਵ ਖੁਰਾਕ ਪ੍ਰੋਗਰਾਮ ਅਤੇ ਸੰਯੁਕਤ ਰਾਸ਼ਟਰ ਬਾਲ ਫੰਡ ਭਾਵ ਯੂਨੀਸੈਫ ਵਰਗੀਆਂ ਭਰੋਸੇਯੋਗ ਅੰਤਰਰਾਸ਼ਟਰੀ ਸੰਸਥਾਵਾਂ ਰਾਹੀਂ ਲੋੜਵੰਦਾਂ ਤੱਕ ਪਹੁੰਚਾਇਆ ਜਾਵੇਗਾ।

ਕਿਊਬਾ ਵਿੱਚ ਇਹ ਮੌਜੂਦਾ ਸੰਕਟ ਉਦੋਂ ਸ਼ੁਰੂ ਹੋਇਆ ਜਦੋਂ ਪਿਛਲੇ ਮਹੀਨੇ ਦੇ ਅਖੀਰ ਵਿੱਚ ਟਰੰਪ ਪ੍ਰਸ਼ਾਸਨ ਨੇ ਵੈਨੇਜ਼ੁਏਲਾ ਦੇ ਤੇਲ ਨਿਰਯਾਤ ਉੱਤੇ ਨਿਯੰਤਰਣ ਕਰ ਲਿਆ ਅਤੇ ਕਿਊਬਾ ਨੂੰ ਹੋਣ ਵਾਲੀ ਤੇਲ ਦੀ ਸਪਲਾਈ ਪੂਰੀ ਤਰ੍ਹਾਂ ਰੋਕ ਦਿੱਤੀ। ਇਸ ਦੇ ਨਾਲ ਹੀ ਅਮਰੀਕੀ ਪ੍ਰਸ਼ਾਸਨ ਨੇ ਉਨ੍ਹਾਂ ਦੇਸ਼ਾਂ ਉੱਤੇ ਵੀ ਭਾਰੀ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ ਜੋ ਕਿਊਬਾ ਨੂੰ ਤੇਲ ਵੇਚਣ ਦੀ ਕੋਸ਼ਿਸ਼ ਕਰਨਗੇ। ਕੈਨੇਡਾ ਦੀ ਵਿਦੇਸ਼ ਮੰਤਰੀ ਅਨੀਤਾ ਅਨੰਦ ਨੇ ਇਸ ਸਬੰਧੀ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਨੇ ਇਸ ਸਹਾਇਤਾ ਬਾਰੇ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਜਾਂ ਅਮਰੀਕੀ ਸਰਕਾਰ ਨਾਲ ਕੋਈ ਸਲਾਹ-ਮਸ਼ਵਰਾ ਨਹੀਂ ਕੀਤਾ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਕੈਨੇਡਾ ਦੀ ਆਪਣੀ ਸੁਤੰਤਰ ਵਿਦੇਸ਼ ਨੀਤੀ ਹੈ। ਉਨ੍ਹਾਂ ਮੁਤਾਬਕ ਜਦੋਂ ਵੀ ਮਾਨਵਤਾਵਾਦੀ ਸਥਿਤੀਆਂ ਮਦਦ ਦੀ ਮੰਗ ਕਰਦੀਆਂ ਹਨ, ਕੈਨੇਡਾ ਹਮੇਸ਼ਾ ਵੱਧ ਤੋਂ ਵੱਧ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦਾ ਹੈ।

ਮੰਗਲਵਾਰ ਨੂੰ ਹਾਊਸ ਦੀ ਵਿਦੇਸ਼ੀ ਮਾਮਲਿਆਂ ਦੀ ਕਮੇਟੀ ਅੱਗੇ ਗਵਾਹੀ ਦਿੰਦਿਆਂ ਕਿਊਬਾ ਦੇ ਰਾਜਦੂਤ ਰੋਡਰਿਗੋ ਮਾਲਮੀਅਰਕਾ ਡਿਆਜ਼ ਨੇ ਅਮਰੀਕੀ ਨੀਤੀਆਂ ਉੱਤੇ ਤਿੱਖੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਮਰੀਕੀ ਤੇਲ ਨਾਕਾਬੰਦੀ ਦਾ ਅਸਲ ਉਦੇਸ਼ ਕਿਊਬਾ ਵਿੱਚ ਮਾਨਵਤਾਵਾਦੀ ਸੰਕਟ ਪੈਦਾ ਕਰਕੇ ਉੱਥੇ ਸੱਤਾ ਪਰਿਵਰਤਨ ਲਈ ਮਜਬੂਰ ਕਰਨਾ ਹੈ। ਰਾਜਦੂਤ ਨੇ ਦੱਸਿਆ ਕਿ ਊਰਜਾ ਅਤੇ ਤੇਲ ਦੀ ਕਮੀ ਕਾਰਨ ਦੇਸ਼ ਦੇ ਹਰ ਪਹਿਲੂ ਉੱਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਇਸ ਕਾਰਨ ਭੋਜਨ ਦੀ ਵੰਡ, ਜਨਤਕ ਸਿਹਤ ਸੇਵਾਵਾਂ, ਆਵਾਜਾਈ ਅਤੇ ਸਿੱਖਿਆ ਪ੍ਰਣਾਲੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਈ ਹੈ। ਕਿਊਬਾ ਦੇ ਊਰਜਾ ਮੰਤਰਾਲੇ ਨੇ ਵੀ ਮੰਨਿਆ ਹੈ ਕਿ ਦੇਸ਼ ਫਿਲਹਾਲ ਆਪਣੀ ਘਰੇਲੂ ਉਤਪਾਦਨ ਰਾਹੀਂ ਸਿਰਫ਼ ਚਾਲੀ ਫੀਸਦੀ ਤੇਲ ਦੀ ਜ਼ਰੂਰਤ ਹੀ ਪੂਰੀ ਕਰ ਪਾ ਰਿਹਾ ਹੈ।

ਅੰਤਰਰਾਸ਼ਟਰੀ ਵਿਕਾਸ ਲਈ ਰਾਜ ਸਕੱਤਰ ਰਣਦੀਪ ਸਰਾਏ ਨੇ ਵੀ ਕਿਊਬਾ ਦੀ ਸਥਿਤੀ ਉੱਤੇ ਚਿੰਤਾ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਊਬਾ ਵਿੱਚ ਮਾਨਵਤਾਵਾਦੀ ਹਾਲਾਤ ਦਿਨ-ਬ-ਦਿਨ ਕਾਫ਼ੀ ਗੰਭੀਰ ਹੁੰਦੇ ਜਾ ਰਹੇ ਹਨ।

# ਅਮਰੀਕਾ ਵਿੱਚ ਸਰਕਾਰੀ ਕੰਮਕਾਜ ਠੱਪ ਹੋਣ ਕਾਰਨ ਕੈਨੇਡੀਅਨ ਹਵਾਈ ਅੱਡਿਆਂ ਉੱਤੇ ਨੈਕਸਸ ਅਤੇ ਗਲੋਬਲ ਐਂਟਰੀ ਸੇਵਾਵਾਂ ਬੰਦ

**ਸਰੀ, (ਦਿਵਰੂਪ ਕੌਰ):** ਕੈਨੇਡਾ ਦੇ ਕਈ ਮੁੱਖ ਹਵਾਈ ਅੱਡਿਆਂ ਨੇ ਯਾਤਰੀਆਂ ਨੂੰ ਸੁਚੇਤ ਕੀਤਾ ਹੈ ਕਿ ਅਮਰੀਕਾ ਜਾਣ ਵਾਲੀਆਂ ਉਡਾਣਾਂ ਲਈ ਨੈਕਸਸ ਅਤੇ ਗਲੋਬਲ ਐਂਟਰੀ ਵਰਗੀਆਂ ਪ੍ਰੀ-ਕਲੀਅਰੈਂਸ ਸਹੂਲਤਾਂ ਫਿਲਹਾਲ ਉਪਲਬਧ ਨਹੀਂ ਹਨ। ਐਤਵਾਰ ਨੂੰ ਵੈਨਕੂਵਰ, ਟੋਰਾਂਟੋ, ਕੈਲਗਰੀ ਅਤੇ ਮਾਂਟਰੀਅਲ ਸਮੇਤ ਕਈ ਵੱਡੇ ਹਵਾਈ ਅੱਡਿਆਂ ਨੇ ਅਧਿਕਾਰਤ ਸੂਚਨਾ ਜਾਰੀ ਕਰਦਿਆਂ ਦੱਸਿਆ ਕਿ ਅਮਰੀਕਾ ਵੱਲ ਜਾਣ ਵਾਲੇ ਮੁਸਾਫਰਾਂ ਲਈ ਇਹਨਾਂ ਪ੍ਰੋਗਰਾਮਾਂ ਤੱਕ ਪਹੁੰਚ ਬੰਦ ਕਰ ਦਿੱਤੀ ਗਈ ਹੈ। ਕੈਲਗਰੀ ਅੰਤਰਰਾਸ਼ਟਰੀ ਹਵਾਈ ਅੱਡੇ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਜੋ ਮੁਸਾਫਰ ਕੈਲਗਰੀ ਰਾਹੀਂ ਅਮਰੀਕੀ ਕਸਟਮ ਵਿੱਚੋਂ ਲੰਘ ਰਹੇ ਹਨ, ਉਹਨਾਂ ਨੂੰ ਸੁਰੱਖਿਆ ਜਾਂਚ ਲਈ ਆਪਣੇ ਕੋਲ ਵਾਧੂ ਸਮਾਂ ਰੱਖਣਾ ਚਾਹੀਦਾ ਹੈ ਕਿਉਂਕਿ ਨਿਯਮਤ ਲਾਈਨਾਂ ਵਿੱਚ ਭੀੜ ਵਧ ਸਕਦੀ ਹੈ। ਇਸੇ ਤਰ੍ਹਾਂ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਨੇ ਯਾਤਰੀਆਂ ਨੂੰ ਅਮਰੀਕੀ ਕਸਟਮ ਅਤੇ ਸਰਹੱਦੀ ਸੁਰੱਖਿਆ ਵਿਭਾਗ ਦੀ ਕਾਰਵਾਈ ਨੂੰ ਤੇਜ਼ ਕਰਨ ਲਈ ਮੋਬਾਈਲ ਪਾਸਪੋਰਟ ਕੰਟਰੋਲ ਐਪ ਦੀ ਵਰਤੋਂ ਕਰਨ ਦੀ ਸਲਾਹ ਦਿੱਤੀ ਹੈ। ਵੈਨਕੂਵਰ ਅੰਤਰਰਾਸ਼ਟਰੀ ਹਵਾਈ ਅੱਡੇ ਨੇ ਸਪੱਸ਼ਟ ਕੀਤਾ ਹੈ ਕਿ ਇਹਨਾਂ ਦੋਵਾਂ ਸਹੂਲਤਾਂ ਦੀ ਮੁਅੱਤਲੀ ਦਾ ਮੁੱਖ ਕਾਰਨ ਸਰਹੱਦ ਪਾਰ ਅਮਰੀਕੀ ਸਰਕਾਰ ਦੇ ਕੰਮਕਾਜ ਵਿੱਚ ਆਈ ਅੰਸ਼ਿਕ ਰੋਕ ਯਾਨੀ ਸਰਕਾਰੀ ਸ਼ਟਡਾਊਨ ਹੈ। ਹਵਾਈ ਅੱਡੇ ਦੀ ਵੈੱਬਸਾਈਟ ਅਨੁਸਾਰ ਅਗਲੇ ਨੋਟਿਸ ਤੱਕ ਨੈਕਸਸ ਅਤੇ ਗਲੋਬਲ ਐਂਟਰੀ ਸੇਵਾਵਾਂ ਬੰਦ ਰਹਿਣਗੀਆਂ ਜਿਸ ਨਾਲ ਮੁਸਾਫਰਾਂ ਦੀ ਕਲੀਅਰੈਂਸ ਪ੍ਰਕਿਰਿਆ ਵਿੱਚ ਲੱਗਣ ਵਾਲਾ ਸਮਾਂ ਕਾਫ਼ੀ ਵਧ ਸਕਦਾ ਹੈ। ਅਮਰੀਕਾ ਦੇ ਹੋਮਲੈਂਡ ਸੁਰੱਖਿਆ ਵਿਭਾਗ ਨੇ ਐਤਵਾਰ ਨੂੰ ਪੁਸ਼ਟੀ ਕੀਤੀ ਹੈ ਕਿ ਜਦੋਂ ਤੱਕ ਇਹ ਸ਼ਟਡਾਊਨ ਪ੍ਰਭਾਵੀ ਰਹੇਗਾ, ਉਦੋਂ ਤੱਕ ਗਲੋਬਲ ਐਂਟਰੀ ਪ੍ਰੋਗਰਾਮ ਨੂੰ ਬੰਦ ਰੱਖਿਆ ਜਾਵੇਗਾ। ਜ਼ਿਕਰਯੋਗ ਹੈ ਕਿ ਵਿਭਾਗ ਨੇ ਪਹਿਲਾਂ ਟੀਐਸਏ ਪ੍ਰੀ-ਚੈੱਕ ਪ੍ਰੋਗਰਾਮ ਨੂੰ ਵੀ ਬੰਦ ਕਰਨ ਦੀ ਯੋਜਨਾ ਬਣਾਈ ਸੀ ਪਰ ਬਾਅਦ ਵਿੱਚ ਉਸ ਫੈਸਲੇ ਨੂੰ ਵਾਪਸ ਲੈ ਲਿਆ ਗਿਆ। ਇਹ ਸਰਕਾਰੀ ਸ਼ਟਡਾਊਨ ਚੌਦਾਂ ਫਰਵਰੀ ਨੂੰ ਉਦੋਂ ਸ਼ੁਰੂ ਹੋਇਆ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵ੍ਹਾਈਟ ਹਾਊਸ ਅਤੇ ਡੈਮੋਕ੍ਰੇਟਿਕ ਪਾਰਟੀ ਵਿਚਕਾਰ ਹੋਮਲੈਂਡ ਸੁਰੱਖਿਆ ਵਿਭਾਗ ਦੇ ਫੰਡਾਂ ਨੂੰ ਲੈ ਕੇ ਕੋਈ ਸਮਝੌਤਾ ਨਹੀਂ ਹੋ ਸਕਿਆ। ਡੈਮੋਕ੍ਰੇਟਸ ਵੱਲੋਂ ਰਾਸ਼ਟਰਪਤੀ ਟਰੰਪ ਦੀ ਦੇਸ਼ ਨਿਕਾਲੇ ਦੀ ਮੁਹਿੰਮ ਨਾਲ ਜੁੜੇ ਇਮੀਗ੍ਰੇਸ਼ਨ ਕਾਨੂੰਨਾਂ ਅਤੇ ਕਾਰਵਾਈਆਂ ਵਿੱਚ ਵੱਡੇ ਬਦਲਾਅ ਦੀ ਮੰਗ ਕੀਤੀ ਜਾ ਰਹੀ ਹੈ। ਜਦੋਂ ਤੱਕ ਇਸ ਬਜਟ ਸਬੰਧੀ ਕਾਨੂੰਨ ਉੱਤੇ ਦੋਵੇਂ ਧਿਰਾਂ ਸਹਿਮਤ ਨਹੀਂ ਹੁੰਦੀਆਂ, ਉਦੋਂ ਤੱਕ ਸਰਹੱਦੀ ਸੇਵਾਵਾਂ ਪ੍ਰਭਾਵਿਤ ਹੁੰਦੀਆਂ ਰਹਿਣਗੀਆਂ। ਇਹਨਾਂ ਸੇਵਾਵਾਂ ਦੇ ਬੰਦ ਹੋਣ ਨਾਲ ਉਹਨਾਂ ਯਾਤਰੀਆਂ ਲਈ ਵੱਡੀ ਸਮੱਸਿਆ ਪੈਦਾ ਹੋ ਗਈ ਹੈ ਜੋ ਅਕਸਰ ਸਫ਼ਰ ਕਰਦੇ ਹਨ ਅਤੇ ਕੰਮ ਦੇ ਸਿਲਸਿਲੇ ਵਿੱਚ ਇੱਕ ਦੇਸ਼ ਤੋਂ ਦੂਜੇ ਦੇਸ਼ ਆਉਂਦੇ-ਜਾਂਦੇ ਹਨ।



# ਵੈਨਕੂਵਰ ਸਿਟੀ ਕੌਂਸਲ ਵਿੱਚ ਹੰਗਾਮਾ: ਕੌਂਸਲਰ ਲੈਨੀ ਚੋਊ ਵੱਲੋਂ ਸਾਥੀ ਕੌਂਸਲਰਾਂ ਉੱਤੇ ਨਸ਼ਾ ਤਸਕਰੀ ਦੇ ਗੰਭੀਰ ਇਲਜ਼ਾਮ

**ਸਰੀ, (ਦਿਵਰੂਪ ਕੌਰ):** ਵੈਨਕੂਵਰ ਸਿਟੀ ਕੌਂਸਲ ਦੇ ਵੱਖ-ਵੱਖ ਪਾਰਟੀਆਂ ਨਾਲ ਸਬੰਧਤ ਕੌਂਸਲਰਾਂ ਨੇ ਮੰਗਲਵਾਰ ਨੂੰ ਇੱਕ ਸਾਂਝੀ ਪ੍ਰੈਸ ਕਾਨਫਰੰਸ ਕਰਕੇ ਇੱਕ ਬਹੁਤ ਹੀ ਗੰਭੀਰ ਮੁੱਦਾ ਚੁੱਕਿਆ ਹੈ। ਏਬੀਸੀ ਪਾਰਟੀ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਦੇ ਕੌਂਸਲਰਾਂ ਨੇ ਇੰਟਰਨੈਟ ਉੱਤੇ ਫੈਲਾਈ ਜਾ ਰਹੀ ਗਲਤ ਜਾਣਕਾਰੀ ਅਤੇ ਕੂੜ ਪ੍ਰਚਾਰ ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ। ਗ੍ਰੀਨ ਪਾਰਟੀ ਦੇ ਕੌਂਸਲਰ ਪੀਟ ਫਰਾਈ ਨੇ ਇਸ ਸਥਿਤੀ ਨੂੰ ਬਹੁਤ ਹੀ ਮੰਦਭਾਗਾ ਦੱਸਦਿਆਂ ਕਿਹਾ ਕਿ ਇੰਟਰਨੈਟ ਰਾਹੀਂ ਬੇਹੱਦ ਘਿਣਾਉਣੀਆਂ ਝੂਠੀਆਂ ਗੱਲਾਂ ਫੈਲਾਈਆਂ ਜਾ ਰਹੀਆਂ ਹਨ। ਇਹ ਸਾਰਾ ਵਿਵਾਦ ਕੌਂਸਲਰ ਲੈਨੀ ਚੋਊ ਵੱਲੋਂ ਚੀਨੀ ਸੋਸ਼ਲ ਮੀਡੀਆ ਪਲੇਟਫਾਰਮ ਵੀਚੈਟ ਉੱਤੇ ਪਾਈ ਗਈ ਇੱਕ ਵੀਡੀਓ ਤੋਂ ਸ਼ੁਰੂ ਹੋਇਆ ਹੈ। ਇਸ ਵੀਡੀਓ ਵਿੱਚ ਚੋਊ ਮੰਦਾਰਿਨ ਭਾਸ਼ਾ ਵਿੱਚ ਸਹਾਇਕ ਰਿਹਾਇਸ਼ੀ ਪ੍ਰੋਜੈਕਟਾਂ ਬਾਰੇ ਗੱਲ ਕਰ ਰਹੇ ਹਨ ਅਤੇ ਉਨ੍ਹਾਂ ਨੇ ਇਹਨਾਂ ਨੂੰ ਨਸ਼ਿਆਂ ਦੇ ਅੱਡੇ ਕਰਾਰ ਦਿੱਤਾ ਹੈ।

ਆਜ਼ਾਦ ਕੌਂਸਲਰ ਰੇਬੇਕਾ ਬਲਾਈ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਵੀਡੀਓ ਵਿੱਚ ਇਹ ਇਲਜ਼ਾਮ ਵੀ ਲਗਾਏ ਗਏ ਹਨ ਕਿ ਏਬੀਸੀ ਪਾਰਟੀ ਤੋਂ ਬਾਹਰਲੇ ਕੁਝ ਕੌਂਸਲਰ ਖੁਦ ਨਸ਼ੇੜੀ ਹਨ ਅਤੇ ਨਸ਼ੇ ਵੰਡਣ ਦੇ ਕੰਮ ਵਿੱਚ ਸ਼ਾਮਲ ਹਨ। ਸਮੂਹ ਕੌਂਸਲਰਾਂ ਨੇ ਇਹਨਾਂ ਦਾਅਵਿਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ ਅਤੇ ਇਸ ਨੂੰ ਸਿਰਫ਼ ਗੁਮਰਾਹਕੁੰਨ ਪ੍ਰਚਾਰ ਦੱਸਿਆ ਹੈ। ਪੀਟ ਫਰਾਈ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਹ ਇੱਕ ਅਜਿਹੇ ਇਲਾਕੇ ਵਿੱਚ ਰਹਿੰਦੇ ਹਨ ਜਿੱਥੇ ਜ਼ਿਆਦਾਤਰ ਚੀਨੀ ਮੂਲ ਦੇ ਲੋਕ ਵਸਦੇ ਹਨ। ਉਨ੍ਹਾਂ ਦੇ ਗੁਆਂਢੀ ਚੀਨੀ ਭਾਸ਼ਾ ਬੋਲਦੇ ਹਨ ਅਤੇ ਇਹ ਸੁਝਾਅ ਦੇਣਾ ਕਿ



ਉਹ ਇੱਕ ਨਸ਼ਾ ਤਸਕਰ ਹੋ ਸਕਦੇ ਹਨ, ਉਨ੍ਹਾਂ ਦੀ ਸਾਖ ਲਈ ਬਹੁਤ ਵੱਡਾ ਧੱਕਾ ਹੈ। ਕੌਂਸਲਰਾਂ ਅਨੁਸਾਰ ਅਜਿਹੀਆਂ ਟਿੱਪਣੀਆਂ ਨਾ ਸਿਰਫ਼ ਉਨ੍ਹਾਂ ਦੇ ਅਕਸ ਨੂੰ ਖ਼ਰਾਬ ਕਰਦੀਆਂ ਹਨ ਸਗੋਂ ਸ਼ਹਿਰ ਦੇ ਪ੍ਰਸ਼ਾਸਨਿਕ ਫੈਸਲਿਆਂ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਵੀ ਕਮਜ਼ੋਰ ਕਰਦੀਆਂ ਹਨ।

ਕੋਪ ਪਾਰਟੀ ਦੇ ਕੌਂਸਲਰ ਸੀਨ ਓਰ ਨੇ ਇਸ ਘਟਨਾ ਦੀ ਤੁਲਨਾ ਅੱਸੀ ਦੇ ਦਹਾਕੇ ਦੇ ਉਸ ਦੌਰ ਨਾਲ ਕੀਤੀ ਜਦੋਂ ਸਿਹਤ ਨਾਲ ਜੁੜੇ ਮੁੱਦਿਆਂ ਨੂੰ ਨੈਤਿਕ ਰੂਪ ਦੇ ਕੇ ਲੋਕਾਂ ਵਿੱਚ ਡਰ ਪੈਦਾ ਕੀਤਾ ਜਾਂਦਾ ਸੀ। ਕੌਂਸਲਰਾਂ ਦਾ ਮੰਨਣਾ ਹੈ ਕਿ ਇਹ ਹਰਕਤ ਕੌਂਸਲ ਦੇ ਕੋਡ ਆਫ਼ ਕੰਡਕਟ ਯਾਨੀ ਨੈਤਿਕ ਨਿਯਮਾਂ ਦੀ ਸਿੱਧੀ ਉਲੰਘਣਾ ਹੋ ਸਕਦੀ ਹੈ। ਦੂਜੇ ਪਾਸੇ ਕੌਂਸਲਰ ਲੈਨੀ ਚੋਊ ਨੇ ਆਪਣਾ ਪੱਖ ਰੱਖਦਿਆਂ ਮੰਨਿਆ ਕਿ ਉਨ੍ਹਾਂ ਦੀਆਂ ਟਿੱਪਣੀਆਂ ਗਲਤ ਜਾਣਕਾਰੀ ਉੱਤੇ ਆਧਾਰਿਤ ਸਨ। ਉਨ੍ਹਾਂ ਨੇ ਇਸ ਲਈ ਬਿਨਾਂ ਕਿਸੇ ਸ਼ਰਤ ਦੇ ਮੁਆਫ਼ੀ ਮੰਗੀ ਹੈ ਅਤੇ ਆਪਣਾ ਬਿਆਨ ਵਾਪਸ ਲੈਂਦਿਆਂ ਵੀਡੀਓ ਨੂੰ ਵੀ ਹਟਾ ਦਿੱਤਾ ਹੈ। ਹਾਲਾਂਕਿ ਉਨ੍ਹਾਂ ਨੇ ਇਹ ਵੀ ਕਿਹਾ ਕਿ ਉਹ ਸਹਾਇਕ ਰਿਹਾਇਸ਼ ਦੇ ਸੂਬਾਈ ਮਾਡਲ ਅਤੇ ਨਸ਼ਿਆਂ ਦੇ ਉਦਾਰੀਕਰਨ ਦੇ ਸਖ਼ਤ ਖ਼ਿਲਾਫ਼ ਹਨ।

ਵੈਨਕੂਵਰ ਦੇ ਮੇਅਰ ਕੇਨ ਸਿਮ ਨੇ ਵੀ ਇਸ ਮਾਮਲੇ ਉੱਤੇ ਮੰਗਲਵਾਰ ਨੂੰ ਇੱਕ ਬਿਆਨ ਜਾਰੀ ਕੀਤਾ ਹੈ। ਮੇਅਰ ਨੇ ਲੈਨੀ ਚੋਊ ਵੱਲੋਂ ਆਪਣੀ ਗਲਤੀ ਮੰਨਣ ਅਤੇ ਜ਼ਿੰਮੇਵਾਰੀ ਲੈਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਕੌਂਸਲਰ ਚੋਊ ਹਮੇਸ਼ਾ ਚੀਨੀ ਭਾਈਚਾਰੇ ਦੇ ਹੱਕਾਂ ਲਈ ਲੜਦੇ ਆਏ ਹਨ ਅਤੇ ਲੋਕਾਂ ਤੱਕ ਜਾਣਕਾਰੀ ਪਹੁੰਚਾਉਣ ਲਈ ਸਖ਼ਤ ਮਿਹਨਤ ਕਰਦੇ ਹਨ। ਪਰ ਦੂਜੇ ਪਾਸੇ ਪੀੜਤ ਕੌਂਸਲਰ ਮੇਅਰ ਦੇ ਇਸ ਜਵਾਬ ਤੋਂ ਖੁਸ਼ ਨਹੀਂ ਹਨ। ਰੇਬੇਕਾ ਬਲਾਈ ਨੇ ਸਪੱਸ਼ਟ ਕਿਹਾ ਕਿ ਮੇਅਰ ਦਾ ਬਿਆਨ ਕਾਫ਼ੀ ਨਹੀਂ ਹੈ। ਮੇਅਰ ਨੂੰ ਇਹ ਸਾਫ਼ ਤੌਰ ਉੱਤੇ ਕਹਿਣਾ ਚਾਹੀਦਾ ਸੀ ਕਿ ਸਾਥੀ ਕੌਂਸਲਰਾਂ ਉੱਤੇ ਨਿੱਜੀ ਇਲਜ਼ਾਮ ਲਗਾਉਣਾ ਕਿਸੇ ਵੀ ਕੀਮਤ ਉੱਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਹੁਣ ਦੇਖਣਾ ਇਹ ਹੋਵੇਗਾ ਕਿ ਕੀ ਕੌਂਸਲ ਇਸ ਮਾਮਲੇ ਵਿੱਚ ਲੈਨੀ ਚੋਊ ਖ਼ਿਲਾਫ਼ ਕੋਈ ਰਸਮੀ ਕਾਰਵਾਈ ਕਰਦੀ ਹੈ ਜਾਂ ਨਹੀਂ। This report was written by Divroop Kaur as part of the Local Journalism Initiative.

# ਬੀ.ਸੀ. ’ਚ 1 ਜੂਨ ਤੋਂ ਘੱਟੋ-ਘੱਟ ਤਨਖ਼ਾਹ ਹੋਵੇਗੀ $18.25 ਪ੍ਰਤੀ ਘੰਟਾ, ਐਪ ਅਧਾਰਤ ਕਾਮਿਆਂ ਨੂੰ ਵੀ ਮਿਲੇਗਾ ਲਾਭ

**ਸਰੀ, (ਦਿਵਰੂਪ ਕੌਰ):** ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਸੂਬੇ ਦੇ ਸਭ ਤੋਂ ਘੱਟ ਭੁਗਤਾਨ ਲੈਣ ਵਾਲੇ ਕਾਮਿਆਂ ਲਈ ਇੱਕ ਬਹੁਤ ਹੀ ਅਹਿਮ ਅਤੇ ਰਾਹਤ ਭਰਿਆ ਐਲਾਨ ਕੀਤਾ ਹੈ। ਆਉਣ ਵਾਲੀ 1 ਜੂਨ 2026 ਤੋਂ ਸੂਬੇ ਵਿੱਚ ਆਮ ਮਿਨੀਮਮ ਵੇਜ ਯਾਨੀ ਪ੍ਰਤੀ ਘੰਟਾ ਘੱਟੋ ਘੱਟ ਮਜ਼ਦੂਰੀ 17.85 ਡਾਲਰ ਤੋਂ ਵਧ ਕੇ 18.25 ਡਾਲਰ ਪ੍ਰਤੀ ਘੰਟਾ ਹੋ ਜਾਵੇਗੀ। ਸਰਕਾਰ ਦਾ ਇਹ ਫੈਸਲਾ ਸਿੱਧੇ ਤੌਰ ਉੱਤੇ ਮਹਿੰਗਾਈ ਦਰ ਨਾਲ ਜੁੜਿਆ ਹੋਇਆ ਹੈ। ਸਲਾਨਾ ਮਿਨੀਮਮ ਵੇਜ ਵਿੱਚ ਹੋਣ ਵਾਲਾ ਇਹ ਵਾਧਾ ਪਿਛਲੇ ਸਾਲ ਦੀ ਸੂਬੇ ਦੀ ਔਸਤ ਮਹਿੰਗਾਈ ਦਰ ਦੇ ਆਧਾਰ ਉੱਤੇ ਤੈਅ ਕੀਤਾ ਗਿਆ ਹੈ। ਅੰਕੜਿਆਂ ਅਨੁਸਾਰ ਸਾਲ 2025 ਵਿੱਚ ਬ੍ਰਿਟਿਸ਼ ਕੋਲੰਬੀਆ ਦੀ ਔਸਤ ਮਹੀਨਾਵਾਰ ਮਹਿੰਗਾਈ ਦਰ 2.1% ਤੋਂ ਥੋੜ੍ਹੀ ਜ਼ਿਆਦਾ ਦਰਜ ਕੀਤੀ ਗਈ ਸੀ ਜਿਸ ਨੂੰ ਧਿਆਨ ਵਿੱਚ ਰੱਖਦਿਆਂ ਕਾਮਿਆਂ ਦੀ ਆਮਦਨ ਵਿੱਚ ਇਹ ਆਟੋਮੈਟਿਕ ਵਾਧਾ ਕਰਨਾ ਲਾਜ਼ਮੀ ਹੋ ਗਿਆ ਸੀ। ਬ੍ਰਿਟਿਸ਼ ਕੋਲੰਬੀਆ ਦੀ ਕਿਰਤ ਮੰਤਰੀ ਜੈਨਿਫਰ ਵ੍ਹਾਈਟਸਾਈਡ ਨੇ ਇਸ ਵਾਧੇ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਕਿਹਾ ਕਿ ਸੂਬੇ ਵਿੱਚ ਕੰਮ ਕਰਨ ਵਾਲੇ ਆਮ ਲੋਕ ਮਹਿੰਗਾਈ ਦਾ ਭਾਰੀ ਦਬਾਅ ਮਹਿਸੂਸ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਸਰਕਾਰ ਨੇ ਸਲਾਨਾ ਮਿਨੀਮਮ ਵੇਜ ਵਿੱਚ ਇਹ ਵਾਧਾ ਇਸ ਲਈ ਲਾਗੂ ਕੀਤਾ ਹੈ ਤਾਂ ਜੋ ਮਜ਼ਦੂਰਾਂ ਦੀਆਂ ਤਨਖ਼ਾਹਾਂ ਨੂੰ ਖਾਣ ਪੀਣ ਅਤੇ ਆਵਾਜਾਈ ਵਰਗੀਆਂ ਰੋਜ਼ਾਨਾ ਦੀਆਂ ਜ਼ਰੂਰੀ ਚੀਜ਼ਾਂ ਦੀ ਵਧਦੀ ਕੀਮਤ ਦੇ ਨਾਲ ਤਾਲਮੇਲ ਬਣਾਈ ਰੱਖਣ ਵਿੱਚ ਮਦਦ ਮਿਲ ਸਕੇ। ਮੰਤਰੀ ਅਨੁਸਾਰ ਇਹ ਕਦਮ ਹਰ ਕਿਸੇ ਲਈ ਬਹੁਤ ਮਹੱਤਵਪੂਰਨ ਹੈ ਪਰ ਖ਼ਾਸਕਰ




ਉਨ੍ਹਾਂ ਕਾਮਿਆਂ ਲਈ ਇਹ ਇੱਕ ਵੱਡੀ ਰਾਹਤ ਹੈ ਜੋ ਸਿਰਫ਼ ਮਿਨੀਮਮ ਵੇਜ ਉੱਤੇ ਗੁਜ਼ਾਰਾ ਕਰਦੇ ਹਨ ਅਤੇ ਉਹ ਬੁਨਿਆਦੀ ਕੰਮ ਕਰਦੇ ਹਨ ਜਿਨ੍ਹਾਂ ਉੱਤੇ ਸਮਾਜ ਦੀ ਰੋਜ਼ਾਨਾ ਜ਼ਿੰਦਗੀ ਨਿਰਭਰ ਕਰਦੀ ਹੈ।

ਇਹ ਨਵਾਂ ਵਾਧਾ ਸਿਰਫ਼ ਆਮ ਮਿਨੀਮਮ ਵੇਜ ਉੱਤੇ ਹੀ ਲਾਗੂ ਨਹੀਂ ਹੋਵੇਗਾ ਸਗੋਂ ਕਈ ਹੋਰ ਵਿਸ਼ੇਸ਼ ਸ਼੍ਰੇਣੀਆਂ ਦੇ ਕਾਮੇ ਵੀ ਇਸ ਦਾ ਲਾਭ ਪ੍ਰਾਪਤ ਕਰਨਗੇ। 1 ਜੂਨ ਤੋਂ ਲਾਗੂ ਹੋਣ ਵਾਲਾ ਇਹ ਨਿਯਮ ਵਿਸ਼ੇਸ਼ ਮਿਨੀਮਮ ਵੇਜ ਦਰਾਂ ਉੱਤੇ ਵੀ ਅਸਰਦਾਰ ਹੋਵੇਗਾ। ਇਹਨਾਂ ਵਿਸ਼ੇਸ਼ ਕਾਮਿਆਂ ਵਿੱਚ ਰਿਹਾਇਸ਼ੀ ਇਮਾਰਤਾਂ ਦੀ ਸਾਂਭ ਸੰਭਾਲ ਕਰਨ ਵਾਲੇ ਕੇਅਰਟੇਕਰ, ਬਜ਼ੁਰਗਾਂ ਅਤੇ ਅਪੰਗਤਾ ਵਾਲੇ ਵਿਅਕਤੀਆਂ ਨੂੰ ਨਿੱਜੀ ਸੰਭਾਲ ਦੇਣ ਵਾਲੇ ਲਿਵ ਇਨ ਹੋਮ ਸੁਪੋਰਟ ਕਰਮਚਾਰੀ ਅਤੇ ਕਿਸੇ ਕੈਂਪ ਵਿੱਚ ਚੈਰਿਟੀ ਦੁਆਰਾ ਨਿਯੁਕਤ ਕੀਤੇ ਗਏ ਲਿਵ ਇਨ ਕੈਂਪ ਲੀਡਰ ਸ਼ਾਮਲ ਹਨ। ਇਸ ਤੋਂ ਇਲਾਵਾ ਇਹ ਵਾਧਾ ਐਪ ਅਧਾਰਤ ਰਾਈਡ ਹੇਲਿੰਗ ਅਤੇ ਡਿਲਿਵਰੀ ਸੇਵਾ ਕਾਮਿਆਂ ਲਈ ਵੀ ਲਾਗੂ ਹੋਵੇਗਾ ਜਿਨ੍ਹਾਂ ਲਈ ਸਤੰਬਰ 2024 ਵਿੱਚ ਵਿਸ਼ੇਸ਼ ਮਿਨੀਮਮ ਵੇਜ ਨਿਰਧਾਰਤ ਕੀਤੀ ਗਈ ਸੀ। 1 ਜੂਨ 2026 ਤੋਂ ਇਹਨਾਂ ਐਪ ਅਧਾਰਤ ਡਰਾਈਵਰਾਂ ਅਤੇ ਡਿਲਿਵਰੀ ਕਰਮਚਾਰੀਆਂ ਲਈ ਉਹਨਾਂ ਦੇ ਇੰਗੇਜਡ ਟਾਈਮ ਲਈ ਮਿਨੀਮਮ ਵੇਜ 21.89 ਡਾਲਰ ਪ੍ਰਤੀ ਘੰਟਾ ਹੋ ਜਾਵੇਗੀ। ਇੱਥੇ ਇੰਗੇਜਡ ਟਾਈਮ ਦਾ ਮਤਲਬ ਉਸ ਸਮੇਂ ਤੋਂ ਹੈ ਜਦੋਂ ਕੋਈ ਵਰਕਰ ਕੰਮ ਕਬੂਲ ਕਰਦਾ ਹੈ ਅਤੇ ਉਸ ਕੰਮ ਨੂੰ ਪੂਰਾ ਕਰਨ ਤੱਕ ਦੀ ਮਿਆਦ ਹੁੰਦੀ ਹੈ, ਯਾਨੀ ਉਡੀਕ ਕਰਨ ਵਾਲੇ ਸਮੇਂ ਦੇ ਪੈਸੇ ਨਹੀਂ ਮਿਲਦੇ। ਹੱਥ ਨਾਲ ਵਾਢੀ ਕਰਨ ਵਾਲੇ ਖੇਤੀਬਾੜੀ ਕਰਮਚਾਰੀਆਂ ਲਈ ਪ੍ਰਤੀ ਪੀਸ ਘੱਟੋ ਘੱਟ ਭੁਗਤਾਨ ਵਾਲਾ ਰੇਟ ਵੀ 31 ਦਸੰਬਰ 2026 ਨੂੰ ਇਸੇ ਪ੍ਰਤੀਸ਼ਤ ਦੇ ਹਿਸਾਬ ਨਾਲ ਵਧਾ ਦਿੱਤਾ ਜਾਵੇਗਾ। ਬ੍ਰਿਟਿਸ਼ ਕੋਲੰਬੀਆ ਦਾ ਮਿਨੀਮਮ ਵੇਜ ਦੇ ਮਾਮਲੇ ਵਿੱਚ ਇਤਿਹਾਸ ਕਾਫ਼ੀ ਉਤਰਾਅ ਚੜ੍ਹਾਅ ਵਾਲਾ ਰਿਹਾ ਹੈ। ਸਾਲ 2002 ਤੋਂ ਲੈ ਕੇ 2010 ਤੱਕ ਲਗਾਤਾਰ ਨੌਂ ਸਾਲਾਂ ਲਈ ਅਤੇ ਫਿਰ ਸਾਲ 2013 ਅਤੇ 2014 ਵਿੱਚ ਸੂਬੇ ਅੰਦਰ ਮਿਨੀਮਮ ਵੇਜ ਵਿੱਚ ਕੋਈ ਵੀ ਵਾਧਾ ਨਹੀਂ ਕੀਤਾ ਗਿਆ ਸੀ। ਸਾਲ 2011 ਵਿੱਚ ਬੀਸੀ ਦੀ ਮਿਨੀਮਮ ਵੇਜ ਸਿਰਫ਼ 8 ਡਾਲਰ ਪ੍ਰਤੀ ਘੰਟਾ ਸੀ ਜੋ ਉਸ ਸਮੇਂ ਪੂਰੇ ਕੈਨੇਡਾ ਵਿੱਚ ਸਭ ਤੋਂ ਘੱਟ ਸੀ। ਉਸ ਦੌਰ ਵਿੱਚ ਤਨਖ਼ਾਹਾਂ ਵਧਾਉਣ ਲਈ ਕੋਈ ਭਰੋਸੇਯੋਗ ਜਾਂ ਪੱਕੀ ਸਮਾਂ ਸਾਰਣੀ ਮੌਜੂਦ ਨਹੀਂ ਸੀ ਜਿਸ ਕਾਰਨ ਕਾਮਿਆਂ ਨੂੰ ਕਈ ਵਾਰ ਸਾਲਾਂ ਤੱਕ ਕੋਈ ਆਰਥਿਕ ਵਾਧਾ ਨਹੀਂ ਮਿਲਦਾ ਸੀ। ਪਰ ਸਾਲ 2017 ਤੋਂ ਸਰਕਾਰ ਨੇ ਇਸ ਨੀਤੀ ਵਿੱਚ ਵੱਡਾ ਬਦਲਾਅ ਕੀਤਾ ਅਤੇ ਮਿਨੀਮਮ ਵੇਜ ਵਿੱਚ ਨਿਯਮਿਤ ਅਤੇ ਹੌਲੀ ਹੌਲੀ ਵਾਧੇ ਕਰਨੇ ਸ਼ੁਰੂ ਕੀਤੇ। ਇਸ ਦਾ ਮੁੱਖ ਮਕਸਦ ਕਾਮਿਆਂ ਨੂੰ ਆਰਥਿਕ ਸੁਰੱਖਿਆ ਦਾ ਭਰੋਸਾ ਦੇਣਾ ਅਤੇ ਕਾਰੋਬਾਰਾਂ ਲਈ ਭਵਿੱਖ ਦੀ ਵਿੱਤੀ ਯੋਜਨਾ ਬਣਾਉਣਾ ਆਸਾਨ ਕਰਨਾ ਸੀ। This report was written by Divroop Kaur as part of the Local Journalism Initiative.






# ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਭਾਰਤ ਦੌਰੇ ਵਿਚਕਾਰ ਕੈਨੇਡੀਅਨ ਸਿੱਖ ਆਗੂ ਨੂੰ ਜਾਨੋਂ ਮਾਰਨ ਦੀ ਧਮਕੀ

ਸਰੀ : ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਵਪਾਰਕ ਗੱਲਬਾਤ ਲਈ ਇਸ ਹਫ਼ਤੇ ਭਾਰਤ ਦੇ ਅਹਿਮ ਦੌਰੇ ਉੱਤੇ ਜਾ ਰਹੇ ਹਨ ਤਾਂ ਦੂਜੇ ਪਾਸੇ ਅੱਜ ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਵਿਖੇ ਭਾਈ ਮਨਿੰਦਰ ਸਿੰਘ ਵੱਲੋਂ ਪ੍ਰੈਸ ਕਾਨਫਰੰਸ ਕੀਤੀ ਗਈ ਜਿਸ ਵਿੱਚ ਉਹਨਾਂ ਨੇ ਦੱਸਿਆ ਕਿ ਮੈਨੂੰ ਵੈਨਕੋਵਰ ਪੁਲਿਸ ਵੱਲੋਂ ਕਿਹਾ ਗਿਆ ਹੈ ਕਿ ਤੁਹਾਡੇ ਪਰਿਵਾਰ ਅਤੇ ਤੁਹਾਨੂੰ ਖਤਰਾ ਹੈ। ਸਿੱਖ ਫੈਡਰੇਸ਼ਨ ਆਫ਼ ਕੈਨੇਡਾ ਦੇ ਮੁਖੀ ਮੋਨਿੰਦਰ ਸਿੰਘ ਨੇ ਦੱਸਿਆ ਕਿ ਵੈਨਕੂਵਰ ਪੁਲਿਸ ਵਿਭਾਗ ਦੇ ਇੱਕ ਮੈਂਬਰ ਨੇ ਐਤਵਾਰ ਨੂੰ ਉਹਨਾਂ ਦੇ ਘਰ ਆ ਕੇ ਇਹ ਚਿਤਾਵਨੀ ਦਿੱਤੀ ਸੀ। ਪੁਲਿਸ ਅਧਿਕਾਰੀ ਨੇ ਸਿੰਘ ਨੂੰ ਦੱਸਿਆ ਕਿ ਇਹ ਜਾਣਕਾਰੀ ਇੱਕ ਬਹੁਤ ਹੀ ਗੁਪਤ ਸੂਤਰ ਤੋਂ ਮਿਲੀ ਹੈ ਅਤੇ ਇਸ ਖ਼ਤਰੇ ਦੇ ਘੇਰੇ ਵਿੱਚ ਉਹਨਾਂ ਦੀ ਪਤਨੀ ਅਤੇ ਬੱਚੇ ਵੀ ਸ਼ਾਮਲ ਹਨ। ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿੱਚ ਰਹਿਣ ਵਾਲੇ ਇਸ ਸਿੱਖ ਕਾਰਕੁਨ ਨੇ ਪੁਲਿਸ ਦੇ ਦੌਰੇ ਦੀ ਇੱਕ ਆਡੀਓ ਰਿਕਾਰਡਿੰਗ ਅਤੇ ਅਧਿਕਾਰੀ ਦੇ ਕਾਰੋਬਾਰੀ ਕਾਰਡ ਦੀ ਇੱਕ ਤਸਵੀਰ ਵੀ ਸਾਂਝੀ ਕੀਤੀ ਹੈ। ਪੁਲਿਸ ਦੇ ਬੁਲਾਰੇ ਨੇ ਕਿਹਾ ਕਿ ਜਦੋਂ ਵੀ ਵਿਭਾਗ ਨੂੰ ਕਿਸੇ ਦੀ ਜਾਨ ਨੂੰ ਖ਼ਤਰੇ ਬਾਰੇ ਕੋਈ ਠੋਸ ਜਾਣਕਾਰੀ ਮਿਲਦੀ ਹੈ ਤਾਂ ਉਹ ਆਪਣਾ ਫਰਜ਼ ਨਿਭਾਉਂਦਿਆਂ ਸਬੰਧਤ ਵਿਅਕਤੀ ਨੂੰ ਸੁਚੇਤ ਕਰਨ ਲਈ ਪਹੁੰਚ ਕਰਦੇ ਹਨ। ਪੁਲਿਸ ਨੇ ਇਸ ਮਾਮਲੇ ਵਿੱਚ ਹੋਰ ਕੋਈ ਵੀ ਵਿਸਥਾਰਤ ਜਾਣਕਾਰੀ ਸਾਂਝੀ ਕਰਨ ਤੋਂ ਇਨਕਾਰ ਕਰ ਦਿੱਤਾ ਕਿਉਂਕਿ ਇਸ ਨਾਲ ਜੁੜੀ ਇੱਕ ਅਪਰਾਧਿਕ ਜਾਂਚ ਲਗਾਤਾਰ ਜਾਰੀ ਹੈ। ਪਰ ਮੋਨਿੰਦਰ ਸਿੰਘ ਦਾ ਪੂਰਾ ਵਿਸ਼ਵਾਸ ਹੈ ਕਿ ਇਹ ਭਾਰਤ ਸਰਕਾਰ ਵੱਲੋਂ ਆਪਣੇ ਕੈਨੇਡੀਅਨ ਵਿਰੋਧੀਆਂ ਦੀ ਆਵਾਜ਼ ਨੂੰ ਦਬਾਉਣ ਦੀ ਇੱਕ ਤਾਜ਼ਾ ਕੋਸ਼ਿਸ਼ ਹੈ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਸਾਲ 2022 ਵਿੱਚ ਉਹ ਅਤੇ ਉਹਨਾਂ




ਦੇ ਸਾਥੀ ਭਾਈ ਹਰਦੀਪ ਸਿੰਘ ਨਿੱਝਰ ਪਹਿਲੇ ਅਜਿਹੇ ਵਿਅਕਤੀ ਸਨ ਜਿਨ੍ਹਾਂ ਨੂੰ ਪੁਲਿਸ ਵੱਲੋਂ ਅਜਿਹਾ ਚਿਤਾਵਨੀ ਨੋਟਿਸ ਦਿੱਤਾ ਗਿਆ ਸੀ। ਇਸ ਤੋਂ ਅਗਲੇ ਹੀ ਸਾਲ ਨਿੱਝਰ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਜਿਸ ਦਾ ਇਲਜ਼ਾਮ ਕੈਨੇਡਾ ਸਰਕਾਰ ਨੇ ਸਿੱਧੇ ਤੌਰ ਉੱਤੇ ਭਾਰਤੀ ਏਜੰਸੀਆਂ ਉੱਤੇ ਲਗਾਇਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਪੁਲਿਸ ਸਿੰਘ ਨੂੰ ਨਵੇਂ ਖ਼ਤਰਿਆਂ ਬਾਰੇ ਸਮੇਂ ਸਮੇਂ ਉੱਤੇ ਚੇਤਾਵਨੀ ਦਿੰਦੀ ਆ ਰਹੀ ਹੈ ਪਰ ਪਿਛਲੇ ਹਫ਼ਤੇ ਮਿਲੀ ਚੇਤਾਵਨੀ ਪਹਿਲੀ ਅਜਿਹੀ ਘਟਨਾ ਸੀ ਜਿਸ ਵਿੱਚ ਉਹਨਾਂ ਦੇ ਪਰਿਵਾਰ ਨੂੰ ਵੀ ਨਿਸ਼ਾਨਾ ਬਣਾਉਣ ਦੀ ਗੱਲ ਕਹੀ ਗਈ ਹੈ। ਮੋਨਿੰਦਰ ਸਿੰਘ ਦਾ ਕਹਿਣਾ ਹੈ ਕਿ ਉਹ ਕੋਈ ਕਾਰੋਬਾਰੀ ਨਹੀਂ ਹਨ ਜਿਨ੍ਹਾਂ ਤੋਂ ਭਾਰਤ ਦੇ ਫਿਰੌਤੀ ਗੈਂਗ ਪੈਸੇ ਮੰਗਣ ਸਗੋਂ ਉਹਨਾਂ ਨੂੰ ਸਿਰਫ਼ ਉਹਨਾਂ ਦੀ ਸਿਆਸੀ ਸਰਗਰਮੀ ਕਾਰਨ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਮੋਨਿੰਦਰ ਸਿੰਘ ਭਾਰਤ ਵਿੱਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦੇ ਬਹੁਤ ਵੱਡੇ ਆਲੋਚਕ ਹਨ। ਕੈਨੇਡਾ ਦੀ ਰਾਸ਼ਟਰੀ ਪੁਲਿਸ ਫੋਰਸ ਆਰਸੀਐਮਪੀ ਪਹਿਲਾਂ ਹੀ ਅਜਿਹੀਆਂ ਧਮਕੀਆਂ ਨੂੰ ਭਾਰਤ ਸਰਕਾਰ ਨਾਲ ਜੋੜ ਚੁੱਕੀ ਹੈ ਅਤੇ ਮੋਨਿੰਦਰ ਸਿੰਘ ਦਾ ਮੰਨਣਾ ਹੈ ਕਿ ਪੁਲਿਸ ਵੱਲੋਂ ਮਿਲੀ ਇਹ ਤਾਜ਼ਾ ਚਿਤਾਵਨੀ ਵੀ ਇਸੇ ਕੜੀ ਦਾ ਹਿੱਸਾ ਹੈ। ਉਹਨਾਂ ਦਾ ਕਹਿਣਾ ਹੈ ਕਿ ਭਾਰਤ ਆਪਣੇ ਸਿਆਸੀ ਵਿਰੋਧੀਆਂ ਨੂੰ ਖਤਮ ਕਰਨ ਲਈ ਕੈਨੇਡਾ ਵਿੱਚ ਬੈਠੇ ਅਪਰਾਧਿਕ ਸਿੰਡੀਕੇਟਾਂ ਅਤੇ ਗੈਂਗਾਂ ਦੀ ਵਰਤੋਂ ਕਰਦਾ ਹੈ। ਉਨ੍ਹਾਂ ਅਨੁਸਾਰ ਉਹਨਾਂ ਨੂੰ ਸਿੱਖ ਹੋਮਲੈਂਡ ਦੀ ਹਮਾਇਤ ਕਰਨ ਅਤੇ ਭਾਰਤ ਦੇ ਮਨੁੱਖੀ ਅਧਿਕਾਰਾਂ ਦੇ ਮਾੜੇ ਰਿਕਾਰਡ ਨੂੰ ਦੁਨੀਆ ਸਾਹਮਣੇ ਨੰਗਾ ਕਰਨ ਦੀ ਕੀਮਤ ਚੁਕਾਉਣੀ ਪੈ ਰਹੀ ਹੈ।

ਇਸ ਸਾਰੀ ਘਟਨਾ ਨੇ ਸਿੱਖ ਭਾਈਚਾਰੇ ਦੀਆਂ ਉਹਨਾਂ ਚਿੰਤਾਵਾਂ ਨੂੰ ਹੋਰ ਡੂੰਘਾ ਕਰ ਦਿੱਤਾ ਹੈ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਕੈਨੇਡਾ ਦੇ ਵੱਡੇ ਸਿੱਖ ਭਾਈਚਾਰੇ ਦੀ ਸੁਰੱਖਿਆ ਨੂੰ ਅੱਖੋਂ ਪਰੋਖੇ ਕਰਕੇ ਭਾਰਤ ਨਾਲ ਮੁੜ ਸਬੰਧ ਬਣਾ ਰਹੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਚਾਨਕ ਲਗਾਏ ਗਏ ਟੈਰਿਫਾਂ ਕਾਰਨ ਕੈਨੇਡਾ ਉੱਤੇ ਆਪਣੇ ਵਪਾਰਕ ਭਾਈਵਾਲਾਂ ਵਿੱਚ ਵਿਭਿੰਨਤਾ ਲਿਆਉਣ ਦਾ ਬਹੁਤ ਭਾਰੀ ਦਬਾਅ ਹੈ ਜਿਸ ਕਾਰਨ ਕਾਰਨੀ ਨੇ ਭਾਰਤ ਵੱਲ ਰੁਖ ਕੀਤਾ ਹੈ। ਪਰ ਕੈਨੇਡਾ ਦੇ ਰਾਸ਼ਟਰੀ ਸੁਰੱਖਿਆ ਅਧਿਕਾਰੀਆਂ ਨੇ ਆਪਣੀਆਂ ਰਿਪੋਰਟਾਂ ਵਿੱਚ ਵਾਰ ਵਾਰ ਇਹ ਖੁਲਾਸਾ ਕੀਤਾ ਹੈ ਕਿ ਭਾਰਤ ਦੀ ਸਰਕਾਰ ਕੈਨੇਡਾ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਗਲਤ ਜਾਣਕਾਰੀ ਫੈਲਾਉਣ ਅਤੇ ਸਰਹੱਦ ਪਾਰੋਂ ਅਤਿਆਚਾਰ ਕਰਨ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੈ। ਆਰਸੀਐਮਪੀ ਦਾ ਮੰਨਣਾ ਹੈ ਕਿ ਭਾਰਤ ਸਰਕਾਰ ਨੇ ਰਾਜਨੀਤਿਕ ਵਿਰੋਧੀਆਂ ਉੱਤੇ ਹਮਲੇ ਕਰਨ ਲਈ ਬਦਨਾਮ ਬਿਸ਼ਨੋਈ ਗੈਂਗ ਨਾਲ ਮਿਲੀਭੁਗਤ ਕੀਤੀ ਹੈ।

ਖੁਫੀਆ ਰਿਪੋਰਟਾਂ ਮੁਤਾਬਕ ਗੈਂਗ ਲੀਡਰ ਲਾਰੈਂਸ ਬਿਸ਼ਨੋਈ ਅਤੇ ਉਸਦੇ ਕੈਨੇਡੀਅਨ ਸਾਥੀ ਗੋਲਡੀ ਬਰਾੜ ਨੇ ਭਾਰਤ ਦੇ ਇਸ਼ਾਰੇ ਉੱਤੇ ਕਤਲ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਸੀ। ਨਿੱਝਰ ਦੇ ਕਤਲ ਤੋਂ ਬਾਅਦ ਅਮਰੀਕੀ ਏਜੰਸੀ ਐਫਬੀਆਈ ਨੇ ਵੀ ਨਿਊਯਾਰਕ ਵਿੱਚ ਕੈਨੇਡੀਅਨ ਵਕੀਲ ਅਤੇ ਕਾਰਕੁਨ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਇੱਕ ਭਾਰਤੀ ਖੁਫੀਆ ਅਧਿਕਾਰੀ ਦੀ ਸਾਜ਼ਿਸ਼ ਦਾ ਪਰਦਾਫਾਸ਼ ਕੀਤਾ ਸੀ। ਆਰਸੀਐਮਪੀ ਦੇ ਕਮਿਸ਼ਨਰ ਮਾਈਕ ਡੂਹੇਮ ਨੇ ਵੀ ਭਾਰਤ ਉੱਤੇ ਹਿੰਸਕ ਅਪਰਾਧਾਂ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਸੀ ਜਿਸ ਕਾਰਨ ਕੈਨੇਡਾ ਨੇ ਅਕਤੂਬਰ ਵਿੱਚ 6 ਭਾਰਤੀ ਡਿਪਲੋਮੈਟਾਂ ਨੂੰ ਦੇਸ਼ ਵਿੱਚੋਂ ਕੱਢ ਦਿੱਤਾ ਸੀ। ਰਾਸ਼ਟਰੀ ਸੁਰੱਖਿਆ ਸਲਾਹਕਾਰ ਨਥਾਲੀ ਡਰੋਇਨ ਨੇ ਗਵਾਹੀ ਦਿੱਤੀ ਸੀ ਕਿ ਭਾਰਤੀ ਡਿਪਲੋਮੈਟ ਕੈਨੇਡਾ ਦੇ ਦੱਖਣੀ ਏਸ਼ੀਆਈ ਭਾਈਚਾਰੇ ਦੇ ਮੈਂਬਰਾਂ ਬਾਰੇ ਜਾਣਕਾਰੀ ਇਕੱਠੀ ਕਰਦੇ ਹਨ ਅਤੇ ਇਹ ਜਾਣਕਾਰੀ ਲਾਰੈਂਸ ਬਿਸ਼ਨੋਈ ਦੇ ਸੰਗਠਿਤ ਅਪਰਾਧ ਨੈੱਟਵਰਕ ਰਾਹੀਂ ਹਿੰਸਕ ਕਾਰਵਾਈਆਂ ਕਰਵਾਉਣ ਲਈ ਵਰਤੀ ਜਾਂਦੀ ਹੈ।

ਸਫ਼ਾ 1 ਦਾ ਬਾਕੀ

## ਮੋਰਟਗੇਜ ਕਰਜ਼ਾ ਦੋ ਟ੍ਰਿਲੀਅਨ...

ਹੈ। ਪਹਿਲੀ ਵਾਰ ਘਰ ਖਰੀਦਣ ਵਾਲਿਆਂ ਉੱਤੇ ਇਹ ਬੋਝ ਸਭ ਤੋਂ ਵੱਧ ਦੇਖਣ ਨੂੰ ਮਿਲ ਰਿਹਾ ਹੈ ਕਿਉਂਕਿ ਉਨ੍ਹਾਂ ਦੇ ਔਸਤ ਲੋਨ ਦਾ ਆਕਾਰ 5% ਵਧ ਕੇ 441,301 ਡਾਲਰ ਤੱਕ ਪਹੁੰਚ ਗਿਆ ਹੈ। ਓਨਟਾਰੀਓ ਵਰਗੇ ਸੂਬਿਆਂ ਵਿੱਚ ਉੱਚ ਮੁੱਲ ਵਾਲੇ ਮੋਰਟਗੇਜ ਉੱਤੇ ਕਿਸ਼ਤਾਂ ਖੁੰਝਣ ਦੇ ਮਾਮਲੇ ਵੀ ਵਧ ਰਹੇ ਹਨ ਕਿਉਂਕਿ ਰੀਨਿਊਅਲ ਤੋਂ ਬਾਅਦ ਵਧੀਆਂ ਹੋਈਆਂ ਕਿਸ਼ਤਾਂ ਕਈ ਖਪਤਕਾਰਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਯੂਨੀਵਰਸਿਟੀ ਆਫ਼ ਓਟਵਾ ਦੀ ਇੱਕ ਰਿਪੋਰਟ ਅਨੁਸਾਰ ਨਵੇਂ ਘਰ ਖਰੀਦਣ ਵਾਲਿਆਂ ਲਈ ਸ਼ੁਰੂਆਤੀ ਘਰਾਂ ਯਾਨੀ ਸਟਾਰਟਰ ਹੋਮਜ਼ ਦੀਆਂ ਕੀਮਤਾਂ ਵਿੱਚ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਸਾਲ 2004 ਤੋਂ ਬਾਅਦ ਕੈਨੇਡਾ ਵਿੱਚ ਲੋਕਾਂ ਦੀ ਆਮਦਨ ਵਿੱਚ 76% ਦਾ ਵਾਧਾ ਹੋਇਆ ਹੈ ਪਰ ਇਸ ਦੇ ਮੁਕਾਬਲੇ ਮਾਰਕੀਟ ਦੇ ਹੇਠਲੇ ਪੱਧਰ ਦੇ ਨਵੇਂ ਘਰਾਂ ਦੀਆਂ ਕੀਮਤਾਂ ਵਿੱਚ 265% ਦਾ ਭਾਰੀ ਉਛਾਲ ਦੇਖਿਆ ਗਿਆ ਹੈ। ਅਰਥਸ਼ਾਸਤਰੀ ਮਾਈਕ ਮੌਫਟ ਅਨੁਸਾਰ ਪਰਿਵਾਰ ਦੇ ਰਹਿਣ ਯੋਗ ਨਵੇਂ ਘਰ ਹੁਣ 20 ਸਾਲ ਪਹਿਲਾਂ ਦੇ ਮੁਕਾਬਲੇ ਆਮਦਨ ਦੇ ਹਿਸਾਬ ਨਾਲ 2 ਗੁਣਾ ਤੋਂ ਵੀ ਵੱਧ ਮਹਿੰਗੇ ਹੋ ਚੁੱਕੇ ਹਨ। ਰਿਪੋਰਟ ਮੁਤਾਬਕ ਜੇਕਰ ਘਰਾਂ ਦੀਆਂ ਕੀਮਤਾਂ ਵਿੱਚ ਵਾਧਾ ਅੱਜ ਹੀ ਰੁਕ ਜਾਵੇ ਤਾਂ ਵੀ ਕੀਮਤ ਅਤੇ ਆਮਦਨ ਦੇ ਅਨੁਪਾਤ ਨੂੰ ਪੁਰਾਣੇ ਪੱਧਰ ਉੱਤੇ ਆਉਣ ਲਈ ਘੱਟੋ-ਘੱਟ 25 ਸਾਲ ਦਾ ਸਮਾਂ ਲੱਗੇਗਾ। ਮਾਹਿਰਾਂ ਦਾ ਮੰਨਣਾ ਹੈ ਕਿ ਜਦੋਂ ਤੱਕ ਸਰਕਾਰਾਂ ਘਰਾਂ ਦੀ ਉਸਾਰੀ ਦੀ ਲਾਗਤ ਘਟਾਉਣ ਲਈ ਗੰਭੀਰਤਾ ਨਾਲ ਕੰਮ ਨਹੀਂ ਕਰਦੀਆਂ ਉਦੋਂ ਤੱਕ ਇਹ ਸੰਕਟ ਬਣਿਆ ਰਹੇਗਾ। ਇਸ ਦੇ ਨਾਲ ਹੀ ਕੈਨੇਡਾ ਦੇ ਜ਼ੋਨਿੰਗ ਕਾਨੂੰਨਾਂ ਵਿੱਚ ਵੱਡੇ ਬਦਲਾਅ ਕਰਨ ਦੀ ਲੋੜ ਹੈ ਤਾਂ ਜੋ ਰਿਹਾਇਸ਼ੀ ਇਲਾਕਿਆਂ ਵਿੱਚ ਹੋਰ ਵਿਕਾਸ ਕੀਤਾ ਜਾ ਸਕੇ। ਬਿਲਡਿੰਗ ਕੋਡ ਦੀ ਜਾਂਚ ਕਰਨਾ ਵੀ ਜ਼ਰੂਰੀ ਹੈ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਕਿਹੜੀਆਂ ਥਾਵਾਂ ਉੱਤੇ ਘਰ ਬਿਨਾਂ ਵਜ੍ਹਾ ਮਹਿੰਗੇ ਹੋ ਰਹੇ ਹਨ। ਅਗਲੇ 10 ਸਾਲਾਂ ਵਿੱਚ ਘਰਾਂ ਦੀਆਂ ਜ਼ਰੂਰਤਾਂ ਸਾਲ 2004 ਦੇ ਮੁਕਾਬਲੇ ਬਿਲਕੁਲ ਵੱਖਰੀਆਂ ਹੋ ਸਕਦੀਆਂ ਹਨ ਜਿਸ ਲਈ ਨਵੀਂ ਰਣਨੀਤੀ ਅਪਨਾਉਣੀ ਬੇਹੱਦ ਜ਼ਰੂਰੀ ਹੈ।

## ਸਰੀ ਵਿੱਚ ਸਰਕਾਰੀ ਦਰੱਖਤਾਂ ਦੀ

ਦੀ ਅਗਲੀ ਕਤਾਰ ਵਿੱਚ ਡਟੇ ਹੋਏ ਹਨ। ਸਰੀ ਦੇ ਪਬਲਿਕ ਸੇਫ਼ਟੀ ਵਿਭਾਗ ਦੇ ਜਨਰਲ ਮੈਨੇਜਰ ਬ੍ਰਾਇਨ ਐਡਵਰਡਜ਼ ਨੇ ਕਿਹਾ ਕਿ ਲਿੰਗ-ਆਧਾਰਿਤ ਹਿੰਸਾ ਨੂੰ ਰੋਕਣ ਲਈ ਜਨਤਕ ਸੁਰੱਖਿਆ, ਸਿਹਤ, ਰਿਹਾਇਸ਼ ਅਤੇ ਕਮਿਊਨਿਟੀ ਭਾਈਵਾਲਾਂ ਸਮੇਤ ਸਿਸਟਮ ਦੇ ਹਰ ਹਿੱਸੇ ਨੂੰ ਇੱਕਜੁੱਟ ਹੋ ਕੇ ਕੰਮ ਕਰਨਾ ਪਵੇਗਾ। ਉਨ੍ਹਾਂ ਕਿਹਾ ਕਿ ਇਹ ਫੋਰਮ ਸ਼ੁਰੂਆਤੀ ਦਖ਼ਲਅੰਦਾਜ਼ੀ ਅਤੇ ਪੀੜਤ-ਕੇਂਦਰਿਤ ਸਹਾਇਤਾ ਪ੍ਰਦਾਨ ਕਰਨ ਪ੍ਰਤੀ ਸਾਂਝੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਦਾ ਹੈ। ਮਾਹਰਾਂ ਨੇ ਇਹ ਵੀ ਸਾਫ਼ ਕੀਤਾ ਕਿ ਰਾਹ ਵਿੱਚ ਕਈ ਅੜਚਣਾਂ ਅਜੇ ਵੀ ਮੌਜੂਦ ਹਨ। ਰਿਹਾਇਸ਼ ਦੀ ਘਾਟ ਅਤੇ ਕਾਨੂੰਨੀ ਪ੍ਰਣਾਲੀ ਵਿੱਚ ਮੌਜੂਦ ਖ਼ਾਮੀਆਂ ਕਾਰਨ ਰਿਸ਼ਤੇ ਟੁੱਟਣ ਤੋਂ ਬਾਅਦ ਵੀ ਜ਼ਬਰਦਸਤੀ ਨਿਯੰਤਰਨ ਜਾਰੀ ਰਹਿਣ ਦੀਆਂ ਮਿਸਾਲਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਹਾਲਾਂਕਿ, ਮਾਹਰਾਂ ਨੇ ਪ੍ਰੋਟੈਕਟਿੰਗ ਵਿਕਟਿਮਜ਼ ਐਕਟ 2025 ਸਮੇਤ ਨਵੇਂ ਬਣੇ ਕਾਨੂੰਨਾਂ ਨੂੰ ਸਹੀ ਦਿਸ਼ਾ ਵਿੱਚ ਚੁੱਕੇ ਅਹਿਮ ਕਦਮ ਦੱਸਿਆ। ਸਮਾਗਮ ਵਿੱਚ ਸਰੀ ਵਿੱਚ ਕੰਮ ਕਰ ਰਹੀਆਂ ਕਈ ਸੰਸਥਾਵਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ। ਸਰੀ ਵੂਮੈਨ ਸੈਂਟਰ, ਅਟੀਰਾ, ਐਲਿਜ਼ਾਬੈੱਥ ਫਰਾਈ ਸੁਸਾਇਟੀ, ਓਪਸ਼ਨਜ਼, ਵਾਈਐਮਸੀਏ, ਪੈਸੀਫਿਕ ਕਮਿਊਨਿਟੀ ਰਿਸੋਰਸਜ਼ ਸੁਸਾਇਟੀ, ਡਾਇਵਰਸਿਟੀ ਕਮਿਊਨਿਟੀ ਰਿਸੋਰਸਜ਼ ਸੁਸਾਇਟੀ, ਫਰੇਜ਼ਰ ਅਬੋਰਿਜਨਲ ਫਰੈਂਡਸ਼ਿਪ ਸੈਂਟਰ ਐਸੋਸੀਏਸ਼ਨ ਅਤੇ ਨੈੱਟਵਰਕ ਟੂ ਐਲੀਮੀਨੇਟ ਵਾਇਲੈਂਸ ਇਨ ਰਿਲੇਸ਼ਨਸ਼ਿਪ ਵਰਗੀਆਂ ਸੰਸਥਾਵਾਂ ਨੇ ਇਸ ਮੰਚ 'ਤੇ ਆਪੋ-ਆਪਣੇ ਤਜ਼ਰਬੇ ਅਤੇ ਸੁਝਾਅ ਸਾਂਝੇ ਕੀਤੇ। ਪੂਰੇ ਸੂਬੇ ਤੋਂ ਆਏ ਵਿਸ਼ਾ ਮਾਹਰਾਂ ਅਤੇ ਹਿੰਸਾ-ਵਿਰੋਧੀ ਸੇਵਾਵਾਂ ਨਾਲ ਜੁੜੇ ਪੈਨਲਿਸਟਾਂ ਨੇ ਮਿਲ ਕੇ ਇਸ ਗੱਲਬਾਤ ਨੂੰ ਸਾਰਥਕ ਬਣਾਇਆ। ਇਹ ਫੋਰਮ ਸਿਰਫ਼ ਇੱਕ ਸਮਾਗਮ ਨਹੀਂ, ਸਗੋਂ ਇਸ ਗੱਲ ਦਾ ਸੰਕੇਤ ਹੈ ਕਿ ਸਰੀ ਸਿਟੀ ਲਿੰਗ-ਆਧਾਰਿਤ ਹਿੰਸਾ ਨੂੰ ਖ਼ਤਮ ਕਰਨ ਦੀ ਦਿਸ਼ਾ ਵਿੱਚ ਠੋਸ ਅਤੇ ਲੰਮੇਰੀ ਰਣਨੀਤੀ ਵੱਲ ਵਧ ਰਹੀ ਹੈ।

# ਬੀ.ਸੀ. ਕੰਜ਼ਰਵੇਟਿਵ ਲੀਡਰਸ਼ਿਪ ਦੀ ਦੌੜ ਵਿੱਚ ਪੀਟਰ ਮਿਲੋਬਾਰ ਨੂੰ ਵੱਡਾ ਹੁਲਾਰਾ, 5 ਮੌਜੂਦਾ ਵਿਧਾਇਕਾਂ ਨੇ ਕੀਤੀ ਹਮਾਇਤ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੀ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਦੀ ਚੋਣ ਲਈ ਸਿਆਸੀ ਸਰਗਰਮੀਆਂ ਬਹੁਤ ਤੇਜ਼ ਹੋ ਗਈਆਂ ਹਨ। ਕੈਮਲੂਪਸ ਸੈਂਟਰ ਤੋਂ ਵਿਧਾਇਕ ਪੀਟਰ ਮਿਲੋਬਾਰ ਇਸ ਦੌੜ ਵਿੱਚ ਇੱਕ ਬਹੁਤ ਹੀ ਮਜ਼ਬੂਤ ਉਮੀਦਵਾਰ ਵਜੋਂ ਸਾਹਮਣੇ ਆਏ ਹਨ। ਬੁੱਧਵਾਰ ਉਨ੍ਹਾਂ ਦੀ ਉਮੀਦਵਾਰੀ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਪਾਰਟੀ ਦੇ ਪੰਜ ਮੌਜੂਦਾ ਵਿਧਾਇਕਾਂ ਨੇ ਰਸਮੀ ਤੌਰ ਉੱਤੇ ਉਨ੍ਹਾਂ ਦਾ ਸਮਰਥਨ ਕਰਨ ਦਾ ਐਲਾਨ ਕਰ ਦਿੱਤਾ। ਇਹ ਇਸ ਲੀਡਰਸ਼ਿਪ ਦੌੜ ਵਿੱਚ ਪਹਿਲੀ ਵਾਰ ਹੈ ਜਦੋਂ ਕਿਸੇ ਉਮੀਦਵਾਰ ਨੂੰ ਪਾਰਟੀ ਦੇ ਅੰਦਰੂਨੀ ਮੈਂਬਰਾਂ ਵੱਲੋਂ ਇੰਨੀ ਵੱਡੀ ਪੱਧਰ ਉੱਤੇ ਹਮਾਇਤ ਮਿਲੀ ਹੈ। ਇਹ ਪੰਜੇ ਵਿਧਾਇਕ ਵਿਕਟੋਰੀਆ ਵਿੱਚ ਵਿਧਾਨ ਸਭਾ ਦੀਆਂ ਪੌੜੀਆਂ ਉੱਤੇ ਆਯੋਜਿਤ ਇੱਕ ਵਿਸ਼ੇਸ਼ ਪ੍ਰੈਸ ਕਾਨਫਰੰਸ ਦੌਰਾਨ ਇਕੱਠੇ ਹੋਏ ਅਤੇ ਉਨ੍ਹਾਂ ਨੇ ਮਿਲੋਬਾਰ ਦੀ ਲੀਡਰਸ਼ਿਪ ਅਤੇ ਕਾਬਲੀਅਤ ਉੱਤੇ ਆਪਣਾ ਪੂਰਾ ਭਰੋਸਾ ਜਤਾਇਆ। ਕੇਲੋਨਾ ਮਿਸ਼ਨ ਤੋਂ ਵਿਧਾਇਕ ਗੇਵਿਨ ਡਿਊ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਉਹ ਸਾਰੇ ਪੀਟਰ ਨੂੰ ਅਤੇ ਉਨ੍ਹਾਂ ਦੀ ਕੰਮ ਕਰਨ ਦੀ ਸ਼ੈਲੀ ਨੂੰ ਕਈ ਸਾਲਾਂ ਤੋਂ ਚੰਗੀ ਤਰ੍ਹਾਂ ਜਾਣਦੇ ਹਨ। ਉਨ੍ਹਾਂ ਅਨੁਸਾਰ ਪਿਛਲੇ ਹਫ਼ਤੇ ਬੱਜਟ ਉੱਤੇ ਹੋਈ ਬਹਿਸ ਦੌਰਾਨ ਮਿਲੋਬਾਰ ਨੇ ਜਿਸ ਤਰ੍ਹਾਂ ਮੌਜੂਦਾ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕੀਤਾ ਸੀ ਉਸ ਨੇ ਸਾਬਿਤ ਕਰ ਦਿੱਤਾ ਹੈ ਕਿ ਉਹ ਲੀਡਰਸ਼ਿਪ ਲਈ ਹਰ ਪੱਖੋਂ ਯੋਗ



ਹਨ। ਗੇਵਿਨ ਡਿਊ ਦੇ ਨਾਲ ਕੋਲੰਬੀਆ ਰਿਵਰ ਰੇਵਲਸਟੋਕ ਤੋਂ ਵਿਧਾਇਕ ਸਕੌਟ ਮੈਕਿਨਿਸ ਅਤੇ ਪ੍ਰਿੰਸ ਜਾਰਜ ਮੈਕੇਂਜ਼ੀ ਤੋਂ ਵਿਧਾਇਕ ਕੀਲ ਗਿਡਨਜ਼ ਵੀ ਇਸ ਹਮਾਇਤ ਵਿੱਚ ਸ਼ਾਮਲ ਸਨ। ਇਸ ਤੋਂ ਇਲਾਵਾ ਕੋਰਟਨੇ ਕੋਮੋਕਸ ਤੋਂ ਵਿਧਾਇਕ ਬ੍ਰੇਨਨ ਡੇਅ ਅਤੇ ਕੈਮਲੂਪਸ ਨੌਰਥ ਥੌਮਸਨ ਤੋਂ ਵਿਧਾਇਕ ਵਾਰਡ ਸਟੈਮਰ ਨੇ ਵੀ ਮਿਲੋਬਾਰ ਦੀ ਮੁਹਿੰਮ ਦਾ ਪੁਰਜ਼ੋਰ ਸਾਥ ਦੇਣ ਦਾ ਵਾਅਦਾ ਕੀਤਾ। ਗੇਵਿਨ ਡਿਊ ਨੇ ਇਸ ਗੱਲ ਦਾ ਸੰਕੇਤ ਵੀ ਦਿੱਤਾ ਕਿ ਆਉਣ ਵਾਲੇ ਦਿਨਾਂ ਵਿੱਚ ਕਈ ਹੋਰ ਵਿਧਾਇਕ ਵੀ ਮਿਲੋਬਾਰ ਦੇ ਸਮਰਥਨ ਵਿੱਚ ਅੱਗੇ ਆ ਸਕਦੇ ਹਨ ਕਿਉਂਕਿ ਪਾਰਟੀ ਦੇ ਅੰਦਰ ਉਨ੍ਹਾਂ ਦੀ ਲੋਕਪ੍ਰਿਯਤਾ ਲਗਾਤਾਰ ਵਧ ਰਹੀ ਹੈ। ਲੀਡਰਸ਼ਿਪ ਦੀ ਇਹ ਦੌੜ ਹੁਣ ਆਪਣੇ ਮੁੱਢਲੇ ਪੜਾਅ ਵਿੱਚ ਹੈ ਜਿੱਥੇ 15 ਫਰਵਰੀ ਤੱਕ ਕੁੱਲ 11 ਉਮੀਦਵਾਰਾਂ ਨੇ ਆਪਣੀਆਂ ਅਰਜ਼ੀਆਂ ਜਮ੍ਹਾਂ ਕਰਵਾਈਆਂ ਸਨ। ਮੌਜੂਦਾ ਸਮੇਂ ਵਿੱਚ ਪਾਰਟੀ ਵੱਲੋਂ ਇਨ੍ਹਾਂ ਸਾਰੇ ਉਮੀਦਵਾਰਾਂ ਦੇ ਦਸਤਾਵੇਜ਼ਾਂ ਦੀ ਜਾਂਚ ਪੜਤਾਲ ਕੀਤੀ ਜਾ ਰਹੀ ਹੈ ਤਾਂ ਜੋ ਸਿਰਫ਼ ਨਿਰਪੱਖ ਅਤੇ ਯੋਗ ਵਿਅਕਤੀ ਹੀ ਅਗਲੇ ਮੁਕਾਬਲੇ ਵਿੱਚ ਰਹਿ ਸਕਣ। ਇਸ ਚੋਣ ਪ੍ਰਕਿਰਿਆ ਦਾ ਅੰਤਿਮ ਫੈਸਲਾ ਤੀਹ ਮਈ ਨੂੰ ਹੋਣ ਵਾਲੇ ਲੀਡਰਸ਼ਿਪ ਸੰਮੇਲਨ ਦੌਰਾਨ ਵੋਟਿੰਗ ਰਾਹੀਂ ਲਿਆ ਜਾਵੇਗਾ। ਵਿਧਾਇਕ ਕੀਲ ਗਿਡਨਜ਼ ਨੇ ਮੌਜੂਦਾ ਵਿਧਾਇਕਾਂ ਦੀ ਹਮਾਇਤ ਦੇ ਮਹੱਤਵ ਉੱਤੇ ਜ਼ੋਰ ਦਿੰਦਿਆਂ ਕਿਹਾ ਕਿ ਜਿਸ ਵਿਅਕਤੀ ਨੇ ਅੱਗੇ ਜਾ ਕੇ ਪੂਰੇ ਸੂਬੇ ਦੀ ਅਗਵਾਈ ਕਰਨੀ ਹੈ ਉਸ ਕੋਲ ਆਪਣੇ ਸਾਥੀਆਂ ਦਾ ਵਿਸ਼ਵਾਸ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਮੁਤਾਬਕ ਪੀਟਰ ਮਿਲੋਬਾਰ ਇੱਕ ਅਜਿਹੇ ਤਜਰਬੇਕਾਰ ਆਗੂ ਹਨ ਜੋ ਨਾ ਸਿਰਫ਼ ਪਾਰਟੀ ਦੇ ਅੰਦਰੂਨੀ ਢਾਂਚੇ ਨੂੰ ਬਲਕਿ ਪੂਰੇ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਨੂੰ ਇੱਕ ਮੰਚ ਉੱਤੇ ਇਕੱਠਾ ਕਰਨ ਦੀ ਸਮਰੱਥਾ ਰੱਖਦੇ ਹਨ। ਇਹ ਸਮਰਥਨ ਮਿਲੋਬਾਰ ਲਈ ਇੱਕ ਮੀਲ ਪੱਥਰ ਸਾਬਤ ਹੋ ਸਕਦਾ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੀ ਮੁਹਿੰਮ ਨੂੰ ਨੈਤਿਕ ਅਤੇ ਸਿਆਸੀ ਬਲ ਮਿਲਿਆ ਹੈ। This report was written by Divroop Kaur as part of the Local Journalism Initiative.

# ਔਟਵਾ ਵਿੱਚ 131 ਕੁਈਨ ਸਟ੍ਰੀਟ ਟਾਵਰ ਨੂੰ 148 ਮਿਲੀਅਨ ਡਾਲਰ ਵਿੱਚ ਖਰੀਦੇਗੀ ਫੈਡਰਲ ਸਰਕਾਰ



ਸਰੀ, (ਦਿਵਰੂਪ ਕੌਰ): ਕੈਨੇਡਾ ਦੀ ਫੈਡਰਲ ਸਰਕਾਰ ਨੇ ਔਟਵਾ ਵਿੱਚ ਸਥਿਤ ਇੱਕ ਵੱਡੇ ਦਫ਼ਤਰੀ ਟਾਵਰ ਨੂੰ ਖਰੀਦਣ ਦਾ ਅਹਿਮ ਫੈਸਲਾ ਲਿਆ ਹੈ। ਪਬਲਿਕ ਸਰਵਿਸਿਜ਼ ਐਂਡ ਪ੍ਰੋਕਿਓਰਮੈਂਟ ਕੈਨੇਡਾ ਯਾਨੀ ਪੀਐਸਪੀਸੀ ਨੇ ਪੱਚੀ ਫਰਵਰੀ ਨੂੰ ਇਸ ਖਰੀਦ ਦੀ ਪੁਸ਼ਟੀ ਕੀਤੀ ਹੈ। ਇਹ ਇਮਾਰਤ 131 ਕੁਈਨ ਸਟ੍ਰੀਟ ਉੱਤੇ ਸਥਿਤ ਹੈ ਅਤੇ ਇਸ ਨੂੰ ਖਰੀਦਣ ਲਈ ਸਰਕਾਰ 148.2 ਮਿਲੀਅਨ ਡਾਲਰ ਦੀ ਭਾਰੀ ਰਕਮ ਅਦਾ ਕਰੇਗੀ। ਸਰਕਾਰੀ ਬੁਲਾਰੇ ਜੀਨ ਫ੍ਰਾਂਸਿਸ ਲੇਟੋਰਨੋ ਨੇ ਦੱਸਿਆ ਕਿ ਇਹ ਇਮਾਰਤ ਖਾਸ ਤੌਰ ਉੱਤੇ ਸਰਕਾਰੀ ਵਰਤੋਂ ਲਈ ਹੀ ਬਣਾਈ ਗਈ ਸੀ। ਉਨ੍ਹਾਂ ਅਨੁਸਾਰ ਇਹ ਇਮਾਰਤ ਹਾਊਸ ਆਫ਼ ਕਾਮਨਜ਼ ਦੇ ਸਟਾਫ਼ ਲਈ ਇੱਕ ਮੁੱਖ ਪ੍ਰਸ਼ਾਸਕੀ ਕੇਂਦਰ ਵਜੋਂ ਕੰਮ ਕਰਦੀ ਰਹੇਗੀ ਅਤੇ ਭਵਿੱਖ ਵਿੱਚ ਉਨ੍ਹਾਂ ਦੀਆਂ ਪ੍ਰਸ਼ਾਸਨਿਕ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦਗਾਰ ਸਾਬਤ ਹੋਵੇਗੀ।

ਇਸ ਸੌਦੇ ਬਾਰੇ ਰੀਅਲ ਅਸਟੇਟ ਕੰਪਨੀ ਮੋਰਗਾਰਡ ਨੇ ਉੱਨੀ ਫਰਵਰੀ ਨੂੰ ਜਾਣਕਾਰੀ ਸਾਂਝੀ ਕੀਤੀ ਸੀ। ਕੰਪਨੀ ਨੇ ਦੱਸਿਆ ਕਿ ਉਹ ਓਟਵਾ ਵਿੱਚ ਆਪਣੀ ਇੱਕ ਦਫ਼ਤਰੀ ਜਾਇਦਾਦ ਵਿੱਚ ਆਪਣੇ ਲੀਜ਼ਹੋਲਡ ਹਿੱਸੇ ਨੂੰ ਵੇਚਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਹ ਸਾਰੀ ਪ੍ਰਕਿਰਿਆ ਇਕੱਤੀ ਅਗਸਤ ਦੋ ਹਜ਼ਾਰ ਛੱਬੀ ਤੱਕ ਮੁਕੰਮਲ ਹੋਣ ਦੀ ਉਮੀਦ ਹੈ। ਕੁਈਨ ਸਟ੍ਰੀਟ ਉੱਤੇ ਸਥਿਤ ਇਹ ਸ਼ਾਨਦਾਰ ਇਮਾਰਤ ਸਾਲ ਦੋ ਹਜ਼ਾਰ ਛੇ ਵਿੱਚ ਬਣਾਈ ਗਈ ਸੀ। ਇਸ ਇਮਾਰਤ ਵਿੱਚ ਲਗਭਗ ਤਿੰਨ ਲੱਖ ਪੰਜ ਹਜ਼ਾਰ ਦੋ ਸੌ ਦਸ ਵਰਗ ਫੁੱਟ ਦਫ਼ਤਰੀ ਜਗ੍ਹਾ ਮੌਜੂਦ ਹੈ। ਮੋਰਗਾਰਡ ਕੰਪਨੀ ਦੇ ਸਹਾਇਕ ਉਪ ਪ੍ਰਧਾਨ ਮਾਈਕਲ ਸਵਾਨ ਨੇ ਇੱਕ ਇੰਟਰਵਿਊ ਦੌਰਾਨ ਦੱਸਿਆ ਕਿ ਸਰਕਾਰ ਨੇ ਲੀਜ਼ ਦੀਆਂ ਸ਼ਰਤਾਂ ਤਹਿਤ ਇਮਾਰਤ ਖਰੀਦਣ ਦੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ ਹੈ। ਸਵਾਨ ਨੇ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਹੈ ਕਿ ਮੋਰਗਾਰਡ ਨੇ ਇਹ ਟਾਵਰ ਖਾਸ ਤੌਰ ਉੱਤੇ ਫੈਡਰਲ ਸਰਕਾਰ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਤਿਆਰ ਕੀਤਾ ਸੀ। ਇਹੀ ਕਾਰਨ ਹੈ ਕਿ ਇਸ ਇਮਾਰਤ ਵਿੱਚ ਸ਼ੁਰੂ ਤੋਂ ਹੀ ਹਾਊਸ ਆਫ਼ ਕਾਮਨਜ਼ ਦਾ ਸਟਾਫ਼ ਕੰਮ ਕਰ ਰਿਹਾ ਹੈ। ਪੁਰਾਣੇ ਇਕਰਾਰਨਾਮੇ ਮੁਤਾਬਕ ਲੀਜ਼ ਖਤਮ ਹੋਣ ਉੱਤੇ ਸਰਕਾਰ ਕੋਲ ਇਸ ਇਮਾਰਤ ਨੂੰ ਖਰੀਦਣ ਦਾ ਪਹਿਲਾ ਹੱਕ ਸੀ ਜਿਸ ਦੀ ਵਰਤੋਂ ਹੁਣ ਕਰ ਲਈ ਗਈ ਹੈ। ਖਰੀਦ ਮੁੱਲ ਤੈਅ ਕਰਨ ਲਈ ਇੱਕ ਬਹੁਤ ਹੀ ਪਾਰਦਰਸ਼ੀ ਪ੍ਰਕਿਰਿਆ ਅਪਣਾਈ ਗਈ ਸੀ ਜਿਸ ਵਿੱਚ ਤਿੰਨ ਸੁਤੰਤਰ ਮਾਹਿਰਾਂ ਦੀ ਮਦਦ ਲਈ ਗਈ ਸੀ। ਇਨ੍ਹਾਂ ਮਾਹਿਰਾਂ ਨੇ ਇਮਾਰਤ ਦੀ ਮੌਜੂਦਾ ਕੀਮਤ ਦਾ ਮੁਲਾਂਕਣ ਕਰਨ ਤੋਂ ਬਾਅਦ 148.2 ਮਿਲੀਅਨ ਡਾਲਰ ਦੀ ਕੀਮਤ ਨਿਰਧਾਰਤ ਕੀਤੀ ਸੀ। ਇਹ ਖਰੀਦ ਉਦੋਂ ਹੋ ਰਹੀ ਹੈ ਜਦੋਂ ਦੂਜੇ ਪਾਸੇ ਪਬਲਿਕ ਸਰਵਿਸਿਜ਼ ਐਂਡ ਪ੍ਰੋਕਿਓਰਮੈਂਟ ਕੈਨੇਡਾ ਆਪਣੇ ਦਫ਼ਤਰੀ ਪੋਰਟਫੋਲੀਓ ਦੇ ਇੱਕ ਵੱਡੇ ਹਿੱਸੇ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਰਕਾਰ ਵੱਲੋਂ ਆਪਣੀਆਂ ਕਈ ਹੋਰ ਜਾਇਦਾਦਾਂ ਨੂੰ ਕੈਨੇਡਾ ਲੈਂਡ ਬੈਂਕ ਰਾਹੀਂ ਵਿਕਰੀ ਲਈ ਸੂਚੀਬੱਧ ਕੀਤਾ ਗਿਆ ਹੈ। ਪਰ ਕੁਈਨ ਸਟ੍ਰੀਟ ਵਾਲੀ ਇਸ ਇਮਾਰਤ ਦੀ ਅਹਿਮੀਅਤ ਨੂੰ ਦੇਖਦੇ ਹੋਏ ਇਸ ਨੂੰ ਖਰੀਦਣਾ ਸਰਕਾਰ ਲਈ ਜ਼ਰੂਰੀ ਮੰਨਿਆ ਜਾ ਰਿਹਾ ਹੈ। ਹਾਲਾਂਕਿ ਇਸ ਸੌਦੇ ਬਾਰੇ ਕੁਝ ਹੋਰ ਸਵਾਲਾਂ ਦੇ ਜਵਾਬ ਸਰਕਾਰ ਵੱਲੋਂ ਅਜੇ ਤੱਕ ਨਹੀਂ ਦਿੱਤੇ ਗਏ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਅਜਿਹੀਆਂ ਇਮਾਰਤਾਂ ਦੀ ਮਾਲਕੀ ਸਰਕਾਰ ਕੋਲ ਹੋਣ ਨਾਲ ਲੰਬੇ ਸਮੇਂ ਵਿੱਚ ਕਿਰਾਏ ਦੇ ਖਰਚਿਆਂ ਵਿੱਚ ਵੱਡੀ ਬਚਤ ਹੋ ਸਕਦੀ ਹੈ ਅਤੇ ਸਰਕਾਰੀ ਕੰਮਕਾਜ ਵਿੱਚ ਵੀ ਸਥਿਰਤਾ ਆ ਸਕਦੀ ਹੈ। ਹੁਣ ਸਾਰਿਆਂ ਦੀਆਂ ਨਜ਼ਰਾਂ ਇਕੱਤੀ ਅਗਸਤ ਦੀ ਤਾਰੀਖ ਉੱਤੇ ਟਿਕੀਆਂ ਹਨ ਜਦੋਂ ਇਹ ਸੌਦਾ ਅਧਿਕਾਰਤ ਤੌਰ ਉੱਤੇ ਸਿਰੇ ਚੜ੍ਹੇਗਾ। This report was written by Divroop Kaur as part of the Local Journalism Initiative.

# 1937 ਵਿੱਚ ਬਣਿਆ ਪਟੂਲੋ ਬ੍ਰਿਜ ਹੁਣ ਹੋਵੇਗਾ ਖਤਮ, ਸੁਰੱਖਿਆ ਕਾਰਨਾਂ ਕਰਕੇ ਪਾਰਕ ਬਣਾਉਣ ਦੀ ਮੰਗ ਠੁਕਰਾਈ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੇ ਟ੍ਰਾਂਸਪੋਰਟੇਸ਼ਨ ਮੰਤਰਾਲੇ ਅਤੇ ਟ੍ਰਾਂਜ਼ਿਟ ਅਧਿਕਾਰੀਆਂ ਨੇ ਪਟੂਲੋ ਬ੍ਰਿਜ ਨੂੰ ਪੈਦਲ ਚੱਲਣ ਵਾਲੇ ਰਸਤੇ ਜਾਂ ਕਿਸੇ ਪਾਰਕ ਵਜੋਂ ਸੁਰੱਖਿਅਤ ਰੱਖਣ ਦੇ ਵਿਚਾਰ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਹੁਣ ਅਜਿਹਾ ਕਰਨ ਲਈ ਬਹੁਤ ਦੇਰ ਹੋ ਚੁੱਕੀ ਹੈ ਅਤੇ ਇਹ ਢਾਂਚਾ ਸੁਰੱਖਿਆ ਪੱਖੋਂ ਬੇਹੱਦ ਖਤਰਨਾਕ ਅਤੇ ਮਹਿੰਗਾ ਸਾਬਤ ਹੋਵੇਗਾ। ਫਰਵਰੀ ਦੇ ਅੱਧ ਤੋਂ ਸੋਸ਼ਲ ਮੀਡੀਆ ਉੱਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੁਆਰਾ ਤਿਆਰ ਕੀਤੇ ਗਏ ਕੁਝ ਚਿੱਤਰ ਵਾਇਰਲ ਹੋ ਰਹੇ ਸਨ ਜਿਨ੍ਹਾਂ ਵਿੱਚ ਪੁਰਾਣੇ ਪੁਲ ਉੱਤੇ ਦਰੱਖਤ ਅਤੇ ਪਾਰਕ ਦਿਖਾਏ ਗਏ ਸਨ। ਸਰੀ ਦੀ ਕੌਂਸਲਰ ਲਿੰਡਾ ਐਨਿਸ ਨੇ ਵੀ ਇਸ ਪੁਰਾਣੇ ਪੁਲ ਨੂੰ ਪੈਦਲ ਯਾਤਰੀਆਂ ਅਤੇ ਸਾਈਕਲ ਸਵਾਰਾਂ ਲਈ ਇੱਕ ਸੁੰਦਰ ਪਾਰਕ ਵਜੋਂ ਬਚਾਉਣ ਦੀ ਵਕਾਲਤ ਕੀਤੀ ਸੀ। ਹੁਣ ਇਸ ਇਤਿਹਾਸਕ ਪੁਲ ਨੂੰ ਢਾਹੁਣ ਦਾ ਕੰਮ ਅਧਿਕਾਰਤ ਤੌਰ ਉੱਤੇ ਸ਼ੁਰੂ ਹੋ ਚੁੱਕਾ ਹੈ। ਬੀਸੀ ਟ੍ਰਾਂਸਪੋਰਟੇਸ਼ਨ ਅਧਿਕਾਰੀਆਂ ਅਨੁਸਾਰ ਪੁਰਾਣੇ ਪੁਲ ਨੂੰ ਬਚਾਉਣ ਦਾ ਵਿਚਾਰ ਸ਼ੁਰੂ ਤੋਂ ਹੀ ਸੰਭਵ ਨਹੀਂ ਲੱਗ ਰਿਹਾ ਸੀ ਕਿਉਂਕਿ ਇਸ ਦਾ ਨਿਰਮਾਣ ਸਾਲ ਉਨੀ ਸੌ ਸੈਂਤੀ ਵਿੱਚ ਹੋਇਆ ਸੀ। ਹੁਣ ਇਹ ਢਾਂਚਾ ਆਪਣੀ ਨਿਰਧਾਰਿਤ ਉਮਰ ਪੂਰੀ ਕਰ ਚੁੱਕਾ ਹੈ ਅਤੇ ਵਰਤਮਾਨ ਨਿਯਮਾਂ ਅਨੁਸਾਰ ਇਸ ਦੀ ਮੁਰੰਮਤ ਕਰਨਾ ਬਹੁਤ ਹੀ ਔਖਾ ਕੰਮ ਹੈ। ਮੰਤਰਾਲੇ ਨੇ ਇੱਕ ਬਿਆਨ ਜਾਰੀ ਕਰਦਿਆਂ ਦੱਸਿਆ ਹੈ ਕਿ ਪੁਲ ਦੇ ਕੰਕਰੀਟ ਦੀਆਂ ਪਰਤਾਂ ਉੱਖੜ ਰਹੀਆਂ ਹਨ ਅਤੇ ਇਸ ਦੀਆਂ ਨੀਹਾਂ ਹੇਠ ਨਦੀ ਦੇ ਪਾਣੀ ਕਾਰਨ ਕਾਫ਼ੀ ਖੋਰਾ ਲੱਗ ਚੁੱਕਾ ਹੈ। ਪੁਲ ਦੇ ਥੰਮ੍ਹ ਇਸ ਤਰ੍ਹਾਂ ਦੇ ਨਹੀਂ ਹਨ ਕਿ ਉਹ ਸਮੁੰਦਰੀ ਜਹਾਜ਼ਾਂ ਦੀ ਟੱਕਰ ਨੂੰ ਸਹਿ ਸਕਣ ਅਤੇ ਇਹ ਭੂਚਾਲ ਜਾਂ ਤੇਜ਼ ਹਵਾਵਾਂ ਦੇ ਵਰਤਮਾਨ ਸੁਰੱਖਿਆ ਮਾਪਦੰਡਾਂ ਉੱਤੇ ਵੀ ਖਰੇ ਨਹੀਂ ਉਤਰਦੇ। ਪਟੂਲੋ ਬ੍ਰਿਜ ਨੂੰ ਢਾਹੁਣ ਦਾ ਖਰਚਾ ਪਹਿਲਾਂ ਹੀ ਇੱਕ ਦਸ਼ਮਲਵ ਛੇ ਸੌ ਸੈਂਤੀ ਬਿਲੀਅਨ ਡਾਲਰ ਦੇ ਕੁੱਲ ਬੱਜਟ ਵਿੱਚ ਸ਼ਾਮਲ ਕੀਤਾ ਗਿਆ ਸੀ। ਨਵੇਂ ਸਟਾਲਵਾਸਮ ਬ੍ਰਿਜ ਦੇ ਨਿਰਮਾਣ ਕਾਰਜ ਨੂੰ ਮੁਕੰਮਲ ਕਰਨ ਲਈ ਪੁਰਾਣੇ ਪੁਲ ਦੇ ਕੁਝ ਹਿੱਸਿਆਂ ਨੂੰ ਹਟਾਉਣਾ ਬਹੁਤ ਜ਼ਰੂਰੀ ਹੈ। ਅਜਿਹਾ ਕੀਤੇ ਬਿਨਾਂ ਨਵੇਂ ਪੁਲ ਦੇ ਰੈਂਪ ਅਤੇ ਬਹੁ-ਮੰਤਵੀ ਰਸਤਿਆਂ ਨੂੰ ਸਹੀ ਢੰਗ ਨਾਲ ਨਹੀਂ ਜੋੜਿਆ ਜਾ ਸਕਦਾ। ਮੰਤਰਾਲੇ ਨੇ ਦੱਸਿਆ ਕਿ ਨਵੇਂ ਪੁਲ ਦਾ ਡਿਜ਼ਾਈਨ ਪੈਦਲ ਯਾਤਰੀਆਂ ਅਤੇ ਸਾਈਕਲ ਸਵਾਰਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤਾ ਗਿਆ ਹੈ।


ਗਲੈਡਵਿਨ ਔਪਟੀਕਲ
GLADWIN OPTICAL
ਨਜ਼ਰ ਦੀਆਂ ਐਨਕਾਂ
» ਸਾਡੇ ਕੋਲ ਬਹੁਤ ਤਰ੍ਹਾਂ ਦੇ ਫਰੇਮਾਂ ਦੇ ਡਿਜ਼ਾਈਨ ਮੌਜੂਦ ਹਨ।
» ਅਸੀਂ ਕਨਟੈਕਟ ਲੈਂਜ਼ ਹਰ ਤਰ੍ਹਾਂ ਦੇ ਰੰਗਾਂ ਵਿੱਚ ਰੱਖਦੇ ਹਾਂ।
» ਐਨਕਾਂ ਦੀ ਰਿਪੇਅਰ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
» ਅਸੀਂ ਅੱਖਾਂ ਦਾ ਫਰੀ ਚੈੱਕ-ਅਪ ਕਰਦੇ ਹਾਂ।
ਸਾਡਾ ਐਡਰੈੱਸ ਨੋਟ ਕਰੋ
604-864-8803
#3 32700 George Ferguson Way
Abbotsford, B.C. V1T 4V6
ਅਸੀਂ ਆਪਣੇ ਗਾਹਕਾਂ ਦੀ ਨਜ਼ਰ ਟੈਸਟ ਫਰੀ ਕਰਦੇ ਹਾਂ।
ਵਧੇਰੇ ਜਾਣਕਾਰੀ ਲਈ ਫੋਨ ਕਰੋ
604-594-6940
Surrey (Kwantlen Square)
Unit # 105, 12568-72 Ave, Surrey
EYE GLASSES
CONTACT LENSES
SUNGLASSES

BHUPINDER OBEROI
ਸਰੀ, ਡੈਲਟਾ ਅਤੇ ਐਬਟਸਫੋਰਡ ਵਿੱਚ ਪੰਜਾਬੀ ਭਰਾਵਾਂ ਦੀ ਆਪਣੀ ਦੁਕਾਨ ਜਿੱਥੇ ਨਜ਼ਰ ਦੀਆਂ ਐਨਕਾਂ ਦਾ ਕੰਮ ਤੱਸਲੀਬਖਸ਼ ਹੁੰਦਾ ਹੈ।
FREE SIGHT TEST




A TO Z DRIVING SCHOOL


ਪੰਜਾਬੀ ਵਿੱਚ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰੋ
AIR BRAKE CLASS
ਟਰੱਕ ਦਾ ਲਾਇਸੈਂਸ ਲੈਣ ਲਈ ਮਿਲੋ
ਕਲਾਸ ਵਨ ਦਾ ਲਾਇਸੈਂਸ ਲੈਣ ਲਈ ਅੱਜ ਹੀ ਸੰਪਰਕ ਕਰੋ
ਪੰਜਾਬੀ ਵਿੱਚ ਵੀ ਪੜ੍ਹਾਇਆ ਜਾਂਦਾ ਹੈ।
ਵਾਜਬ ਰੇਟ ਅਤੇ ਵਧੀਆ ਸਰਵਿਸ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
ਲਰਨਿੰਗ ਲਾਇਸੈਂਸ ਲੈਣ ਲਈ ਵੀ ਸੰਪਰਕ ਕਰੋ
ਲੱਕੀ ਸੇਖੋਂ 604 614 5365

# ਵੈਨਕੂਵਰ ਪੁਲਿਸ ਦੇ ਸੱਤ ਅਧਿਕਾਰੀਆਂ ਖ਼ਿਲਾਫ਼ ਮਾਈਲਸ ਗ੍ਰੇਅ ਕਤਲ ਕੇਸ ਦੀ ਸੁਣਵਾਈ ਮੁੜ ਸ਼ੁਰੂ

ਸਰੀ : ਵੈਨਕੂਵਰ ਵਿੱਚ ਮਾਈਲਸ ਗ੍ਰੇਅ ਦੀ ਪੁਲਿਸ ਹਿਰਾਸਤ ਦੌਰਾਨ ਹੋਈ ਮੌਤ ਦੇ ਮਾਮਲੇ ਵਿੱਚ ਜਨਤਕ ਸੁਣਵਾਈ ਮੁੜ ਸ਼ੁਰੂ ਹੋ ਰਹੀ ਹੈ। ਇਹ ਸੁਣਵਾਈ ਇੱਕ ਅਸ਼ਲੀਲ ਟਿੱਪਣੀ ਅਤੇ ਉਸ ਤੋਂ ਬਾਅਦ ਮੁੱਖ ਵਕੀਲ ਦੇ ਅਸਤੀਫ਼ੇ ਕਾਰਨ ਪਿਛਲੇ ਚਾਰ ਹਫ਼ਤਿਆਂ ਤੋਂ ਮੁਲਤਵੀ ਕਰ ਦਿੱਤੀ ਗਈ ਸੀ। ਇਸ ਲੰਬੇ ਵਕਫ਼ੇ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਪੁਲਿਸ ਸ਼ਿਕਾਇਤ ਕਮਿਸ਼ਨਰ ਦੇ ਦਫ਼ਤਰ ਵੱਲੋਂ ਨਿਯੁਕਤ ਕੀਤੇ ਗਏ ਨਵੇਂ ਵਕੀਲ ਬ੍ਰੌਕ ਮਾਰਟਲੈਂਡ ਨੂੰ ਇਸ ਗੁੰਝਲਦਾਰ ਕੇਸ ਦੀਆਂ ਬਾਰੀਕੀਆਂ ਅਤੇ ਪੁਰਾਣੇ ਸਬੂਤਾਂ ਨੂੰ ਸਮਝਣ ਦਾ ਪੂਰਾ ਸਮਾਂ ਮਿਲਿਆ ਹੈ। ਇਹ ਕੇਸ ਵੈਨਕੂਵਰ ਪੁਲਿਸ ਦੇ ਉਨ੍ਹਾਂ ਸੱਤ ਅਧਿਕਾਰੀਆਂ ਨਾਲ ਸਬੰਧਤ ਹੈ ਜਿਨ੍ਹਾਂ ਉੱਤੇ ਸਾਲ 2015 ਵਿੱਚ ਮਾਈਲਸ ਗ੍ਰੇਅ ਨੂੰ ਬੁਰੀ ਤਰ੍ਹਾਂ ਕੁੱਟਣ ਦੇ ਗੰਭੀਰ ਇਲਜ਼ਾਮ ਹਨ। ਹਾਲਾਂਕਿ ਇਹ ਸਾਰੇ ਅਧਿਕਾਰੀ ਪਿਛਲੇ ਕਈ ਸਾਲਾਂ ਤੋਂ ਕਿਸੇ ਵੀ ਤਰ੍ਹਾਂ ਦੀ ਬਦਸਲੂਕੀ ਜਾਂ ਗਲਤ ਕੰਮ ਤੋਂ ਲਗਾਤਾਰ ਇਨਕਾਰ ਕਰਦੇ ਆ ਰਹੇ ਹਨ। ਪਿਛਲੇ ਮਹੀਨੇ ਸੁਣਵਾਈ ਦੌਰਾਨ ਉਸ ਸਮੇਂ ਦੇ ਵਕੀਲ ਬ੍ਰੈਡ ਹਿਕਫੋਰਡ ਵੱਲੋਂ ਸੁਣਵਾਈ ਵਾਲੇ ਕਮਰੇ ਵਿੱਚ ਲੱਗੇ ਮਾਈਕ੍ਰੋਫੋਨ ਉੱਤੇ ਇੱਕ ਅਸ਼ਲੀਲ ਟਿੱਪਣੀ ਕੀਤੀ ਗਈ ਸੀ ਜਿਸ ਵਿੱਚ ਉਨ੍ਹਾਂ ਨੇ ਕਿਸੇ ਵਿਅਕਤੀ ਨੂੰ ਅਪਮਾਨਜਨਕ ਸ਼ਬਦਾਂ ਨਾਲ ਸੰਬੋਧਨ ਕੀਤਾ ਸੀ। ਇਸ ਘਟਨਾ ਤੋਂ ਬਾਅਕ ਉਨ੍ਹਾਂ ਨੂੰ ਨੈਤਿਕ ਜ਼ਿੰਮੇਵਾਰੀ ਲੈਂਦਿਆਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਅਤੇ ਹੁਣ ਉਹ ਲਾਅ ਸੁਸਾਇਟੀ ਆਫ਼ ਬੀਸੀ ਦੀ ਜਾਂਚ ਦੇ ਘੇਰੇ ਵਿੱਚ ਵੀ ਆ ਗਏ ਹਨ। ਹਿਕਫੋਰਡ ਦੇ ਵਕੀਲ ਨੇ ਪਹਿਲਾਂ ਇਹਨਾਂ ਦੋਸ਼ਾਂ ਨੂੰ ਸਿਰੇ ਤੋਂ ਨਕਾਰਿਆ ਸੀ ਪਰ




ਬਾਅਦ ਵਿੱਚ ਕਿਹਾ ਕਿ ਹੋ ਸਕਦਾ ਹੈ ਕਿ ਇਹ ਟਿੱਪਣੀ ਅਣਜਾਣੇ ਵਿੱਚ ਹੋ ਗਈ ਹੋਵੇ ਜਿਸ ਦਾ ਉਨ੍ਹਾਂ ਨੂੰ ਕੋਈ ਚੇਤਾ ਨਹੀਂ ਹੈ। ਹਿਕਫੋਰਡ ਨੇ ਖੁਦ ਇੱਕ ਬਿਆਨ ਵਿੱਚ ਕਿਹਾ ਸੀ ਕਿ ਉਹ ਇਸ ਰਿਕਾਰਡਿੰਗ ਬਾਰੇ ਜਾਣ ਕੇ ਕਾਫ਼ੀ ਹੈਰਾਨ ਅਤੇ ਪ੍ਰੇਸ਼ਾਨ ਹਨ। ਮਾਈਲਸ ਗ੍ਰੇਅ ਦੇ ਪਰਿਵਾਰ ਨੇ ਇਹ ਸੁਣਵਾਈ ਉਸ ਸਮੇਂ ਮੰਗੀ ਸੀ ਜਦੋਂ ਸਾਲ 2024 ਵਿੱਚ ਇੱਕ ਅਨੁਸ਼ਾਸਨੀ ਅਥਾਰਟੀ ਨੇ ਸੱਤਾਂ ਅਧਿਕਾਰੀਆਂ ਨੂੰ ਪੂਰੀ ਤਰ੍ਹਾਂ ਬਰੀ ਕਰ ਦਿੱਤਾ ਸੀ। ਇਸ ਤੋਂ ਪਹਿਲਾਂ ਸਾਲ ਦੋ ਹਜ਼ਾਰ ਤੇਈ ਵਿੱਚ ਇੱਕ ਕੋਰੋਨਰ ਦੀ ਜੱਜ ਨੇ ਸਿੱਟਾ ਕੱਢਿਆ ਸੀ ਕਿ ਮਾਈਲਸ ਗ੍ਰੇਅ ਦੀ ਮੌਤ ਇੱਕ ਕਤਲ ਸੀ। ਅਦਾਲਤ ਵਿੱਚ ਪਹਿਲਾਂ ਹੋਈ ਸੁਣਵਾਈ ਦੌਰਾਨ ਇਹ ਤੱਥ ਸਾਹਮਣੇ ਆਏ ਸਨ ਕਿ ਕਈ ਅਧਿਕਾਰੀਆਂ ਵੱਲੋਂ ਕੀਤੀ ਗਈ ਅੰਨ੍ਹੇਵਾਹ ਕੁੱਟਮਾਰ ਕਾਰਨ ਹੀ ਗ੍ਰੇਅ ਦੀ ਮੌਤ ਹੋਈ ਸੀ। ਮੈਡੀਕਲ ਰਿਪੋਰਟਾਂ ਅਨੁਸਾਰ ਉਸ ਦੇ ਸਰੀਰ ਉੱਤੇ ਬਹੁਤ ਹੀ ਖ਼ੌਫ਼ਨਾਕ ਸੱਟਾਂ ਦੇ ਨਿਸ਼ਾਨ ਸਨ ਜਿਨ੍ਹਾਂ ਵਿੱਚ ਅੱਖ ਦੀ ਹੱਡੀ ਦਾ ਟੁੱਟਣਾ ਅਤੇ ਗਲੇ ਦੀ ਨਲੀ ਦਾ ਬੁਰੀ ਤਰ੍ਹਾਂ ਕੁਚਲਿਆ ਜਾਣਾ ਸ਼ਾਮਲ ਸੀ। ਇਸ ਤੋਂ ਇਲਾਵਾ ਉਸ ਦੇ ਪ੍ਰਜਨਨ ਅੰਗਾਂ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਸੀ ਜੋ ਦਰਸਾਉਂਦਾ ਹੈ ਕਿ ਘਟਨਾ ਦੇ ਸਮੇਂ ਪੁਲਿਸ ਵੱਲੋਂ ਕਿੰਨੀ ਜ਼ਿਆਦਾ ਹਿੰਸਾ ਦੀ ਵਰਤੋਂ ਕੀਤੀ ਗਈ ਸੀ। ਪੁਲਿਸ ਸ਼ਿਕਾਇਤ ਕਮਿਸ਼ਨਰ ਦੇ ਦਫ਼ਤਰ ਨੇ ਜਾਣਕਾਰੀ ਦਿੱਤੀ ਹੈ ਕਿ ਇਹ ਸੁਣਵਾਈ ਹੁਣ ਅਗਲੇ ਤਿੰਨ ਹਫ਼ਤਿਆਂ ਤੱਕ ਜਾਰੀ ਰਹਿਣ ਦੀ ਉਮੀਦ ਹੈ ਅਤੇ ਜੇਕਰ ਲੋੜ ਪਈ ਤਾਂ ਭਵਿੱਖ ਵਿੱਚ ਹੋਰ ਨਵੀਆਂ ਤਾਰੀਖਾਂ ਵੀ ਤੈਅ ਕੀਤੀਆਂ ਜਾ ਸਕਦੀਆਂ ਹਨ। ਗ੍ਰੇਅ ਦਾ ਪਰਿਵਾਰ ਪਿਛਲੇ ਲਗਭਗ ਇੱਕ ਦਹਾਕੇ ਤੋਂ ਇਨਸਾਫ਼ ਦੀ ਲੜਾਈ ਲੜ ਰਿਹਾ ਹੈ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਇਸ ਵਾਰ ਸਾਰੇ ਤੱਥ ਨਿਰਪੱਖਤਾ ਨਾਲ ਲੋਕਾਂ ਦੇ ਸਾਹਮਣੇ ਆਉਣਗੇ। ਇਸ ਮਾਮਲੇ ਨੇ ਕੈਨੇਡਾ ਵਿੱਚ ਪੁਲਿਸ ਦੀ ਕਾਰਜਪ੍ਰਣਾਲੀ ਅਤੇ ਜਨਤਕ ਜਵਾਬਦੇਹੀ ਬਾਰੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਪੂਰੇ ਦੇਸ਼ ਦੇ ਲੋਕ ਇਸ ਸੁਣਵਾਈ ਦੇ ਨਤੀਜਿਆਂ ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ ਤਾਂ ਜੋ ਇਹ ਦੇਖਿਆ ਜਾ ਸਕੇ ਕਿ ਕੀ ਸਾਲਾਂ ਪੁਰਾਣੇ ਇਸ ਦਰਦਨਾਕ ਹਾਦਸੇ ਵਿੱਚ ਜ਼ਿੰਮੇਵਾਰ ਲੋਕਾਂ ਨੂੰ ਅੰਤ ਵਿੱਚ ਸਜ਼ਾ ਮਿਲਦੀ ਹੈ ਜਾਂ ਨਹੀਂ।

# ਬੀ.ਸੀ. ਦੀ ਸ਼ਾਰਲਟ ਝੀਲ ਵਿੱਚ ਵੱਡਾ ਦੁਖਾਂਤ: ਬਰਫ਼ ਟੁੱਟਣ ਕਾਰਨ ਦੋ ਸਨੋਅ-ਮੋਬਾਈਲ ਸਵਾਰਾਂ ਦੀ ਮੌਤ

## ਜੰਮੀਆਂ ਝੀਲਾਂ ਉੱਤੇ ਸਫ਼ਰ ਪੈ ਸਕਦਾ ਹੈ ਭਾਰੀ, ਪੁਲਿਸ ਨੇ ਦਿੱਤੀ ਸਖ਼ਤ ਚਿਤਾਵਨੀ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੀ ਇੱਕ ਝੀਲ ਵਿੱਚ ਬਰਫ਼ ਟੁੱਟਣ ਕਾਰਨ ਵਾਪਰੇ ਇੱਕ ਦੁਖਦਾਈ ਹਾਦਸੇ ਵਿੱਚ ਦੋ ਸਨੋਅ-ਮੋਬਾਈਲ ਸਵਾਰਾਂ ਦੀ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਅਨਾਹਿਮ ਲੇਕ ਆਰਸੀਐਮਪੀ ਨੇ ਦੱਸਿਆ ਕਿ ਐਤਵਾਰ ਨੂੰ ਸ਼ਾਰਲਟ ਝੀਲ ਵਿੱਚੋਂ ਇੱਕ ਮਰਦ ਅਤੇ ਇੱਕ ਔਰਤ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਇਹ ਹਾਦਸਾ ਪਿਛਲੇ ਹਫ਼ਤੇ ਵਾਪਰਿਆ ਸੀ ਪਰ ਝੀਲ ਉੱਤੇ ਬਰਫ਼ ਦੁਬਾਰਾ ਜੰਮ ਜਾਣ ਕਾਰਨ ਹਾਦਸੇ ਵਾਲੀ ਥਾਂ ਦਾ ਪਤਾ ਲਗਾਉਣਾ ਕਾਫ਼ੀ ਮੁਸ਼ਕਲ ਹੋ ਗਿਆ ਸੀ। ਪੁਲਿਸ ਅਧਿਕਾਰੀਆਂ ਨੇ ਸੋਮਵਾਰ ਨੂੰ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਹਨਾਂ ਨੂੰ ਇਹਨਾਂ ਵਿਅਕਤੀਆਂ ਦੇ ਲਾਪਤਾ ਹੋਣ ਦੀ ਰਿਪੋਰਟ ਪਿਛਲੇ ਸ਼ੁੱਕਰਵਾਰ ਨੂੰ ਮਿਲੀ ਸੀ ਜਿਸ ਵਿੱਚ ਦੱਸਿਆ ਗਿਆ ਸੀ ਕਿ ਇਹਨਾਂ ਨੂੰ ਸਤਾਰਾਂ ਫਰਵਰੀ ਤੋਂ ਬਾਅਦ ਨਹੀਂ ਦੇਖਿਆ ਗਿਆ ਹੈ। ਜਦੋਂ ਪੁਲਿਸ ਟੀਮਾਂ ਹਾਦਸੇ ਵਾਲੀ ਥਾਂ ਵੱਲ ਰਵਾਨਾ ਹੋ ਰਹੀਆਂ ਸਨ ਤਾਂ ਗੁਆਂਢੀਆਂ ਨੇ ਆਪਣੇ ਪੱਧਰ ਉੱਤੇ ਭਾਲ ਸ਼ੁਰੂ ਕਰ ਦਿੱਤੀ ਸੀ। ਇਸੇ ਦੌਰਾਨ ਉਹਨਾਂ ਨੂੰ ਸ਼ਾਰਲਟ ਝੀਲ ਦੀ ਜੰਮੀ ਹੋਈ ਬਰਫ਼ ਦੇ ਹੇਠਾਂ ਦੋਵਾਂ ਵਿਅਕਤੀਆਂ ਦੀਆਂ ਲਾਸ਼ਾਂ ਮਿਲੀਆਂ। ਜਾਂਚਕਰਤਾਵਾਂ ਦਾ ਮੰਨਣਾ ਹੈ ਕਿ ਇਹ ਦੋਵੇਂ ਸਤਾਰਾਂ ਫਰਵਰੀ ਨੂੰ ਆਪਣੇ ਸਨੋਅ-ਮੋਬਾਈਲਾਂ ਸਮੇਤ ਝੀਲ ਦੀ ਕੱਚੀ ਬਰਫ਼ ਉੱਤੋਂ ਗੁਜ਼ਰ ਰਹੇ ਸਨ ਜਦੋਂ ਅਚਾਨਕ ਬਰਫ਼ ਟੁੱਟ ਗਈ ਅਤੇ ਉਹ ਗੱਡੀਆਂ ਸਮੇਤ ਠੰਢੇ ਪਾਣੀ ਵਿੱਚ ਡੁੱਬ ਗਏ। ਅਨਾਹਿਮ ਲੇਕ



ਪੁਲਿਸ ਨੇ ਇੱਕ ਪ੍ਰੈਸ ਰਿਲੀਜ਼ ਰਾਹੀਂ ਦੱਸਿਆ ਕਿ ਲਾਪਤਾ ਹੋਣ ਦੀ ਰਿਪੋਰਟ ਦੇਰੀ ਨਾਲ ਮਿਲਣ ਕਾਰਨ ਝੀਲ ਦੀ ਸਤ੍ਹਾ ਉੱਤੇ ਬਰਫ਼ ਨੂੰ ਦੁਬਾਰਾ ਜੰਮਣ ਦਾ ਸਮਾਂ ਮਿਲ ਗਿਆ ਸੀ ਜਿਸ ਕਾਰਨ ਬਰਫ਼ ਵਿੱਚ ਪਿਆ ਪਾੜਾ ਪੂਰੀ ਤਰ੍ਹਾਂ ਲੁਕ ਗਿਆ ਸੀ। ਹਾਦਸੇ ਵਾਲੀ ਥਾਂ ਤੋਂ ਲਾਸ਼ਾਂ ਨੂੰ ਬਾਹਰ ਕੱਢਣ ਲਈ ਬਾਈ ਫਰਵਰੀ ਨੂੰ ਆਰਸੀਐਮਪੀ ਦੀ ਅੰਡਰਵਾਟਰ ਰਿਕਵਰੀ ਟੀਮ ਦੇ ਮੈਂਬਰ ਮੌਕੇ ਉੱਤੇ ਪਹੁੰਚੇ। ਇਹਨਾਂ ਮੈਂਬਰਾਂ ਕੋਲ ਬਰਫ਼ ਦੇ ਹੇਠਾਂ ਗੋਤਾਖੋਰੀ ਕਰਨ ਦੀ ਵਿਸ਼ੇਸ਼ ਸਿਖਲਾਈ ਸੀ ਜਿਸ ਦੀ ਮਦਦ ਨਾਲ ਦੋਵਾਂ ਵਿਅਕਤੀਆਂ ਨੂੰ ਬਾਹਰ ਕੱਢ ਲਿਆ ਗਿਆ। ਮ੍ਰਿਤਕਾਂ ਦੀ ਪਛਾਣ ਹੰਡਰਡ ਮਾਈਲ ਹਾਊਸ ਦੇ ਰਹਿਣ ਵਾਲੇ ਪੈਂਹਠ ਸਾਲਾ ਵਿਅਕਤੀ ਅਤੇ ਅਠਵੰਜਾ ਸਾਲਾ ਔਰਤ ਵਜੋਂ ਹੋਈ ਹੈ। ਪੁਲਿਸ ਅਨੁਸਾਰ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਅਪਰਾਧਿਕ ਸਾਜ਼ਿਸ਼ ਜਾਂ ਗਲਤ ਕੰਮ ਦਾ ਸ਼ੱਕ ਨਹੀਂ ਹੈ ਅਤੇ ਇਹ ਸਿਰਫ ਇੱਕ ਦੁਖਦਾਈ ਹਾਦਸਾ ਹੀ ਲੱਗ ਰਿਹਾ ਹੈ।

ਅਨਾਹਿਮ ਲੇਕ ਆਰਸੀਐਮਪੀ ਦੇ ਡਿਟੈਚਮੈਂਟ ਕਮਾਂਡਰ ਸਾਰਜੈਂਟ ਸਕੌਟ ਕਲੇਅ ਨੇ ਇਸ ਦੁਖਦਾਈ ਘਟਨਾ ਉੱਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਹਨਾਂ ਨੇ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਦੋਸਤਾਂ ਨਾਲ ਹਮਦਰਦੀ ਜਤਾਉਂਦਿਆਂ ਕਿਹਾ ਕਿ ਇਹ ਸਮਾਂ ਉਹਨਾਂ ਲਈ ਬਹੁਤ ਮੁਸ਼ਕਲ ਹੈ। ਇਸ ਦੇ ਨਾਲ ਹੀ ਉਹਨਾਂ ਨੇ ਆਮ ਜਨਤਾ ਨੂੰ ਸਖ਼ਤ ਚਿਤਾਵਨੀ ਵੀ ਜਾਰੀ ਕੀਤੀ ਹੈ। ਉਹਨਾਂ ਕਿਹਾ ਕਿ ਬਦਲਦੇ ਤਾਪਮਾਨ ਕਾਰਨ ਜੰਮੀਆਂ ਹੋਈਆਂ ਝੀਲਾਂ ਜਾਂ ਨਦੀਆਂ ਉੱਤੇ ਕੋਈ ਵੀ ਗਤੀਵਿਧੀ ਕਰਨੀ ਬੇਹੱਦ ਖਤਰਨਾਕ ਸਾਬਤ ਹੋ ਸਕਦੀ ਹੈ। ਉਹਨਾਂ ਨੇ ਸਾਰਿਆਂ ਨੂੰ ਅਪੀਲ ਕੀਤੀ ਹੈ ਕਿ ਅਜਿਹੀਆਂ ਥਾਵਾਂ ਉੱਤੇ ਸਫ਼ਰ ਕਰਦੇ ਸਮੇਂ ਬੇਹੱਦ ਸਾਵਧਾਨੀ ਵਰਤੀ ਜਾਵੇ ਤਾਂ ਜੋ ਅਜਿਹੇ ਭਿਆਨਕ ਹਾਦਸਿਆਂ ਤੋਂ ਬਚਿਆ ਜਾ ਸਕੇ। This report was written by Divroop Kaur as part of the Local Journalism Initiative.

# ਗਰਮੀਆਂ ਦੀਆਂ ਛੁੱਟੀਆਂ ਵਿੱਚ ਘੁੰਮਣ ਦੀ ਹੈ ਤਿਆਰੀ ਤਾਂ ਮਾਹਿਰਾਂ ਨੇ ਦਿੱਤੀ ਜਲਦੀ ਬੁਕਿੰਗ ਕਰਵਾਉਣ ਦੀ ਸਲਾਹ

ਸਰੀ, (ਦਿਵਰੂਪ ਕੌਰ): ਜੇਕਰ ਤੁਸੀਂ ਇਸ ਸਾਲ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਕਿਤੇ ਬਾਹਰ ਘੁੰਮਣ ਜਾਣ ਦੀ ਯੋਜਨਾ ਬਣਾ ਰਹੇ ਹੋ, ਤਾਂ ਯਾਤਰਾ ਮਾਹਿਰਾਂ ਅਨੁਸਾਰ ਵਧੀਆ ਰੇਟ ਪ੍ਰਾਪਤ ਕਰਨ ਲਈ ਹੁਣੇ ਬੁਕਿੰਗ ਕਰਵਾਉਣੀ ਸਭ ਤੋਂ ਬਿਹਤਰ ਰਹੇਗੀ। ਯਾਤਰਾ ਮਾਹਿਰ ਕਲੇਅਰ ਨਿਊਏਲ ਅਨੁਸਾਰ ਹਵਾਈ ਕੰਪਨੀਆਂ ਆਮ ਤੌਰ ਉੱਤੇ ਆਪਣੇ ਸਿਸਟਮ ਵਿੱਚ ਕਈ ਮਹੀਨੇ ਪਹਿਲਾਂ ਹੀ ਉਡਾਣਾਂ ਦੀ ਜਾਣਕਾਰੀ ਪਾ ਦਿੰਦੀਆਂ ਹਨ। ਇਹ ਸਮਾਂ ਲਗਭਗ ਸਾਢੇ ਗਿਆਰਾਂ ਮਹੀਨੇ ਪਹਿਲਾਂ ਦਾ ਹੁੰਦਾ ਹੈ। ਭਾਵੇਂ ਤੁਸੀਂ ਪੂਰੇ ਬਾਰਾਂ ਮਹੀਨੇ ਪਹਿਲਾਂ ਬੁਕਿੰਗ ਨਹੀਂ ਕਰ ਸਕਦੇ, ਪਰ ਜੋ ਲੋਕ ਸਹੀ ਸਮੇਂ ਉੱਤੇ ਇਸ ਸਹੂਲਤ ਦਾ ਫਾਇਦਾ ਉਠਾਉਂਦੇ ਹਨ, ਉਹ ਸਭ ਤੋਂ ਵਧੀਆ ਰੇਟ ਪ੍ਰਾਪਤ ਕਰਨ ਵਿੱਚ ਕਾਮਯਾਬ ਰਹਿੰਦੇ ਹਨ। ਇਸ ਦੇ ਉਲਟ ਸਪਰਿੰਗ ਬ੍ਰੇਕ ਦੇ ਬਿਲਕੁਲ ਨੇੜੇ ਆ ਕੇ ਕੋਈ ਵਧੀਆ ਡੀਲ ਲੱਭਣਾ ਇੱਕ ਮੁਸ਼ਕਲ ਕੰਮ ਹੋ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਆਖਰੀ ਸਮੇਂ ਉੱਤੇ ਸਸਤੀਆਂ ਟਿਕਟਾਂ ਮਿਲਣਾ ਹੁਣ ਲਗਭਗ ਇੱਕ ਮਿੱਥ ਬਣ ਕੇ ਰਹਿ ਗਿਆ ਹੈ।




ਨਿੱਜੀ ਵਿੱਤ ਅਤੇ ਯਾਤਰਾ ਮਾਹਿਰ ਬੈਰੀ ਚੋਏ ਨੇ ਦੱਸਿਆ ਕਿ ਲੋਕਾਂ ਵਿੱਚ ਇਹ ਇੱਕ ਬਹੁਤ ਵੱਡੀ ਗਲਤਫਹਿਮੀ ਹੈ ਕਿ ਉਹ ਸਪਰਿੰਗ ਬ੍ਰੇਕ ਜਾਂ ਗਰਮੀਆਂ ਦੀਆਂ ਛੁੱਟੀਆਂ ਲਈ ਆਖਰੀ ਮਿੰਟ ਵਿੱਚ ਕੋਈ ਸਸਤੀ ਡੀਲ ਹਾਸਲ ਕਰ ਸਕਦੇ ਹਨ। ਅਸਲੀਅਤ ਇਹ ਹੈ ਕਿ ਸਾਰੀਆਂ ਏਅਰਲਾਈਨਾਂ, ਹੋਟਲ ਅਤੇ ਕਰੂਜ਼ ਆਪਰੇਟਰਾਂ ਕੋਲ ਬਹੁਤ ਜ਼ਿਆਦਾ ਅੰਕੜੇ ਮੌਜੂਦ ਹੁੰਦੇ ਹਨ। ਉਨ੍ਹਾਂ ਨੂੰ ਚੰਗੀ ਤਰ੍ਹਾਂ ਪਤਾ ਹੁੰਦਾ ਹੈ ਕਿ ਉਨ੍ਹਾਂ ਦੀਆਂ ਟਿਕਟਾਂ ਕਦੋਂ ਵਿਕ ਜਾਣਗੀਆਂ। ਜੇਕਰ ਕੋਈ ਵਿਅਕਤੀ ਆਖਰੀ ਸਮੇਂ ਉੱਤੇ ਟਿਕਟ ਬੁੱਕ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਉਸ ਨੂੰ ਟਿਕਟ ਬਹੁਤ ਮਹਿੰਗੀ ਮਿਲੇਗੀ। ਚੋਏ ਅਨੁਸਾਰ ਇਹ ਸਭ ਡਾਇਨਾਮਿਕ ਪ੍ਰਾਈਸਿੰਗ ਯਾਨੀ ਗਤੀਸ਼ੀਲ ਕੀਮਤ ਪ੍ਰਣਾਲੀ ਕਾਰਨ ਹੁੰਦਾ ਹੈ ਜੋ ਸਪਲਾਈ ਅਤੇ ਮੰਗ ਉੱਤੇ ਨਿਰਭਰ ਕਰਦੀ ਹੈ। ਹਵਾਈ ਕਿਰਾਏ ਅਤੇ ਹੋਟਲਾਂ ਦੀਆਂ ਕੀਮਤਾਂ ਰੋਜ਼ਾਨਾ ਅਤੇ ਕਈ ਵਾਰ ਘੰਟਿਆਂ ਦੇ ਹਿਸਾਬ ਨਾਲ ਵੀ ਬਦਲ ਸਕਦੀਆਂ ਹਨ। ਸਵੇਰੇ ਦੇਖੀ ਗਈ ਟਿਕਟ ਦੀ ਕੀਮਤ ਰਾਤ ਤੱਕ ਪੂਰੀ ਤਰ੍ਹਾਂ ਬਦਲ ਸਕਦੀ ਹੈ। ਡਾਇਨਾਮਿਕ ਪ੍ਰਾਈਸਿੰਗ ਦਾ ਜ਼ਿਆਦਾਤਰ ਹਿੱਸਾ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ ਯਾਨੀ ਏਆਈ ਦੁਆਰਾ ਚਲਾਇਆ ਜਾਂਦਾ ਹੈ। ਕੰਪਨੀਆਂ ਕੀਮਤਾਂ ਨੂੰ ਪ੍ਰਭਾਵਿਤ ਕਰਨ ਲਈ ਨਿੱਜੀ ਜਾਣਕਾਰੀ ਅਤੇ ਰੁਝਾਨਾਂ ਉੱਤੇ ਨਜ਼ਰ ਰੱਖ ਸਕਦੀਆਂ ਹਨ। ਉਨ੍ਹਾਂ ਦੀਆਂ ਏਆਈ ਪ੍ਰਣਾਲੀਆਂ ਇਹ ਦੇਖ ਸਕਦੀਆਂ ਹਨ ਕਿ ਕਿਹੜੇ ਰੂਟ ਸਭ ਤੋਂ ਪਹਿਲਾਂ ਵਿਕਣਗੇ। ਜੇਕਰ ਉਨ੍ਹਾਂ ਨੂੰ ਲੱਗਦਾ ਹੈ ਕਿ ਕੋਈ ਰੂਟ ਨਹੀਂ ਵਿਕ ਰਿਹਾ, ਤਾਂ ਉਹ ਆਖਰੀ ਸਮੇਂ ਦੀ ਉਡੀਕ ਕਰਨ ਦੀ ਬਜਾਏ ਪਹਿਲਾਂ ਹੀ ਵਿਸ਼ੇਸ਼ ਆਫਰ ਦੇ ਦਿੰਦੇ ਹਨ। ਇਸ ਲਈ ਸਫ਼ਰ ਦੌਰਾਨ ਪੈਸੇ ਬਚਾਉਣ ਲਈ ਲਚਕਤਾ ਦਿਖਾਉਣਾ ਬਹੁਤ ਜ਼ਰੂਰੀ ਹੈ। ਜਿਨ੍ਹਾਂ ਲੋਕਾਂ ਨੇ ਹਾਲੇ ਤੱਕ ਸਪਰਿੰਗ ਬ੍ਰੇਕ ਦੀ ਬੁਕਿੰਗ ਨਹੀਂ ਕੀਤੀ ਹੈ, ਉਹ ਆਪਣੇ ਸਫ਼ਰ ਦੇ ਦਿਨਾਂ ਵਿੱਚ ਬਦਲਾਅ ਕਰਕੇ ਵਧੀਆ ਰੇਟ ਪ੍ਰਾਪਤ ਕਰ ਸਕਦੇ ਹਨ। ਆਮ ਤੌਰ ਉੱਤੇ ਮੰਗਲਵਾਰ ਤੋਂ ਵੀਰਵਾਰ ਦੇ ਵਿਚਕਾਰ ਯਾਤਰਾ ਕਰਨਾ ਸ਼ੁੱਕਰਵਾਰ ਤੋਂ ਸੋਮਵਾਰ ਦੇ ਮੁਕਾਬਲੇ ਕਾਫ਼ੀ ਸਸਤਾ ਹੁੰਦਾ ਹੈ। ਟ੍ਰੈਵਲ ਏਜੰਟਾਂ ਦੀ ਮਦਦ ਲੈਣਾ ਵੀ ਖਪਤਕਾਰਾਂ ਲਈ ਇੱਕ ਵਧੀਆ ਵਿਕਲਪ ਹੋ ਸਕਦਾ ਹੈ, ਖਾਸ ਕਰਕੇ ਜਦੋਂ ਕਰੂਜ਼ ਬੁੱਕ ਕਰਨਾ ਹੋਵੇ। ਵੱਡੀਆਂ ਏਜੰਸੀਆਂ ਕਰੂਜ਼ ਸ਼ੁਰੂ ਹੋਣ ਤੋਂ ਕਈ ਸਾਲ ਪਹਿਲਾਂ ਹੀ ਗਰੁੱਪ ਸਪੇਸ ਬੁੱਕ ਕਰ ਲੈਂਦੀਆਂ ਹਨ ਜਿਸ ਕਾਰਨ ਉਹ ਅਜਿਹੇ ਰੇਟ ਦੇ ਸਕਦੀਆਂ ਹਨ ਜੋ ਆਮ ਲੋਕਾਂ ਨੂੰ ਆਨਲਾਈਨ ਨਹੀਂ ਮਿਲ ਸਕਦੇ। ਭਾਵੇਂ ਅੱਜ ਦੇ ਦੌਰ ਵਿੱਚ ਇੰਟਰਨੈਟ ਉੱਤੇ ਕਈ ਸਾਧਨ ਮੌਜੂਦ ਹਨ, ਪਰ ਫਿਰ ਵੀ ਟ੍ਰੈਵਲ ਏਜੰਟ ਅਕਸਰ ਬਿਹਤਰ ਡੀਲ ਦਿਵਾਉਣ ਵਿੱਚ ਕਾਮਯਾਬ ਰਹਿੰਦੇ ਹਨ। ਇਸ ਤੋਂ ਇਲਾਵਾ ਚੋਏ ਲੋਕਾਂ ਨੂੰ ਵੱਖ ਵੱਖ ਵਫ਼ਾਦਾਰੀ ਕਾਰਡ ਯਾਨੀ ਲੋਇਲਟੀ ਕਾਰਡਾਂ ਦੀ ਵਰਤੋਂ ਕਰਨ ਅਤੇ ਕੀਮਤਾਂ ਵਿੱਚ ਗਿਰਾਵਟ ਆਉਣ ਉੱਤੇ ਸੂਚਨਾ ਦੇਣ ਵਾਲੀਆਂ ਸਾਈਟਾਂ ਦੀ ਮਦਦ ਲੈਣ ਦੀ ਸਲਾਹ ਦਿੰਦੇ ਹਨ। ਜੇਕਰ ਤੁਹਾਡੇ ਕੋਲ ਲੋਇਲਟੀ ਪੁਆਇੰਟ ਜਮ੍ਹਾਂ ਹਨ, ਤਾਂ ਇਸ ਸਾਲ ਉਨ੍ਹਾਂ ਨੂੰ ਲੰਬੀ ਦੂਰੀ ਦੀਆਂ ਉਡਾਣਾਂ ਲਈ ਵਰਤਣਾ ਚਾਹੀਦਾ ਹੈ। ਛੋਟੇ ਸਫ਼ਰ ਲਈ ਇਨ੍ਹਾਂ ਦੀ ਵਰਤੋਂ ਕਰਨਾ ਫਾਇਦੇਮੰਦ ਨਹੀਂ ਹੁੰਦਾ ਹੈ। This report was written by Divroop Kaur as part of the Local Journalism Initiative.

# ਵੈਨਕੂਵਰ ਸਿਟੀ ਕੌਂਸਲ ਵੱਲੋਂ ਅਮਰੀਕੀ ਆਈਸੀਈ ਏਜੰਟਾਂ ਦੇ ਵਿਰੋਧ ਵਾਲਾ ਮਤਾ ਰੱਦ

## ਫੀਫਾ ਵਿਸ਼ਵ ਕੱਪ ਦੌਰਾਨ ਅਮਰੀਕੀ ਏਜੰਟਾਂ ਦੀ ਤਾਇਨਾਤੀ ਦਾ ਮੁੱਦਾ ਗਰਮਾਇਆ, ਮੇਅਰ ਕੇਨ ਸਿਮ ਨੇ ਜਤਾਇਆ ਸਖ਼ਤ ਇਤਰਾਜ਼



ਸਰੀ, (ਦਿਵਰੂਪ ਕੌਰ): ਵੈਨਕੂਵਰ ਸਿਟੀ ਕੌਂਸਲ ਹੁਣ ਉਸ ਮਤੇ ਉੱਤੇ ਵਿਚਾਰ ਨਹੀਂ ਕਰ ਰਹੀ ਹੈ ਜਿਸ ਦਾ ਮੁੱਖ ਮਕਸਦ ਫੀਫਾ ਵਿਸ਼ਵ ਕੱਪ ਦੌਰਾਨ ਵੈਨਕੂਵਰ ਵਿੱਚ ਅਮਰੀਕੀ ਆਈਸੀਈ ਯਾਨੀ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਏਜੰਟਾਂ ਦੀ ਕਿਸੇ ਵੀ ਤਰ੍ਹਾਂ ਦੀ ਤਾਇਨਾਤੀ ਦਾ ਵਿਰੋਧ ਕਰਨਾ ਸੀ। ਬੁੱਧਵਾਰ ਸਵੇਰੇ ਹੋਈ ਕੌਂਸਲ ਦੀ ਇੱਕ ਅਹਿਮ ਮੀਟਿੰਗ ਦੌਰਾਨ ਮੀਟਿੰਗ ਦੇ ਚੇਅਰ ਮਾਈਕ ਕਲਾਸਨ ਨੇ ਇਸ ਮਤੇ ਨੂੰ ਨਿਯਮਾਂ ਦੇ ਵਿਰੁੱਧ ਯਾਨੀ 'ਆਊਟ ਆਫ ਆਰਡਰ' ਕਰਾਰ ਦੇ ਕੇ ਰੱਦ ਕਰ ਦਿੱਤਾ। ਕਲਾਸਨ ਨੇ ਆਪਣਾ ਪੱਖ ਰੱਖਦਿਆਂ ਸਪੱਸ਼ਟ ਕੀਤਾ ਕਿ ਹਾਲੇ ਤੱਕ ਅਜਿਹਾ ਕੋਈ ਸੰਕੇਤ ਜਾਂ ਸਰਕਾਰੀ ਜਾਣਕਾਰੀ ਨਹੀਂ ਮਿਲੀ ਹੈ ਜਿਸ ਤੋਂ ਇਹ ਪਤਾ ਲੱਗਦਾ ਹੋਵੇ ਕਿ ਆਉਣ ਵਾਲੇ ਵਿਸ਼ਵ ਕੱਪ ਦੌਰਾਨ ਅਮਰੀਕੀ ਆਈਸੀਈ ਅਧਿਕਾਰੀਆਂ ਨੂੰ ਇੱਥੇ ਤਾਇਨਾਤ ਕੀਤਾ ਜਾਣਾ ਹੈ। ਕਲਾਸਨ ਦੇ ਇਸ ਫੈਸਲੇ ਨੂੰ ਚੁਣੌਤੀ ਦੇਣ ਲਈ ਕੁਝ ਹੋਰ ਕੌਂਸਲਰਾਂ ਵੱਲੋਂ ਕੋਸ਼ਿਸ਼ ਵੀ ਕੀਤੀ ਗਈ ਪਰ ਉਹ ਸਿਰਫ਼ ਇੱਕ ਵੋਟ ਦੇ ਫਰਕ ਨਾਲ ਹਾਰ ਗਏ ਜਿਸ ਕਾਰਨ ਮਤੇ ਉੱਤੇ ਹੋਰ ਕੋਈ ਚਰਚਾ ਨਹੀਂ ਹੋ ਸਕੀ। ਇਹ ਪ੍ਰਸਤਾਵ ਗ੍ਰੀਨ ਪਾਰਟੀ ਦੇ ਕੌਂਸਲਰ ਪੀਟ ਫਰਾਈ ਅਤੇ ਕੋਪ ਕੌਂਸਲਰ ਸੀਨ ਓਰ ਵੱਲੋਂ ਸਾਂਝੇ ਤੌਰ ਉੱਤੇ ਪੇਸ਼ ਕੀਤਾ ਗਿਆ ਸੀ। ਉਨ੍ਹਾਂ ਨੇ ਇਹ ਕਦਮ ਉਦੋਂ ਚੁੱਕਿਆ ਜਦੋਂ ਇਹ ਖਬਰਾਂ ਸਾਹਮਣੇ ਆਈਆਂ ਕਿ ਅਮਰੀਕਾ ਨੇ ਮਿਲਾਨ ਵਿੰਟਰ ਓਲੰਪਿਕ ਖੇਡਾਂ ਦੌਰਾਨ ਆਪਣੇ ਆਈਸੀਈ ਮੈਂਬਰਾਂ ਨੂੰ ਉੱਥੇ ਭੇਜਿਆ ਸੀ। ਕੌਂਸਲਰਾਂ ਨੂੰ ਖਦਸ਼ਾ ਸੀ ਕਿ ਵੈਨਕੂਵਰ ਵਿੱਚ ਹੋਣ ਵਾਲੇ ਫੀਫਾ ਵਿਸ਼ਵ ਕੱਪ ਦੌਰਾਨ ਵੀ ਅਜਿਹਾ ਹੀ ਕੁਝ ਦੇਖਣ ਨੂੰ ਮਿਲ ਸਕਦਾ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਵਿਦੇਸ਼ੀ ਏਜੰਟਾਂ ਦੀ ਮੌਜੂਦਗੀ ਸ਼ਹਿਰ ਦੀ ਪ੍ਰਭੂਸੱਤਾ ਅਤੇ ਸਥਾਨਕ ਨਿਯਮਾਂ ਦੇ ਉਲਟ ਹੋ ਸਕਦੀ ਹੈ। ਹਾਲਾਂਕਿ ਕੌਂਸਲ ਦੀ ਬਹੁਮਤ ਨੇ ਮੌਜੂਦਾ ਹਾਲਾਤਾਂ ਵਿੱਚ ਇਸ ਮਤੇ ਨੂੰ ਗੈਰ ਜ਼ਰੂਰੀ ਮੰਨਦਿਆਂ ਇਸ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਵੈਨਕੂਵਰ ਦੇ ਮੇਅਰ ਕੇਨ ਸਿਮ ਨੇ ਵੀ ਇਸ ਸੰਵੇਦਨਸ਼ੀਲ ਮੁੱਦੇ ਉੱਤੇ ਸੋਮਵਾਰ ਨੂੰ ਇੱਕ ਅਧਿਕਾਰਤ ਬਿਆਨ ਜਾਰੀ ਕੀਤਾ ਸੀ। ਮੇਅਰ ਨੇ ਆਪਣੇ ਬਿਆਨ ਵਿੱਚ ਬੜੇ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਆਈਸੀਈ ਏਜੰਟਾਂ ਨੂੰ ਫੀਫਾ ਵਿਸ਼ਵ ਕੱਪ ਲਈ ਵੈਨਕੂਵਰ ਵਿੱਚ ਕੰਮ ਕਰਨ ਲਈ ਕੋਈ ਸੱਦਾ ਨਹੀਂ ਦਿੱਤਾ ਗਿਆ ਹੈ ਅਤੇ ਨਾ ਹੀ ਇੱਥੇ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ ਕਰਨ ਲਈ ਉਨ੍ਹਾਂ ਦਾ ਸਵਾਗਤ ਹੈ। ਮੇਅਰ ਨੇ ਅੱਗੇ ਸਪੱਸ਼ਟ ਕੀਤਾ ਕਿ ਕੈਨੇਡੀਅਨ ਕਾਨੂੰਨ ਅਨੁਸਾਰ ਕੋਈ ਵੀ ਵਿਦੇਸ਼ੀ ਕਾਨੂੰਨ ਲਾਗੂ ਕਰਨ ਵਾਲਾ ਅਧਿਕਾਰੀ ਕੈਨੇਡਾ ਦੀ ਸਰਕਾਰ ਦੀ ਸਪੱਸ਼ਟ ਇਜਾਜ਼ਤ ਤੋਂ ਬਿਨਾਂ ਇੱਥੇ ਪੁਲਿਸਿੰਗ ਜਾਂ ਇਮੀਗ੍ਰੇਸ਼ਨ ਸਬੰਧੀ ਸ਼ਕਤੀਆਂ ਦੀ ਵਰਤੋਂ ਨਹੀਂ ਕਰ ਸਕਦਾ। ਪ੍ਰਸ਼ਾਸਨ ਵੱਲੋਂ ਇਹ ਵੀ ਸਾਫ਼ ਕਰ ਦਿੱਤਾ ਗਿਆ ਹੈ ਕਿ ਆਈਸੀਈ ਨੂੰ ਵੈਨਕੂਵਰ ਵਿੱਚ ਇਮੀਗ੍ਰੇਸ਼ਨ ਜਾਂ ਪੁਲਿਸਿੰਗ ਨਾਲ ਸਬੰਧਤ ਕਾਰਵਾਈਆਂ ਕਰਨ ਲਈ ਕੋਈ ਵੀ ਅਧਿਕਾਰਤ ਮਨਜ਼ੂਰੀ ਨਹੀਂ ਦਿੱਤੀ ਗਈ ਹੈ। ਸਰਕਾਰ ਮੁਤਾਬਕ ਵਿਸ਼ਵ ਕੱਪ ਵਰਗੇ ਵੱਡੇ ਸਮਾਗਮਾਂ ਦੌਰਾਨ ਸੁਰੱਖਿਆ ਪ੍ਰਬੰਧਾਂ ਦੀ ਜ਼ਿੰਮੇਵਾਰੀ ਕੈਨੇਡੀਅਨ ਏਜੰਸੀਆਂ ਦੀ ਹੀ ਹੁੰਦੀ ਹੈ। ਭਾਵੇਂ ਕੌਂਸਲ ਵਿੱਚ ਮਤਾ ਰੱਦ ਹੋ ਗਿਆ ਹੈ ਪਰ ਇਸ ਮੁੱਦੇ ਨੇ ਸ਼ਹਿਰ ਵਿੱਚ ਸੁਰੱਖਿਆ ਅਤੇ ਵਿਦੇਸ਼ੀ ਦਖਲਅੰਦਾਜ਼ੀ ਨੂੰ ਲੈ ਕੇ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ। ਵਿਸ਼ਵ ਕੱਪ ਦੀਆਂ ਤਿਆਰੀਆਂ ਵਿਚਾਲੇ ਪ੍ਰਸ਼ਾਸਨ ਹੁਣ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਸਾਰੇ ਪ੍ਰਬੰਧ ਕੈਨੇਡੀਅਨ ਕਾਨੂੰਨਾਂ ਦੇ ਦਾਇਰੇ ਵਿੱਚ ਰਹਿ ਕੇ ਹੀ ਕੀਤੇ ਜਾਣ। This report was written by Divroop Kaur as part of the Local Journalism Initiative.

# ਲੈਂਗਲੀ ਸਕੂਲ ਬੋਰਡ ਵੱਲੋਂ ਦੋ ਨਵੇਂ ਸਕੂਲਾਂ ਦੇ ਨਾਵਾਂ ਦਾ ਐਲਾਨ, ਵਿਲੋਬੀ ਇਲਾਕੇ ਵਿੱਚ ਸਿੱਖਿਆ ਦੇ ਨਵੇਂ ਯੁੱਗ ਦੀ ਸ਼ੁਰੂਆਤ

ਸਰੀ, (ਦਿਵਰੂਪ ਕੌਰ): ਲੈਂਗਲੀ ਸਕੂਲ ਬੋਰਡ ਨੇ ਆਪਣੇ ਦੋ ਨਵੇਂ ਸਕੂਲਾਂ ਲਈ ਨਵੇਂ ਨਾਵਾਂ ਦਾ ਉਦਘਾਟਨ ਕਰ ਦਿੱਤਾ ਹੈ ਜੋ ਇਸ ਸਮੇਂ ਵਿਲੋਬੀ ਖੇਤਰ ਵਿੱਚ ਨਿਰਮਾਣ ਅਧੀਨ ਹਨ। ਇਹ ਦੋਵੇਂ ਸਕੂਲ, ਜਿਨ੍ਹਾਂ ਦੇ ਨਾਮ ਐਮਰੀ ਡੌਸਡਾਲ ਸੈਕੰਡਰੀ ਅਤੇ ਸਟੈਟਲੋ ਮਿਡਲ ਸਕੂਲ ਰੱਖੇ ਗਏ ਹਨ, ਸਾਲ ਦੋ ਹਜ਼ਾਰ ਸਤਾਈ ਦੀਆਂ ਪਤਝੜ ਦੀਆਂ ਛੁੱਟੀਆਂ ਤੋਂ ਬਾਅਦ ਖੁੱਲ੍ਹਣ ਦੀ ਉਮੀਦ ਹੈ।

ਇਹਨਾਂ ਦੋਵਾਂ ਸਕੂਲਾਂ ਵਿੱਚ ਮਿਲਾ ਕੇ ਲਗਭਗ ਅਠਾਈ ਸੌ ਵਿਦਿਆਰਥੀਆਂ ਲਈ ਜਗ੍ਹਾ ਹੋਵੇਗੀ ਜੋ ਇਲਾਕੇ ਵਿੱਚ ਤੇਜ਼ੀ ਨਾਲ ਵਧ ਰਹੀ ਆਬਾਦੀ ਦੀਆਂ ਵਿਦਿਅਕ ਲੋੜਾਂ ਨੂੰ ਪੂਰਾ ਕਰਨ ਵਿੱਚ ਇੱਕ ਬਹੁਤ ਹੀ ਮਹੱਤਵਪੂਰਨ ਭੂਮਿਕਾ ਨਿਭਾਉਣਗੇ। ਐਮਰੀ ਡੌਸਡਾਲ ਸੈਕੰਡਰੀ ਦਾ ਨਾਮ ਲੈਂਗਲੀ ਸਕੂਲ ਜ਼ਿਲ੍ਹੇ ਦੇ ਲੰਬੇ ਸਮੇਂ ਤੱਕ ਸੁਪਰਡੈਂਟ ਰਹੇ ਐਮਰੀ ਡੌਸਡਾਲ ਦੇ ਨਾਮ ਉੱਤੇ ਰੱਖਿਆ ਗਿਆ ਹੈ ਜੋ ਬਾਅਦ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਸਿੱਖਿਆ ਉਪ ਮੰਤਰੀ ਵਜੋਂ ਵੀ ਸੇਵਾਵਾਂ ਨਿਭਾਉਂਦੇ ਰਹੇ ਸਨ।

ਐਮਰੀ ਡੌਸਡਾਲ ਦਾ ਦੇਹਾਂਤ ਸਾਲ ਦੋ ਹਜ਼ਾਰ ਵੀਹ ਵਿੱਚ ਸੱਤਰ ਸਾਲ ਦੀ ਉਮਰ ਵਿੱਚ ਹੋਇਆ ਸੀ ਅਤੇ ਉਨ੍ਹਾਂ ਨੇ ਸਿੱਖਿਆ ਦੇ ਖੇਤਰ ਵਿੱਚ ਇੱਕ ਬਹੁਤ ਹੀ ਸ਼ਾਨਦਾਰ ਵਿਰਾਸਤ ਛੱਡੀ ਹੈ। ਉਨ੍ਹਾਂ ਨੇ ਆਪਣੇ ਪੇਸ਼ੇਵਰ ਸਫ਼ਰ ਦੀ ਸ਼ੁਰੂਆਤ ਅਲਬਰਟਾ ਦੇ ਐਡਮਿੰਟਨ ਵਿੱਚ ਇੱਕ ਅਧਿਆਪਕ ਵਜੋਂ ਕੀਤੀ ਸੀ ਅਤੇ ਫਿਰ ਲੈਂਗਲੀ ਵਿੱਚ ਇੱਕ ਪ੍ਰਸ਼ਾਸਕ ਵਜੋਂ ਆਪਣੀ ਵੱਖਰੀ ਪਛਾਣ ਬਣਾਈ।

ਉਹ ਅੱਸੀ ਦੇ ਦਹਾਕੇ ਦੇ ਜ਼ਿਆਦਾਤਰ ਸਮੇਂ ਅਤੇ ਨੱਬੇ ਦੇ ਦਹਾਕੇ ਦੇ ਸ਼ੁਰੂ ਵਿੱਚ ਲੈਂਗਲੀ ਸਕੂਲ ਜ਼ਿਲ੍ਹੇ ਦੇ ਸੁਪਰਡੈਂਟ ਵਜੋਂ ਕਾਰਜਸ਼ੀਲ ਰਹੇ ਸਨ। ਇਸ ਤੋਂ ਬਾਅਦ ਉਹ ਵਾਪਸ ਐਡਮਿੰਟਨ ਚਲੇ ਗਏ ਜਿੱਥੇ ਉਨ੍ਹਾਂ ਨੇ ਐਡਮਿੰਟਨ ਪਬਲਿਕ ਸਕੂਲ ਬੋਰਡ ਦਾ ਪ੍ਰਬੰਧ ਸੰਭਾਲਿਆ। ਸਾਲ ਦੋ ਹਜ਼ਾਰ ਇੱਕ ਵਿੱਚ ਉਨ੍ਹਾਂ ਦੀਆਂ ਵਿਦਿਅਕ ਪ੍ਰਾਪਤੀਆਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਬ੍ਰਿਟਿਸ਼ ਕੋਲੰਬੀਆ ਲਈ ਸਿੱਖਿਆ ਉਪ ਮੰਤਰੀ ਨਿਯੁਕਤ ਕੀਤਾ ਗਿਆ ਸੀ। ਬੋਰਡ ਆਫ਼ ਐਜੂਕੇਸ਼ਨ ਦੀ ਚੇਅਰ ਕੈਂਡੀ ਐਸ਼ਡਾਊਨ ਅਨੁਸਾਰ ਡੌਸਡਾਲ ਦਾ ਲੈਂਗਲੀ ਦੇ ਸਕੂਲਾਂ ਉੱਤੇ ਬਹੁਤ ਹੀ ਡੂੰਘਾ ਅਤੇ ਸਦੀਵੀ ਪ੍ਰਭਾਵ ਰਿਹਾ ਹੈ। This report was written by Divroop Kaur as part of the Local Journalism Initiative.

UNIVERSAL FINGERPRINTING SERVICE

RCMP Criminal Record Check Fingerprints for:

*Permanent Residence •ਪਰਮਾਨੈਂਟ ਰੈਜੀਡੈਂਸ
*Canadian Citizenship •ਕਨੇਡੀਅਨ ਸਿਟੀਜਨਸ਼ਿਪ
*Security License •ਸਕਿਓਰਟੀ ਲਾਇਸੈਂਸ •ਇੰਪਲਾਇਮੈਂਟ
*Employment
*Name Change •ਨਾਮ ਬਦਲੀ •ਪ੍ਰਾਈਵੇਸੀ ਐਕਟ ਰਿਕੁਐਸਟ
*Privacy Act Request •ਵਲਨਰਏਬਲ ਸੈਕਟਰ ਚੈਕਸ
*Visa/Border Crossing/ •ਯੂ ਐਸ ਐਂਟਰੀ ਵੇਵਰ
*Foreign Travel/Work •ਵੀਜਾ/ਬਾਰਡਰ ਕਰਾਸਿੰਗ/ਫੌਰਨ ਟਰੈਵਲ/ਕੰਮ
*Vulnerable Sector Checks •ਰਿਕਾਰਡ ਸਸਪੈਂਸ਼ਨ ਐਪਲੀਕੇਸ਼ਨ
*US Entry Waiver •ਐਫ ਬੀ ਆਈ ਫਿੰਗਰਪ੍ਰਿੰਟ
*Record Suspension Application •ਡਿਜੀਟਲ ਦਾ ਇੰਕ ਫਿੰਗਰਪ੍ਰਿੰਟਸ
*FBI Fingerprints •ਇੰਕ ਫਿੰਗਰਪ੍ਰਿੰਟਸ
*Digitize the ink fingerprints
*Ink Fingerprints
*Name Based Record Checks •ਨਾਮ ਬੇਸਡ ਰਿਕਾਰਡ ਚੈੱਕ

EAST WEST IMMIGRATION SERVICES INC.

*INDIA VISA *India E Visa, UK & Schengen Visa
*Entry Visa Application for 1 year & 5 years
*Overseas Citizenship of India Application (OCI)
*ਇੰਡੀਅਨ ਵੀਜਾ *ਇੰਡੀਅਨ ਈ-ਵੀਜਾ *ਯੂਕੇ & Schengen ਵੀਜਾ
*ਐਂਟਰੀ ਵੀਜਾ ਐਪਲੀਕੇਸ਼ਨ (1 ਸਾਲ ਅਤੇ 5 ਸਾਲ)
*ਓਵਰਸੀਜ ਸਿਟੀਜਨਸ਼ਿਪ ਆਫ ਇੰਡੀਆ (ਓਸੀਆਈ)

*Indian PCC •ਇੰਡੀਅਨ ਪੀ ਸੀ ਸੀ
*Indian Passport Renewal •ਇੰਡੀਅਨ ਪਾਸਪੋਰਟ ਰੀਨਿਊ
*OCI Applications •ਓ ਸੀ ਆਈ ਐਪਲੀਕੇਸ਼ਨਜ
*Visitor Visa Application •ਵਿਜਟਰ ਵੀਜਾ ਐਪਲੀਕੇਸ਼ਨ
*Canadian Citizenship Application •ਕਨੇਡੀਅਨ ਸਿਟੀਜਨਸ਼ਿਪ ਐਪਲੀਕੇਸ਼ਨ
*US Visa Application •ਯੂ ਐਸ ਵੀਜਾ ਐਪਲੀਕੇਸ਼ਨ
*PR card renewal Application •ਪੀ ਆਰ ਕਾਰਡ ਰੀਨਿਊ ਐਪਲੀਕੇਸ਼ਨ
*BC-Name Change Application •ਬੀ ਸੀ ਨਾਮ ਚੇਂਜ ਐਪਲੀਕੇਸ਼ਨ

Parminder Kindhra
CICC CCIC

PH : 604-503-8898

#303-(3rd floor) 8318-120St, Surrey Email:office@universalfingerprinting.com OPEN 7 DAYS A WEEK

ਕੈਨੇਡੀਅਨ
ਪੰਜਾਬ ਟਾਈਮਜ਼
**Canadian Punjab Times**

Funded by the Government of Canada | Financé par le gouvernement du Canada | Canada

- **Brar Bhagta Bhai Ka**

  604-751-1113
- **Divroop Kaur**
  Journalist
- **Dr. Jagjit Singh**
  Writer
- **Dr. Puran Singh**
  Writer
- **Gora Sandhu Khurd**
  News Reporter
- **Paramjit Singh**
  Graphic Designer

Contact for Advertisement
**604-338-7310**

**ਕੈਨੇਡੀਅਨ ਪੰਜਾਬ ਟਾਈਮਜ਼ ਵਿੱਚ ਛਪੇ ਲੇਖਾਂ ਜਾਂ ਵਿਚਾਰਾਂ ਨਾਲ ਅਦਾਰਾ ਕੈਨੇਡੀਅਨ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।**

**The Canadian Punjab Times is not responsible or legally liable for any news, articles, advertisements or typing mistakes in the news or articles.**

**Canadian Punjab Times Inc.**

**(Punjabi Newspaper)**

Website :
**www.thepunjabtimes.ca**

E-mail :
**canadianpunjabtimes@gmail.com**

**Please Note:**

The Publisher does not guaranty the interaction of any particular advertisement on a specified date, or at all advertiser, Further, the publisher does not accept liability for printing and advertisement beyond the amount for the space actually occupied by the portion of the advertisements in which error occurs The publisher reserves the right to cancel any contract on which space has not been used within 90 days of from the contract does. All advertising is subject the publishers approved contract must be completed within one year from the date of commencement. Printing of key numbers is not guaranteed.

Publisher is not responsible in any mishappening between the customer and Advertiser.

ਪਾਠਕਾਂ ਵਲੋਂ ਲੇਖਾਂ ਬਾਰੇ ਕੀਤੇ ਜਾ ਰਹੇ ਫੋਨਾਂ ਸਬੰਧੀ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੇਕਰ ਕਿਸੇ ਵੀ ਪਾਠਕ ਨੂੰ ਕਿਸੇ ਲੇਖ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਸਿਰਫ਼ 'ਤੇ ਸਿਰਫ਼ ਲਿਖਤੀ ਰੂਪ ਵਿੱਚ ਭੇਜੇ। ਪਾਠਕਾਂ ਵਲੋਂ ਭੇਜੀ ਲੇਖਾਂ ਸਬੰਧੀ ਸੱਭਿਅਕ ਭਾਸ਼ਾ ਨੂੰ ਪ੍ਰਕਾਸ਼ਤ ਕੀਤਾ ਜਾਵੇਗਾ।

# ਭਾਰਤ ਨਾਲ ਸਬੰਧ ਸੁਧਾਰਨ ਦੀ ਕਾਹਲ ਅਤੇ ਕੈਨੇਡੀਅਨ ਖੁਫੀਆ ਏਜੰਸੀਆਂ ਦੀਆਂ ਪੁਰਾਣੀਆਂ ਰਿਪੋਰਟਾਂ ਉੱਤੇ ਪੈਂਦਾ ਪਰਦਾ



ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਮੁੰਬਈ ਅਤੇ ਨਵੀਂ ਦਿੱਲੀ ਦੀ ਅਗਾਮੀ ਅਧਿਕਾਰਤ ਫੇਰੀ ਤੋਂ ਠੀਕ ਪਹਿਲਾਂ ਕੈਨੇਡੀਅਨ ਸਰਕਾਰ ਦੇ ਇੱਕ ਸੀਨੀਅਰ ਅਧਿਕਾਰੀ ਵੱਲੋਂ ਦਿੱਤਾ ਗਿਆ ਬਿਆਨ ਕੌਮਾਂਤਰੀ ਸਿਆਸਤ ਅਤੇ ਕੈਨੇਡਾ ਦੀ ਘਰੇਲੂ ਰਾਜਨੀਤੀ ਵਿੱਚ ਇੱਕ ਨਵੀਂ ਬਹਿਸ ਛੇੜ ਗਿਆ ਹੈ। ਇਸ ਸੀਨੀਅਰ ਅਧਿਕਾਰੀ ਨੇ ਇੱਕ ਪ੍ਰੈਸ ਬਰੀਫਿੰਗ ਦੌਰਾਨ ਇਹ ਦਾਅਵਾ ਕੀਤਾ ਹੈ ਕਿ ਕੈਨੇਡਾ ਸਰਕਾਰ ਨੂੰ ਹੁਣ ਇਹ ਵਿਸ਼ਵਾਸ ਹੈ ਕਿ ਭਾਰਤ ਕੈਨੇਡੀਅਨ ਨਾਗਰਿਕਾਂ ਉੱਤੇ ਹਮਲੇ ਕਰਨ ਦੀਆਂ ਸਾਜ਼ਿਸ਼ਾਂ ਨਹੀਂ ਰਚ ਰਿਹਾ। ਇਹ ਟਿੱਪਣੀਆਂ ਆਪਣੇ ਆਪ ਵਿੱਚ ਬਹੁਤ ਅਹਿਮ ਹਨ ਕਿਉਂਕਿ ਇਹ ਪਹਿਲੀ ਵਾਰ ਹੈ ਜਦੋਂ ਕੈਨੇਡਾ ਦੇ ਕਿਸੇ ਉੱਚ ਅਧਿਕਾਰੀ ਨੇ ਇਹ ਸੰਕੇਤ ਦਿੱਤਾ ਹੈ ਕਿ ਭਾਰਤ ਨੇ ਆਪਣੀਆਂ ਉਹਨਾਂ ਕਥਿਤ ਗੁਪਤ ਕਾਰਵਾਈਆਂ ਨੂੰ ਰੋਕ ਦਿੱਤਾ ਹੈ ਜਿਹਨਾਂ ਨੂੰ ਕੈਨੇਡਾ ਨੇ ਪਿਛਲੇ ਸਮੇਂ ਦੌਰਾਨ ਇੱਕ ਕਤਲ ਅਤੇ ਹੋਰ ਹਿੰਸਕ ਘਟਨਾਵਾਂ ਨਾਲ ਜੋੜਿਆ ਸੀ। ਅਧਿਕਾਰੀ ਦਾ ਇਹ ਕਹਿਣਾ ਕਿ ਦੋਵਾਂ ਦੇਸ਼ਾਂ ਦੇ ਕੌਮੀ ਸੁਰੱਖਿਆ ਸਲਾਹਕਾਰਾਂ ਵਿਚਕਾਰ ਬਹੁਤ ਮਜ਼ਬੂਤ ਕੂਟਨੀਤਕ ਰਾਬਤਾ ਕਾਇਮ ਹੈ ਅਤੇ ਉਹਨਾਂ ਨੂੰ ਪੂਰਾ ਭਰੋਸਾ ਹੈ ਕਿ ਹੁਣ ਅਜਿਹੀਆਂ ਗਤੀਵਿਧੀਆਂ ਜਾਰੀ ਨਹੀਂ ਹਨ, ਕਈ ਤਰ੍ਹਾਂ ਦੇ ਸਵਾਲ ਵੀ ਖੜ੍ਹੇ ਕਰਦਾ ਹੈ। ਅਧਿਕਾਰੀ ਨੇ ਇੱਥੋਂ ਤੱਕ ਕਹਿ ਦਿੱਤਾ ਕਿ ਜੇਕਰ ਉਹਨਾਂ ਨੂੰ ਲੱਗਦਾ ਕਿ ਇਹ ਗਤੀਵਿਧੀਆਂ ਅਜੇ ਵੀ ਜਾਰੀ ਹਨ ਤਾਂ ਸ਼ਾਇਦ ਪ੍ਰਧਾਨ ਮੰਤਰੀ ਇਹ ਦੌਰਾ ਨਾ ਕਰਦੇ।

ਪਰ ਜਦੋਂ ਪੱਤਰਕਾਰਾਂ ਵੱਲੋਂ ਇਸ ਅਧਿਕਾਰੀ ਨੂੰ ਆਪਣੇ ਬਿਆਨ ਬਾਰੇ ਹੋਰ ਸਪੱਸ਼ਟੀਕਰਨ ਦੇਣ ਲਈ ਜ਼ੋਰ ਪਾਇਆ ਗਿਆ ਤਾਂ ਉਸ ਨੇ ਹੋਰ ਵਿਸਥਾਰ ਦੇਣ ਤੋਂ ਇਨਕਾਰ ਕਰ ਦਿੱਤਾ। ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ ਉੱਤੇ ਬੋਲਦਿਆਂ ਇਸ ਅਧਿਕਾਰੀ ਨੇ ਸਿਰਫ ਇੰਨਾ ਹੀ ਕਿਹਾ ਕਿ ਇਹ ਦੌਰਾ ਤਾਂ ਹੀ ਸੰਭਵ ਹੋ ਰਿਹਾ ਹੈ ਕਿਉਂਕਿ ਹਾਲਾਤ ਬਦਲ ਗਏ ਹਨ। ਇੱਥੇ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਕੈਨੇਡਾ ਦੀਆਂ ਕੌਮੀ ਸੁਰੱਖਿਆ ਏਜੰਸੀਆਂ ਦਾ ਇਹ ਪੱਕਾ ਮੰਨਣਾ ਰਿਹਾ ਹੈ ਕਿ ਭਾਰਤ ਨੇ ਸਾਲ ਦੋ ਹਜ਼ਾਰ ਬਾਈ ਵਿੱਚ ਉੱਤਰੀ ਅਮਰੀਕਾ ਵਿੱਚ ਉਹਨਾਂ ਕਾਰਕੁਨਾਂ ਨੂੰ ਮਾਰਨ ਲਈ ਇੱਕ ਮੁਹਿੰਮ ਸ਼ੁਰੂ ਕੀਤੀ ਸੀ ਜੋ ਸਿੱਖ ਬਹੁਗਿਣਤੀ ਵਾਲੇ ਪੰਜਾਬ ਵਿੱਚ ਇੱਕ ਆਜ਼ਾਦ ਦੇਸ਼ ਖਾਲਿਸਤਾਨ ਦੀ ਹਮਾਇਤ ਕਰਦੇ ਹਨ। ਇਹਨਾਂ ਕਥਿਤ ਨਿਸ਼ਾਨਿਆਂ ਵਿੱਚੋਂ ਇੱਕ ਪ੍ਰਮੁੱਖ ਨਾਂ ਹਰਦੀਪ ਸਿੰਘ ਨਿੱਝਰ ਦਾ ਸੀ। ਹਰਦੀਪ ਸਿੰਘ ਨਿੱਝਰ ਨੂੰ ਜੂਨ ਦੋ ਹਜ਼ਾਰ ਤੇਈ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਦੇ ਉਸ ਗੁਰੂਘਰ ਦੇ ਬਾਹਰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ਜਿੱਥੇ ਉਹ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਸਨ। ਇਹ ਘਟਨਾ ਕੈਨੇਡਾ ਦੇ ਇਤਿਹਾਸ ਵਿੱਚ ਇੱਕ ਬਹੁਤ ਵੱਡਾ ਸਦਮਾ ਸੀ ਅਤੇ ਇਸ ਨੇ ਕੈਨੇਡਾ ਦੀ ਪ੍ਰਭੂਸੱਤਾ ਉੱਤੇ ਗੰਭੀਰ ਸਵਾਲ ਖੜ੍ਹੇ ਕੀਤੇ ਸਨ।

ਇਸ ਕਤਲ ਤੋਂ ਬਾਅਦ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਯਾਨੀ ਆਰਸੀਐਮਪੀ ਦੀ ਜਾਂਚ ਵਿੱਚ ਕਈ ਹੈਰਾਨੀਜਨਕ ਤੱਥ ਸਾਹਮਣੇ ਆਏ ਸਨ। ਆਰਸੀਐਮਪੀ ਦਾ ਇਹ ਮੰਨਣਾ ਹੈ ਕਿ ਭਾਰਤੀ ਸਰਕਾਰ ਨੇ ਇਸ ਕਤਲ ਦਾ ਪ੍ਰਬੰਧ ਕਰਨ ਲਈ ਬਦਨਾਮ ਗੈਂਗਸਟਰ ਲਾਰੈਂਸ ਬਿਸ਼ਨੋਈ ਨਾਲ ਸੰਪਰਕ ਕੀਤਾ ਸੀ। ਗੱਲ ਇੱਥੇ ਹੀ ਖਤਮ ਨਹੀਂ ਹੁੰਦੀ ਸਗੋਂ ਇੱਕ ਭਾਰਤੀ ਖੁਫੀਆ ਅਧਿਕਾਰੀ ਨੂੰ ਅਮਰੀਕਾ ਵਿੱਚ ਇੱਕ ਹੋਰ ਕੈਨੇਡੀਅਨ ਨਾਗਰਿਕ ਨੂੰ ਮਾਰਨ ਦੀ ਸਾਜ਼ਿਸ਼ ਵਿੱਚ ਵੀ ਸ਼ਾਮਲ ਪਾਇਆ ਗਿਆ ਸੀ। ਜਿਵੇਂ ਜਿਵੇਂ ਆਰਸੀਐਮਪੀ ਦੀ ਜਾਂਚ ਅੱਗੇ ਵਧੀ ਤਾਂ ਕਮਿਸ਼ਨਰ ਮਾਈਕ ਡੂਹੇਮ ਨੇ ਬਕਾਇਦਾ ਐਲਾਨ ਕੀਤਾ ਕਿ ਭਾਰਤ ਸਰਕਾਰ ਨੂੰ ਕੈਨੇਡਾ ਵਿੱਚ ਵਾਪਰ ਰਹੀਆਂ ਕਈ ਤਰ੍ਹਾਂ ਦੀਆਂ ਹਿੰਸਕ ਘਟਨਾਵਾਂ ਨਾਲ ਜੋੜਿਆ ਗਿਆ ਹੈ ਜਿਹਨਾਂ ਦਾ ਨਿਸ਼ਾਨਾ ਅਕਸਰ ਖਾਲਿਸਤਾਨ ਪੱਖੀ ਕਾਰਕੁਨ ਹੁੰਦੇ ਸਨ। ਇਸ ਗੰਭੀਰ ਸਥਿਤੀ ਨੂੰ ਦੇਖਦਿਆਂ ਕੈਨੇਡਾ ਨੇ ਸਖਤ ਕਦਮ ਚੁੱਕਦੇ ਹੋਏ ਛੇ ਭਾਰਤੀ ਡਿਪਲੋਮੈਟਾਂ ਨੂੰ ਦੇਸ਼ ਵਿੱਚੋਂ ਕੱਢ ਦਿੱਤਾ ਸੀ। ਇਹ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਆਈ ਸਭ ਤੋਂ ਵੱਡੀ ਗਿਰਾਵਟ ਸੀ ਜਿਸ ਨੇ ਅੰਤਰਰਾਸ਼ਟਰੀ ਪੱਧਰ ਉੱਤੇ ਵੀ ਸੁਰਖੀਆਂ ਬਟੋਰੀਆਂ ਸਨ।

ਪਰ ਹੁਣ ਹਾਲਾਤ ਬਦਲਦੇ ਨਜ਼ਰ ਆ ਰਹੇ ਹਨ ਅਤੇ ਇਸ ਬਦਲਾਅ ਦਾ ਵੱਡਾ ਕਾਰਨ ਆਰਥਿਕਤਾ ਅਤੇ ਕੂਟਨੀਤੀ ਹੈ। ਜਦੋਂ ਤੋਂ ਮਾਰਕ ਕਾਰਨੀ ਨੇ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਿਆ ਹੈ ਤਾਂ ਉਹਨਾਂ ਨੇ ਭਾਰਤ ਨਾਲ ਸਬੰਧਾਂ ਨੂੰ ਮੁੜ ਬਹਾਲ ਕਰਨ ਅਤੇ ਹੋਰ ਡੂੰਘਾ ਕਰਨ ਵੱਲ ਧਿਆਨ ਕੇਂਦਰਿਤ ਕੀਤਾ ਹੈ। ਅਮਰੀਕਾ ਵਿੱਚ ਵ੍ਹਾਈਟ ਹਾਊਸ ਦੀਆਂ ਟੈਰਿਫ ਸਬੰਧੀ ਸਖਤ ਨੀਤੀਆਂ ਕਾਰਨ ਕੈਨੇਡਾ ਦੀ ਆਰਥਿਕਤਾ ਉੱਤੇ ਦਬਾਅ ਪੈ ਰਿਹਾ ਹੈ। ਇਸ ਦਬਾਅ ਨੂੰ ਘਟਾਉਣ ਲਈ ਕੈਨੇਡਾ ਨੂੰ ਨਵੇਂ ਵਪਾਰਕ ਬਾਜ਼ਾਰਾਂ ਦੀ ਲੋੜ ਹੈ ਅਤੇ ਭਾਰਤ ਇੱਕ ਬਹੁਤ ਵੱਡੀ ਮੰਡੀ ਹੈ। ਪ੍ਰਧਾਨ ਮੰਤਰੀ ਕਾਰਨੀ ਭਾਰਤ ਨਾਲ ਇੱਕ ਵੱਡਾ ਵਪਾਰਕ ਸਮਝੌਤਾ ਕਰਨ ਲਈ ਯਤਨਸ਼ੀਲ ਹਨ। ਇਸੇ ਵਪਾਰਕ ਹਿੱਤ ਦੀ ਪੂਰਤੀ ਲਈ ਸੱਤਾ ਦੇ ਗਲਿਆਰਿਆਂ ਵਿੱਚੋਂ ਹੁਣ ਇਹ ਆਵਾਜ਼ਾਂ ਆਉਣ ਲੱਗ ਪਈਆਂ ਹਨ ਕਿ ਭਾਰਤ ਵੱਲੋਂ ਕੈਨੇਡਾ ਵਿੱਚ ਕੀਤੀਆਂ ਜਾ ਰਹੀਆਂ ਕਾਰਵਾਈਆਂ ਬੰਦ ਹੋ ਗਈਆਂ ਹਨ। ਪਰ ਇਹ ਬਿਆਨ ਆਪਣੇ ਆਪ ਵਿੱਚ ਇੱਕ ਵੱਡਾ ਵਿਰੋਧਾਭਾਸ ਪੈਦਾ ਕਰਦਾ ਹੈ ਕਿਉਂਕਿ ਜਿਸ ਲਾਰੈਂਸ ਬਿਸ਼ਨੋਈ ਗੈਂਗ ਨਾਲ ਭਾਰਤ ਦੇ ਕਥਿਤ ਸਬੰਧ ਹੋਣ ਦੀ ਗੱਲ ਕਹੀ ਗਈ ਸੀ ਉਹ ਗੈਂਗ ਅੱਜ ਵੀ ਕੈਨੇਡਾ ਵਿੱਚ ਸਰਗਰਮ ਹੈ। ਦੱਖਣੀ ਏਸ਼ੀਆਈ ਆਬਾਦੀ ਵਾਲੇ ਕੈਨੇਡੀਅਨ ਸ਼ਹਿਰਾਂ ਵਿੱਚ ਫਿਰੌਤੀਆਂ ਮੰਗਣ ਦਾ ਜੋ ਸੰਕਟ ਪੈਦਾ ਹੋਇਆ ਹੈ ਉਸ ਦੀਆਂ ਤਾਰਾਂ ਸਿੱਧੇ ਤੌਰ ਉੱਤੇ ਇਸੇ ਗੈਂਗ ਨਾਲ ਜੁੜੀਆਂ ਹੋਈਆਂ ਹਨ।

ਸਰਕਾਰ ਦੇ ਇਸ ਨਵੇਂ ਰੁਖ ਕਾਰਨ ਕੈਨੇਡਾ ਦਾ ਸਿੱਖ ਭਾਈਚਾਰਾ ਡੂੰਘੀ ਚਿੰਤਾ ਅਤੇ ਰੋਸ ਵਿੱਚ ਹੈ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ ਕੈਨੇਡਾ ਨੇ ਸਰਕਾਰੀ ਅਧਿਕਾਰੀ ਦੀ ਇਸ ਟਿੱਪਣੀ ਨੂੰ ਪੂਰੀ ਤਰ੍ਹਾਂ ਝੂਠਾ ਕਰਾਰ ਦਿੱਤਾ ਹੈ। ਜਥੇਬੰਦੀ ਦਾ ਸਪੱਸ਼ਟ ਕਹਿਣਾ ਹੈ ਕਿ ਸਰਕਾਰ ਦਾ ਇਹ ਬਿਆਨ ਜ਼ਮੀਨੀ ਹਕੀਕਤ ਨਾਲ ਬਿਲਕੁਲ ਮੇਲ ਨਹੀਂ ਖਾਂਦਾ ਅਤੇ ਸਿੱਖ ਕੈਨੇਡੀਅਨਾਂ ਨੂੰ ਜੋ ਹਾਲਾਤ ਆਪਣੇ ਰੋਜ਼ਾਨਾ ਜੀਵਨ ਵਿੱਚ ਦੇਖਣੇ ਪੈ ਰਹੇ ਹਨ ਉਹ ਸਰਕਾਰੀ ਦਾਅਵਿਆਂ ਤੋਂ ਕੋਹਾਂ ਦੂਰ ਹਨ। ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਪਿਛਲੇ ਹਫਤੇ ਹੀ ਸਾਹਮਣੇ ਆਇਆ ਹੈ ਜਦੋਂ ਵੈਨਕੂਵਰ ਪੁਲਿਸ ਨੇ ਕੈਨੇਡੀਅਨ ਸਿੱਖ ਕਾਰਕੁਨ ਮਨਿੰਦਰ ਸਿੰਘ ਨੂੰ ਉਹਨਾਂ ਦੀ ਜਾਨ ਅਤੇ ਉਹਨਾਂ ਦੇ ਪਰਿਵਾਰ ਲਈ ਇੱਕ ਵੱਡੇ ਖਤਰੇ ਬਾਰੇ ਸੁਚੇਤ ਕੀਤਾ ਸੀ। ਸਾਲ ਦੋ ਹਜ਼ਾਰ ਬਾਈ ਤੋਂ ਲੈ ਕੇ ਹੁਣ ਤੱਕ ਮਨਿੰਦਰ ਸਿੰਘ ਨੂੰ ਮਿਲੀ ਇਹ ਚੌਥੀ ਅਜਿਹੀ ਚੇਤਾਵਨੀ ਹੈ। ਜੇਕਰ ਸਭ ਕੁਝ ਠੀਕ ਹੋ ਗਿਆ ਹੈ ਤਾਂ ਫਿਰ ਕੈਨੇਡਾ ਦੀ ਪੁਲਿਸ ਆਪਣੇ ਹੀ ਨਾਗਰਿਕਾਂ ਨੂੰ ਅਜਿਹੀਆਂ ਚੇਤਾਵਨੀਆਂ ਕਿਉਂ ਦੇ ਰਹੀ ਹੈ। ਇਹ ਇੱਕ ਅਜਿਹਾ ਸਵਾਲ ਹੈ ਜਿਸ ਦਾ ਜਵਾਬ ਸਰਕਾਰ ਨੂੰ ਦੇਣਾ ਪਵੇਗਾ।

ਸਿੱਖ ਜਥੇਬੰਦੀ ਨੇ ਆਪਣੇ ਬਿਆਨ ਵਿੱਚ ਇਹ ਵੀ ਕਿਹਾ ਹੈ ਕਿ ਉਹਨਾਂ ਨੂੰ ਪਿਛਲੇ ਛੇ ਮਹੀਨਿਆਂ ਦੀਆਂ ਅਜਿਹੀਆਂ ਕਈ ਘਟਨਾਵਾਂ ਬਾਰੇ ਜਾਣਕਾਰੀ ਹੈ ਜਿੱਥੇ ਭਾਰਤ ਸਰਕਾਰ ਦੇ ਏਜੰਟਾਂ ਵੱਲੋਂ ਵਿਅਕਤੀਆਂ ਦੀ ਜਾਸੂਸੀ ਕੀਤੀ ਗਈ ਅਤੇ ਉਹਨਾਂ ਨੂੰ ਤੰਗ ਪ੍ਰੇਸ਼ਾਨ ਕਰਨ ਦੇ ਨਾਲ ਨਾਲ ਡਰਾਇਆ ਧਮਕਾਇਆ ਵੀ ਗਿਆ। ਜਥੇਬੰਦੀ ਦਾ ਦੋਸ਼ ਹੈ ਕਿ ਕਾਰਨੀ ਸਰਕਾਰ ਭਾਰਤ ਨੂੰ ਜਵਾਬਦੇਹ ਬਣਾਉਣ ਵਿੱਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ ਅਤੇ ਸਿੱਖ ਕੈਨੇਡੀਅਨਾਂ ਨੂੰ ਵਿਦੇਸ਼ੀ ਦਖਲਅੰਦਾਜ਼ੀ ਅਤੇ ਅੰਤਰਰਾਸ਼ਟਰੀ ਜਬਰ ਤੋਂ ਬਚਾਉਣ ਲਈ ਕੋਈ ਵੀ ਠੋਸ ਸੁਰੱਖਿਆ ਪ੍ਰਬੰਧ ਨਹੀਂ ਕੀਤੇ ਗਏ ਹਨ। ਮਹਿਜ਼ ਇਹ ਐਲਾਨ ਕਰ ਦੇਣ ਨਾਲ ਕਿ ਸਮੱਸਿਆ ਹੱਲ ਹੋ ਗਈ ਹੈ ਜ਼ਮੀਨੀ ਪੱਧਰ ਉੱਤੇ ਸਮੱਸਿਆ ਖਤਮ ਨਹੀਂ ਹੋ ਜਾਂਦੀ। ਇੱਕ ਲੋਕਤੰਤਰੀ ਦੇਸ਼ ਦੀ ਸਰਕਾਰ ਦਾ ਸਭ ਤੋਂ ਪਹਿਲਾ ਫਰਜ਼ ਆਪਣੇ ਨਾਗਰਿਕਾਂ ਦੀ ਜਾਨ ਮਾਲ ਦੀ ਰਾਖੀ ਕਰਨਾ ਹੁੰਦਾ ਹੈ ਨਾ ਕਿ ਸਿਰਫ ਆਰਥਿਕ ਮੁਨਾਫਿਆਂ ਲਈ ਸੁਰੱਖਿਆ ਮੁੱਦਿਆਂ ਉੱਤੇ ਪਰਦਾ ਪਾਉਣਾ।

ਜਦੋਂ ਪੱਤਰਕਾਰਾਂ ਵੱਲੋਂ ਸੀਨੀਅਰ ਅਧਿਕਾਰੀਆਂ ਨੂੰ ਇਹ ਪੁੱਛਿਆ ਗਿਆ ਕਿ ਉਹਨਾਂ ਦੇ ਮੁਲਾਂਕਣ ਅਨੁਸਾਰ ਭਾਰਤ ਨੇ ਕੈਨੇਡਾ ਵਿੱਚ ਆਪਣੀ ਅੰਤਰਰਾਸ਼ਟਰੀ ਜਬਰ ਅਤੇ ਵਿਦੇਸ਼ੀ ਦਖਲਅੰਦਾਜ਼ੀ ਦੀ ਮੁਹਿੰਮ ਕਦੋਂ ਬੰਦ ਕੀਤੀ ਤਾਂ ਉਹਨਾਂ ਕੋਲ ਕੋਈ ਸਪੱਸ਼ਟ ਜਵਾਬ ਨਹੀਂ ਸੀ। ਅਧਿਕਾਰੀ ਸਿਰਫ ਇਹ ਕਹਿ ਕੇ ਬਚਦੇ ਨਜ਼ਰ ਆਏ ਕਿ ਉਹਨਾਂ ਦੀ ਭਾਰਤ ਸਰਕਾਰ ਨਾਲ ਇਹਨਾਂ ਮੁੱਦਿਆਂ ਉੱਤੇ ਬਹੁਤ ਪੁਖਤਾ ਗੱਲਬਾਤ ਹੋ ਰਹੀ ਹੈ ਅਤੇ ਵਿਦੇਸ਼ੀ ਦਖਲਅੰਦਾਜ਼ੀ ਨੂੰ ਰੋਕਣ ਲਈ ਮਜ਼ਬੂਤ ਸੁਰੱਖਿਆ ਪ੍ਰਬੰਧ ਮੌਜੂਦ ਹਨ। ਅਧਿਕਾਰੀ ਦਾ ਇਹ ਕਹਿਣਾ ਕਿ ਉਹ ਕੋਈ ਖਾਸ ਤਾਰੀਖ ਨਹੀਂ ਦੱਸ ਸਕਦੇ ਕਿ ਕਦੋਂ ਵਿਅਕਤੀਆਂ ਦੇ ਵਿਚਾਰ ਬਦਲੇ ਇਹ ਦਰਸਾਉਂਦਾ ਹੈ ਕਿ ਸਰਕਾਰ ਕੋਲ ਕੋਈ ਠੋਸ ਸਬੂਤ ਨਹੀਂ ਹੈ ਬਲਕਿ ਇਹ ਸਿਰਫ ਕੂਟਨੀਤਕ ਬਿਆਨਬਾਜ਼ੀ ਹੈ। ਸਰਕਾਰ ਦਾ ਦਾਅਵਾ ਹੈ ਕਿ ਭਾਰਤ ਨਾਲ ਉੱਚ ਅਧਿਕਾਰੀਆਂ ਮੰਤਰੀਆਂ ਅਤੇ ਨੇਤਾਵਾਂ ਦੇ ਪੱਧਰ ਉੱਤੇ ਲਗਾਤਾਰ ਰਾਬਤਾ ਕਾਇਮ ਹੈ ਅਤੇ ਇਹਨਾਂ ਮੁੱਦਿਆਂ ਨੂੰ ਬਕਾਇਦਾ ਉਠਾਇਆ ਗਿਆ ਹੈ। ਸਰਕਾਰ ਭਾਵੇਂ ਭਵਿੱਖ ਵਿੱਚ ਹੋਰ ਸਾਰਥਕ ਗੱਲਬਾਤ ਲਈ ਆਸਵੰਦ ਹੈ ਪਰ ਕੈਨੇਡਾ ਦੇ ਘੱਟ ਗਿਣਤੀ ਭਾਈਚਾਰੇ ਵਿੱਚ ਡਰ ਅਤੇ ਬੇਭਰੋਸਗੀ ਦਾ ਮਾਹੌਲ ਲਗਾਤਾਰ ਬਣਿਆ ਹੋਇਆ ਹੈ।

ਅੰਤ ਵਿੱਚ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਦਾ ਭਾਰਤ ਦੌਰਾ ਇੱਕ ਬਹੁਤ ਹੀ ਨਾਜ਼ੁਕ ਮੋੜ ਉੱਤੇ ਹੋ ਰਿਹਾ ਹੈ। ਇੱਕ ਪਾਸੇ ਦੇਸ਼ ਦੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਨਵੇਂ ਵਪਾਰਕ ਸਮਝੌਤਿਆਂ ਦੀ ਸਖਤ ਜ਼ਰੂਰਤ ਹੈ ਅਤੇ ਦੂਜੇ ਪਾਸੇ ਆਪਣੇ ਹੀ ਦੇਸ਼ ਦੇ ਨਾਗਰਿਕਾਂ ਦੀ ਸੁਰੱਖਿਆ ਦਾ ਗੰਭੀਰ ਮਸਲਾ ਹੈ। ਵਪਾਰ ਅਤੇ ਕੂਟਨੀਤੀ ਆਪਣੀ ਜਗ੍ਹਾ ਅਹਿਮ ਹਨ ਪਰ ਮਨੁੱਖੀ ਅਧਿਕਾਰਾਂ ਅਤੇ ਦੇਸ਼ ਦੀ ਪ੍ਰਭੂਸੱਤਾ ਦੀ ਕੀਮਤ ਉੱਤੇ ਕੀਤੇ ਗਏ ਸਮਝੌਤੇ ਕਦੇ ਵੀ ਲੰਮੇ ਸਮੇਂ ਲਈ ਲਾਹੇਵੰਦ ਸਾਬਤ ਨਹੀਂ ਹੁੰਦੇ। ਕੈਨੇਡਾ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਵਪਾਰਕ ਹਿੱਤਾਂ ਦੀ ਪੂਰਤੀ ਲਈ ਇਨਸਾਫ ਅਤੇ ਸੁਰੱਖਿਆ ਨਾਲ ਕੋਈ ਖਿਲਵਾੜ ਨਾ ਹੋਵੇ। ਸਿੱਖ ਭਾਈਚਾਰੇ ਦੇ ਖਦਸ਼ਿਆਂ ਨੂੰ ਦੂਰ ਕਰਨਾ ਅਤੇ ਅਸਲ ਅਰਥਾਂ ਵਿੱਚ ਉਹਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਕਾਰਨੀ ਸਰਕਾਰ ਦੀ ਸਭ ਤੋਂ ਵੱਡੀ ਪ੍ਰੀਖਿਆ ਹੋਵੇਗੀ। ਇਸ ਦੌਰੇ ਦੇ ਨਤੀਜੇ ਆਉਣ ਵਾਲੇ ਸਮੇਂ ਵਿੱਚ ਕੈਨੇਡਾ ਦੀ ਅੰਦਰੂਨੀ ਅਤੇ ਬਾਹਰੀ ਨੀਤੀ ਦੀ ਦਿਸ਼ਾ ਤੈਅ ਕਰਨਗੇ। ਇਹ ਦੇਖਣਾ ਬਾਕੀ ਹੈ ਕਿ ਕੀ ਕੈਨੇਡਾ ਸਰਕਾਰ ਆਪਣੇ ਨਾਗਰਿਕਾਂ ਦੇ ਭਰੋਸੇ ਨੂੰ ਜਿੱਤਣ ਵਿੱਚ ਕਾਮਯਾਬ ਹੁੰਦੀ ਹੈ ਜਾਂ ਫਿਰ ਸਿਰਫ ਕੂਟਨੀਤਕ ਸ਼ਬਦਾਂ ਦੇ ਜਾਲ ਵਿੱਚ ਅਸਲੀਅਤ ਨੂੰ ਛੁਪਾਉਣ ਦਾ ਯਤਨ ਕਰਦੀ ਹੈ।

# ਬਿੱਲ ਅਤੇ ਹਿਲੇਰੀ ਕਲਿੰਟਨ ਦੀ ਹਾਊਸ ਓਵਰਸਾਈਟ ਕਮੇਟੀ ਅੱਗੇ ਪੇਸ਼ੀ

## ਐਪਸਟੀਨ ਨਾਲ ਸਬੰਧਾਂ ਬਾਰੇ ਹੋਵੇਗੀ ਪੁੱਛਗਿੱਛ

ਸਰੀ, (ਦਿਵਰੂਪ ਕੌਰ): ਸਾਬਕਾ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਅਤੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਜੈਫਰੀ ਐਪਸਟੀਨ ਨਾਲ ਕਥਿਤ ਸਬੰਧਾਂ ਦੀ ਜਾਂਚ ਦੇ ਮਾਮਲੇ ਵਿੱਚ ਹਾਊਸ ਓਵਰਸਾਈਟ ਕਮੇਟੀ ਅੱਗੇ ਆਪਣੀ ਗਵਾਹੀ ਦੇਣ ਜਾ ਰਹੇ ਹਨ। ਵੀਰਵਾਰ ਨੂੰ ਹਿਲੇਰੀ ਕਲਿੰਟਨ ਦੀ ਗਵਾਹੀ ਹੋਵੇਗੀ ਅਤੇ ਇਸ ਤੋਂ ਅਗਲੇ ਦਿਨ ਭਾਵ ਸ਼ੁੱਕਰਵਾਰ ਨੂੰ ਬਿੱਲ ਕਲਿੰਟਨ ਕਮੇਟੀ ਦੇ ਸਵਾਲਾਂ ਦੇ ਜਵਾਬ ਦੇਣਗੇ। ਇਹ ਪੁੱਛਗਿੱਛ ਕੈਪੀਟਲ ਹਿੱਲ ਦੀ ਬਜਾਏ ਨਿਊਯਾਰਕ ਦੇ ਚਪਾਕੁਆ ਵਿੱਚ ਉਨ੍ਹਾਂ ਦੇ ਘਰ ਦੇ ਨਜ਼ਦੀਕ ਇੱਕ ਬੰਦ ਕਮਰੇ ਵਿੱਚ ਹੋਵੇਗੀ। ਕਈ ਸਾਲਾਂ ਤੋਂ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕਲਿੰਟਨ ਪਰਿਵਾਰ ਅਤੇ ਐਪਸਟੀਨ ਦੇ ਸਬੰਧਾਂ ਬਾਰੇ ਕਈ ਤਰ੍ਹਾਂ ਦੀਆਂ ਅਫਵਾਹਾਂ ਅਤੇ ਦੋਸ਼ ਲਗਾਏ ਜਾਂਦੇ ਰਹੇ ਹਨ। ਟਰੰਪ ਵੱਲੋਂ ਦਾਅਵਾ ਕੀਤਾ ਜਾਂਦਾ ਰਿਹਾ ਹੈ ਕਿ ਬਿੱਲ ਕਲਿੰਟਨ ਕਈ ਵਾਰ ਐਪਸਟੀਨ ਦੇ ਬਦਨਾਮ ਟਾਪੂ ਉੱਤੇ ਗਏ ਸਨ। ਹਾਲਾਂਕਿ ਗਿਆਰਾਂ ਸਾਲਾਂ ਬਾਅਦ ਵੀ ਇਸ ਗੱਲ ਦਾ ਕੋਈ ਠੋਸ ਸਬੂਤ ਨਹੀਂ ਮਿਲਿਆ ਹੈ ਕਿ ਕਲਿੰਟਨ ਕਦੇ ਉਸ ਟਾਪੂ ਉੱਤੇ ਗਏ ਸਨ।



ਓਵਰਸਾਈਟ ਕਮੇਟੀ ਦੇ ਰਿਪਬਲਿਕਨ ਚੇਅਰਮੈਨ ਜੇਮਜ਼ ਕੋਮਰ ਵੱਲੋਂ ਜਾਰੀ ਸੰਮਨ ਤੋਂ ਬਾਅਦ ਕਲਿੰਟਨ ਜੋੜੇ ਨੇ ਪਹਿਲਾਂ ਗਵਾਹੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਦਾ ਤਰਕ ਸੀ ਕਿ ਇਹ ਸਾਰੀ ਕਾਰਵਾਈ ਪੂਰੀ ਤਰ੍ਹਾਂ ਰਾਜਨੀਤੀ ਤੋਂ ਪ੍ਰੇਰਿਤ ਹੈ ਅਤੇ ਟਰੰਪ ਦੇ ਆਪਣੇ ਐਪਸਟੀਨ ਨਾਲ ਪੁਰਾਣੇ ਸਬੰਧਾਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਦੀ ਇੱਕ ਸਾਜ਼ਿਸ਼ ਹੈ। ਬਾਅਦ ਵਿੱਚ ਜਦੋਂ ਕਮੇਟੀ ਨੇ ਕਾਨੂੰਨੀ ਕਾਰਵਾਈ ਦੀ ਚਿਤਾਵਨੀ ਦਿੱਤੀ ਤਾਂ ਉਹ ਪੇਸ਼ ਹੋਣ ਲਈ ਰਾਜ਼ੀ ਹੋ ਗਏ। ਕਲਿੰਟਨ ਪਰਿਵਾਰ ਨੇ ਮੰਗ ਕੀਤੀ ਸੀ ਕਿ ਉਨ੍ਹਾਂ ਦੀ ਸੁਣਵਾਈ ਜਨਤਕ ਤੌਰ ਉੱਤੇ ਹੋਣੀ ਚਾਹੀਦੀ ਹੈ ਤਾਂ ਜੋ ਪੂਰਾ ਦੇਸ਼ ਸੱਚਾਈ ਜਾਣ ਸਕੇ। ਕਮੇਟੀ ਨੇ ਇਸ ਮੰਗ ਨੂੰ ਠੁਕਰਾਉਂਦਿਆਂ ਬੰਦ ਕਮਰਾ ਸੁਣਵਾਈ ਦਾ ਫੈਸਲਾ ਲਿਆ। ਬਿੱਲ ਕਲਿੰਟਨ ਨੇ ਜਨਤਕ ਤੌਰ ਉੱਤੇ ਬਿਆਨ ਦਿੰਦਿਆਂ ਇਸ ਪ੍ਰਕਿਰਿਆ ਨੂੰ ਸਿਆਸੀ ਡਰਾਮਾ ਕਰਾਰ ਦਿੱਤਾ ਅਤੇ ਕਿਹਾ ਕਿ ਰਿਪਬਲਿਕਨ ਪਾਰਟੀ ਡਰ ਕਾਰਨ ਅਜਿਹਾ ਕਰ ਰਹੀ ਹੈ ਜਿਸ ਨਾਲ ਪੀੜਤਾਂ ਨੂੰ ਕੋਈ ਇਨਸਾਫ ਨਹੀਂ ਮਿਲੇਗਾ।

ਜਾਂਚ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਬਿੱਲ ਕਲਿੰਟਨ ਨੇ ਅਤੀਤ ਵਿੱਚ ਐਪਸਟੀਨ ਦੇ ਨਿੱਜੀ ਜਹਾਜ਼ ਵਿੱਚ ਸਫਰ ਕੀਤਾ ਸੀ ਅਤੇ ਉਨ੍ਹਾਂ ਦੀਆਂ ਕੁਝ ਤਸਵੀਰਾਂ ਵੀ ਸਾਹਮਣੇ ਆਈਆਂ ਸਨ। ਇਨ੍ਹਾਂ ਤਸਵੀਰਾਂ ਵਿੱਚ ਐਪਸਟੀਨ ਅਤੇ ਉਸਦੀ ਸਾਥਣ ਗਿਸਲੇਨ ਮੈਕਸਵੈੱਲ ਵੀ ਮੌਜੂਦ ਸਨ। ਮੈਕਸਵੈੱਲ ਜੋ ਕਿ ਇਸ ਸਮੇਂ ਵੀਹ ਸਾਲ ਦੀ ਸਜ਼ਾ ਕੱਟ ਰਹੀ ਹੈ ਸਾਲ ਦੋ ਹਜ਼ਾਰ ਦਸ ਵਿੱਚ ਕਲਿੰਟਨ ਦੀ ਧੀ ਚੈਲਸੀ ਦੇ ਵਿਆਹ ਵਿੱਚ ਵੀ ਸ਼ਾਮਲ ਹੋਈ ਸੀ। ਮੈਕਸਵੈੱਲ ਨੇ ਇੱਕ ਇੰਟਰਵਿਊ ਵਿੱਚ ਸਪੱਸ਼ਟ ਕੀਤਾ ਸੀ ਕਿ ਉਹ ਬਿੱਲ ਕਲਿੰਟਨ ਦੀ ਦੋਸਤ ਸੀ ਅਤੇ ਐਪਸਟੀਨ ਦਾ ਇਸ ਨਾਲ ਕੋਈ ਲੈਣਾ ਦੇਣਾ ਨਹੀਂ ਸੀ। ਓਵਰਸਾਈਟ ਕਮੇਟੀ ਦਾ ਮੰਨਣਾ ਹੈ ਕਿ ਕਲਿੰਟਨ ਜੋੜੇ ਦੀ ਗਵਾਹੀ ਨਾਲ ਐਪਸਟੀਨ ਅਤੇ ਮੈਕਸਵੈੱਲ ਦੇ ਨੈੱਟਵਰਕ ਨੂੰ ਸਮਝਣ ਵਿੱਚ ਬਹੁਤ ਵੱਡੀ ਮਦਦ ਮਿਲੇਗੀ। ਜ਼ਿਕਰਯੋਗ ਹੈ ਕਿ ਇਸੇ ਮਹੀਨੇ ਜਦੋਂ ਮੈਕਸਵੈੱਲ ਨੂੰ ਕਮੇਟੀ ਅੱਗੇ ਪੇਸ਼ ਕੀਤਾ ਗਿਆ ਸੀ ਤਾਂ ਉਸ ਨੇ ਸਵਾਲਾਂ ਦੇ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਮੌਜੂਦਾ ਸਮੇਂ ਵਿੱਚ ਰਾਸ਼ਟਰਪਤੀ ਟਰੰਪ ਨੇ ਅਟਾਰਨੀ ਜਨਰਲ ਪੈਮ ਬੌਂਡੀ ਅਤੇ ਨਿਆਂ ਵਿਭਾਗ ਨੂੰ ਹਦਾਇਤ ਕੀਤੀ ਹੈ ਕਿ ਉਹ ਡੈਮੋਕ੍ਰੇਟਿਕ ਪਾਰਟੀ ਦੇ ਪ੍ਰਮੁੱਖ ਨੇਤਾਵਾਂ ਅਤੇ ਖਾਸ ਕਰਕੇ ਕਲਿੰਟਨ ਪਰਿਵਾਰ ਦੇ ਐਪਸਟੀਨ ਨਾਲ ਸਬੰਧਾਂ ਦੀ ਡੂੰਘਾਈ ਨਾਲ ਜਾਂਚ ਕਰਨ। ਦੂਜੇ ਪਾਸੇ ਟਰੰਪ ਖੁਦ ਇਹ ਕਹਿੰਦੇ ਆਏ ਹਨ ਕਿ ਦੋ ਹਜ਼ਾਰ ਦੇ ਦਹਾਕੇ ਦੇ ਅੱਧ ਵਿੱਚ ਉਨ੍ਹਾਂ ਦੇ ਐਪਸਟੀਨ ਨਾਲ ਸਬੰਧ ਟੁੱਟ ਗਏ ਸਨ ਅਤੇ ਉਨ੍ਹਾਂ ਨੂੰ ਉਸਦੇ ਅਪਰਾਧਿਕ ਕੰਮਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ। ਹੁਣ ਦੇਖਣਾ ਇਹ ਹੋਵੇਗਾ ਕਿ ਇਨ੍ਹਾਂ ਗਵਾਹੀਆਂ ਤੋਂ ਬਾਅਦ ਅਮਰੀਕੀ ਸਿਆਸਤ ਵਿੱਚ ਕੀ ਨਵਾਂ ਮੋੜ ਆਉਂਦਾ ਹੈ। ਸਾਰਿਆਂ ਦੀਆਂ ਨਜ਼ਰਾਂ ਇਸ ਗੱਲ ਉੱਤੇ ਟਿਕੀਆਂ ਹਨ ਕਿ ਕੀ ਜਾਂਚ ਕਮੇਟੀ ਕਿਸੇ ਠੋਸ ਨਤੀਜੇ ਉੱਤੇ ਪਹੁੰਚਣ ਵਿੱਚ ਕਾਮਯਾਬ ਹੁੰਦੀ ਹੈ ਜਾਂ ਇਹ ਸਿਰਫ ਇੱਕ ਸਿਆਸੀ ਬਿਆਨਬਾਜ਼ੀ ਤੱਕ ਹੀ ਸੀਮਤ ਰਹਿ ਜਾਵੇਗਾ। This report was written by Divroop Kaur as part of the Local Journalism Initiative.

# ਅਮਰੀਕੀ ਅਦਾਲਤ ਵੱਲੋਂ ਟਰੰਪ ਪ੍ਰਸ਼ਾਸਨ ਦੀ ਡੀਪੋਰਟੇਸ਼ਨ ਨੀਤੀ ਗੈਰ-ਕਾਨੂੰਨੀ ਕਰਾਰ, ਪ੍ਰਵਾਸੀਆਂ ਨੂੰ ਮਿਲੀ ਵੱਡੀ ਰਾਹਤ

ਸਰੀ, (ਦਿਵਰੂਪ ਕੌਰ): ਬੋਸਟਨ ਦੀ ਇੱਕ ਫੈਡਰਲ ਅਦਾਲਤ ਨੇ ਬੁੱਧਵਾਰ ਨੂੰ ਟਰੰਪ ਪ੍ਰਸ਼ਾਸਨ ਦੀ ਉਸ ਵਿਵਾਦਤ ਨੀਤੀ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ ਜਿਸ ਤਹਿਤ ਪ੍ਰਵਾਸੀਆਂ ਨੂੰ ਉਨ੍ਹਾਂ ਦੇ ਆਪਣੇ ਦੇਸ਼ ਦੀ ਬਜਾਏ ਕਿਸੇ ਤੀਜੇ ਦੇਸ਼ ਵਿੱਚ ਤੇਜ਼ੀ ਨਾਲ ਡੀਪੋਰਟ ਕੀਤਾ ਜਾ ਰਿਹਾ ਸੀ। ਯੂਐਸ ਡਿਸਟ੍ਰਿਕਟ ਜੱਜ ਬ੍ਰਾਇਨ ਮਰਫੀ ਨੇ ਆਪਣੇ ਅੰਤਿਮ ਫੈਸਲੇ ਵਿੱਚ ਸਪੱਸ਼ਟ ਕੀਤਾ ਕਿ ਪ੍ਰਵਾਸੀਆਂ ਨੂੰ ਤਸ਼ੱਦਦ ਜਾਂ ਜ਼ੁਲਮ ਦੇ ਡਰ ਬਾਰੇ ਆਪਣੀ ਗੱਲ ਰੱਖਣ ਦਾ ਸਹੀ ਮੌਕਾ ਦਿੱਤੇ ਬਿਨਾਂ ਦੂਜੇ ਦੇਸ਼ਾਂ ਵਿੱਚ ਭੇਜਣਾ ਕਾਨੂੰਨ ਦੀ ਉਲੰਘਣਾ ਹੈ। ਹਾਲਾਂਕਿ ਜੱਜ ਨੇ ਇਸ ਫੈਸਲੇ ਨੂੰ ਲਾਗੂ ਕਰਨ ਉੱਤੇ ਪੰਦਰਾਂ ਦਿਨਾਂ ਦੀ ਰੋਕ ਲਗਾ ਦਿੱਤੀ ਹੈ ਤਾਂ ਜੋ ਸਰਕਾਰ ਇਸ ਵਿਰੁੱਧ ਅਪੀਲ ਦਾਇਰ ਕਰ ਸਕੇ। ਇਹ ਮਾਮਲਾ ਹੁਣ ਅਮਰੀਕਾ ਦੀ ਸੁਪਰੀਮ ਕੋਰਟ ਤੱਕ ਪਹੁੰਚਣ ਦੀ ਪੂਰੀ ਸੰਭਾਵਨਾ ਹੈ।



ਇਹ ਸਾਰਾ ਮਾਮਲਾ ਅਮਰੀਕਾ ਦੇ ਹੋਮਲੈਂਡ ਸੁਰੱਖਿਆ ਵਿਭਾਗ ਵੱਲੋਂ ਜਾਰੀ ਕੀਤੇ ਗਏ ਇੱਕ ਮੈਮੋ ਅਤੇ ਉਸ ਤੋਂ ਬਾਅਦ ਜੁਲਾਈ ਵਿੱਚ ਆਏ ਦਿਸ਼ਾ-ਨਿਰਦੇਸ਼ਾਂ ਨਾਲ ਜੁੜਿਆ ਹੋਇਆ ਹੈ। ਇਸ ਨੀਤੀ ਅਧੀਨ ਇਮੀਗ੍ਰੇਸ਼ਨ ਅਥਾਰਟੀਆਂ ਨੂੰ ਇਹ ਅਧਿਕਾਰ ਦਿੱਤਾ ਗਿਆ ਸੀ ਕਿ ਉਹ ਪ੍ਰਵਾਸੀਆਂ ਨੂੰ ਅਜਿਹੇ ਦੇਸ਼ਾਂ ਵਿੱਚ ਵੀ ਭੇਜ ਸਕਦੇ ਹਨ ਜਿਨ੍ਹਾਂ ਦਾ ਜ਼ਿਕਰ ਉਨ੍ਹਾਂ ਦੇ ਦੇਸ਼ ਨਿਕਾਲੇ ਦੇ ਮੁੱਢਲੇ ਹੁਕਮਾਂ ਵਿੱਚ ਨਹੀਂ ਸੀ। ਅਜਿਹਾ ਕਰਨ ਲਈ ਪ੍ਰਵਾਸੀਆਂ ਨੂੰ ਸਿਰਫ਼ ਛੇ ਘੰਟੇ ਪਹਿਲਾਂ ਹੀ ਸੂਚਨਾ ਦਿੱਤੀ ਜਾਂਦੀ ਸੀ। ਅਦਾਲਤ ਨੇ ਪਾਇਆ ਕਿ ਇੰਨੇ ਘੱਟ ਸਮੇਂ ਵਿੱਚ ਕਿਸੇ ਵੀ ਵਿਅਕਤੀ ਲਈ ਇਹ ਸਾਬਤ ਕਰਨਾ ਅਸੰਭਵ ਹੈ ਕਿ ਉਸ ਨੂੰ ਸਬੰਧਤ ਤੀਜੇ ਦੇਸ਼ ਵਿੱਚ ਜਾਨ ਦਾ ਖਤਰਾ ਹੋ ਸਕਦਾ ਹੈ। ਜੱਜ ਮਰਫੀ ਜਿਨ੍ਹਾਂ ਦੀ ਨਿਯੁਕਤੀ ਰਾਸ਼ਟਰਪਤੀ ਜੋ ਬਾਈਡੇਨ ਦੇ ਸਮੇਂ ਹੋਈ ਸੀ ਨੇ ਇਸ ਨੀਤੀ ਨੂੰ ਮੁੱਢੋਂ ਰੱਦ ਕਰਦਿਆਂ ਇਸ ਨੂੰ ਗੈਰ-ਕਾਨੂੰਨੀ ਦੱਸਿਆ ਹੈ।

ਇਸ ਤੋਂ ਪਹਿਲਾਂ ਸੁਪਰੀਮ ਕੋਰਟ ਇਸ ਮਾਮਲੇ ਵਿੱਚ ਦੋ ਵਾਰ ਦਖਲ ਦੇ ਚੁੱਕੀ ਹੈ। ਪਹਿਲਾਂ ਸਰਵਉੱਚ ਅਦਾਲਤ ਨੇ ਜੱਜ ਮਰਫੀ ਵੱਲੋਂ ਲਗਾਈ ਗਈ ਮੁੱਢਲੀ ਰੋਕ ਨੂੰ ਹਟਾ ਦਿੱਤਾ ਸੀ ਜਿਸ ਨਾਲ ਸਰਕਾਰ ਨੂੰ ਪ੍ਰਵਾਸੀਆਂ ਨੂੰ ਦੂਜੇ ਦੇਸ਼ਾਂ ਵਿੱਚ ਭੇਜਣ ਦੀ ਇਜਾਜ਼ਤ ਮਿਲ ਗਈ ਸੀ। ਇਸ ਕਾਰਵਾਈ ਤਹਿਤ ਅੱਠ ਵਿਅਕਤੀਆਂ ਨੂੰ ਦੱਖਣੀ ਸੂਡਾਨ ਭੇਜਣ ਦਾ ਰਸਤਾ ਸਾਫ਼ ਹੋ ਗਿਆ ਸੀ। ਹੁਣ ਤੱਕ ਇਸ ਨੀਤੀ ਕਾਰਨ ਸਰਕਾਰ ਦੱਖਣੀ ਸੂਡਾਨ ਲੀਬੀਆ ਅਤੇ ਅਲ ਸਲਵਾਡੋਰ ਵਰਗੇ ਦੇਸ਼ਾਂ ਵਿੱਚ ਪ੍ਰਵਾਸੀਆਂ ਨੂੰ ਭੇਜਣ ਦੀਆਂ ਕੋਸ਼ਿਸ਼ਾਂ ਕਰਦੀ ਰਹੀ ਹੈ। ਇਹ ਮੁਕੱਦਮਾ ਉਨ੍ਹਾਂ ਪ੍ਰਵਾਸੀਆਂ ਵੱਲੋਂ ਦਾਇਰ ਕੀਤਾ ਗਿਆ ਸੀ ਜਿਨ੍ਹਾਂ ਨੂੰ ਅਜਿਹੇ ਦੇਸ਼ਾਂ ਵਿੱਚ ਭੇਜੇ ਜਾਣ ਦਾ ਡਰ ਸੀ ਜਿਨ੍ਹਾਂ ਬਾਰੇ ਉਨ੍ਹਾਂ ਦੇ ਇਮੀਗ੍ਰੇਸ਼ਨ ਅਦਾਲਤੀ ਮਾਮਲੇ ਵਿੱਚ ਕਦੇ ਚਰਚਾ ਹੀ ਨਹੀਂ ਹੋਈ ਸੀ।

ਸਰਕਾਰ ਦੇ ਵਕੀਲਾਂ ਨੇ ਅਦਾਲਤ ਵਿੱਚ ਇਹ ਦਲੀਲ ਦਿੱਤੀ ਸੀ ਕਿ ਇਹ ਨੀਤੀ ਇਮੀਗ੍ਰੇਸ਼ਨ ਕਾਨੂੰਨਾਂ ਦੀਆਂ ਸ਼ਰਤਾਂ ਨੂੰ ਪੂਰਾ ਕਰਦੀ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਕਦਮ ਉਨ੍ਹਾਂ ਖਤਰਨਾਕ ਅਪਰਾਧੀ ਪ੍ਰਵਾਸੀਆਂ ਨੂੰ ਦੇਸ਼ ਵਿੱਚੋਂ ਕੱਢਣ ਲਈ ਜ਼ਰੂਰੀ ਹੈ ਜਿਨ੍ਹਾਂ ਦੇ ਆਪਣੇ ਦੇਸ਼ ਉਨ੍ਹਾਂ ਨੂੰ ਵਾਪਸ ਲੈਣ ਤੋਂ ਇਨਕਾਰ ਕਰ ਚੁੱਕੇ ਹਨ। ਨਿਆਂ ਵਿਭਾਗ ਅਨੁਸਾਰ ਪ੍ਰਵਾਸੀਆਂ ਕੋਲ ਆਪਣੀ ਗੱਲ ਰੱਖਣ ਦਾ ਮੌਕਾ ਪਹਿਲਾਂ ਤੋਂ ਹੀ ਮੌਜੂਦ ਹੁੰਦਾ ਹੈ। ਪਰ ਅਦਾਲਤ ਨੇ ਇਨ੍ਹਾਂ ਦਲੀਲਾਂ ਨੂੰ ਨਾਕਾਫ਼ੀ ਮੰਨਿਆ ਅਤੇ ਕਿਹਾ ਕਿ ਡੀਪੋਰਟੇਸ਼ਨ ਦੀ ਪ੍ਰਕਿਰਿਆ ਨਿਰਪੱਖ ਹੋਣੀ ਚਾਹੀਦੀ ਹੈ। ਹੁਣ ਪੰਦਰਾਂ ਦਿਨਾਂ ਦੀ ਮਿਆਦ ਤੋਂ ਬਾਅਦ ਇਹ ਦੇਖਣਾ ਅਹਿਮ ਹੋਵੇਗਾ ਕਿ ਸਰਕਾਰ ਦੀ ਅਪੀਲ ਉੱਤੇ ਅਦਾਲਤ ਦਾ ਕੀ ਰੁਖ ਰਹਿੰਦਾ ਹੈ। This report was written by Divroop Kaur as part of the Local Journalism Initiative.

ਘਾਹ ਕੱਟਣ ਵਾਲੀ ਮਸ਼ੀਨ,
(lawnmower)
ਪ੍ਰੈਸ਼ਨਵਾਸ਼ਰ, ਮਿਕਸੀ,
ਮਾਈਕਰੋਵੇਵ ਵਾਜਬ ਰੇਟ ਤੇ
ਠੀਕ ਕਰਵਾਓ



REPAIR & SERVICES
ਸੰਪਰਕ ਕਰੋ
604-773-7258 (ਸਰੀ)

SIDHU BROTHERS
ACCOUNTING SERVICE LTD.
- PAYROLL - PERSONAL INCOME TAX - CORPORATE INCOME TAX - GST/HST/WCB
We Also Provide Service to get Transport Authority (NSC#, DOT#, MC#, Single State Registration)
WE SPECIALIZED IN
ACCOUNTING FOR TRANSPORT COMPANIES



Jarnail Singh Sidhu
Cell : 604-808-1148
jsidhu61@gmail.com
TEL : 604-502-9988 FAX : 604-501-9900
Address : 12633-67B Ave. Surrey, BC V3W 1G2

# ਏ.ਆਈ. ਤਕਨੀਕ ਨੇ ਵਿਦਿਆਰਥੀ ਸ਼ੁੱਧ ਪੰਜਾਬੀ ਬੋਲਣ ਅਤੇ ਲਿਖਣ ਤੋਂ ਕੀਤੇ ਨਿਕੰਮੇ

**ਹਰਭਿੰਦਰ ਸਿੰਘ ਸੰਧੂ**



ਕੋਈ ਸਮਾਂ ਸੀ ਜਦੋਂ ਪਹਿਲੀ ਜਮਾਤ ਤੋਂ ਹੀ ਮਾਸਟਰ ਬੱਚਿਆਂ ਨੂੰ ਪੈਂਤੀ ਅੱਖਰੀ ਸਿਖਾਉਣ ਤੋਂ ਬਾਅਦ ਲਗਾਂ ਮਾਤਰਾਂ ਦੀ ਪੜ੍ਹਾਈ ਸ਼ੁਰੂ ਕਰਵਾ ਦਿੰਦੇ ਸਨ ਅਤੇ ਨਾਲ ਹੀ ਉਨ੍ਹਾਂ ਨੂੰ ਮੁਹਾਰਨੀ ਵਿੱਚ ਵੀ ਨਿਪੁੰਨ ਕਰ ਦਿੰਦੇ ਸਨ। ਇਸ ਢੰਗ ਨਾਲ ਵਿਦਿਆਰਥੀ ਸ਼ੁੱਧ ਪੰਜਾਬੀ ਤਾਂ ਬੋਲਦੇ ਹੀ ਬੋਲਦੇ ਸਨ ਨਾਲ ਆਪਣੇ ਆਪਣੇ ਧਾਰਮਿਕ ਗ੍ਰੰਥ ਨੂੰ ਵੀ ਸ਼ੁੱਧ ਪੜ੍ਹ ਲੈਂਦੇ ਸਨ। ਹੁਣ ਅੱਜ ਦੇ ਸਮੇਂ ਵਿੱਚ ਬਹੁਤੇ ਸਕੂਲਾਂ ਵਿੱਚ ਤਾਂ ਪੰਜਾਬੀ ਪੜ੍ਹਾਈ ਹੀ ਨਹੀਂ ਜਾਂਦੀ, ਜਿਨ੍ਹਾਂ ਸਕੂਲਾਂ ਵਿੱਚ ਪੜ੍ਹਾਈ ਜਾਂਦੀ ਹੈ, ਉੱਥੇ ਵੀ ਪੰਜਵੀਂ ਜਮਾਤ ਤੋਂ ਬਾਅਦ ਵਿੱਚ ਸ਼ੁਰੂ ਕੀਤੀ ਜਾਂਦੀ ਹੈ। ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਤਾਂ ਭਾਵੇਂ ਬਹੁਤ ਵਧੀਆ ਬਣ ਗਈਆ ਹਨ ਪਰ ਵਿਦਿਆਰਥੀਆਂ ਦੀ ਗਿਣਤੀ ਨਾ ਮਾਤਰ ਹੁੰਦੀ ਹੈ। ਪਰ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਅਧਿਆਪਕਾਂ ਤੋਂ ਸਰਕਾਰ ਪੜ੍ਹਾਈ ਤੋਂ ਇਲਾਵਾ ਹੋਰ ਕੰਮ ਲਏ ਜਾਣ ਕਰਕੇ ਅਧਿਆਪਕਾਂ ਵੱਲੋਂ ਵੀ ਬੱਚਿਆਂ ਨਾਲ ਜਮਾਤਾਂ ਨੂੰ ਸਮਾਂ ਘੱਟ ਦਿੱਤਾ ਜਾਂਦਾ ਹੈ ਅਤੇ ਇੱਕ ਕਲਾਸ ਮਨੀਟਰ ਉੱਤੇ ਹੀ ਕਲਾਸ ਛੱਡ ਦਿੱਤੀ ਜਾਂਦੀ ਹੈ ਜਿਸ ਕਾਰਨ ਬੱਚੇ ਸ਼ੁੱਧ ਪੰਜਾਬੀ ਉਚਾਰਣ ਵਿੱਚ ਕਮਜ਼ੋਰ ਰਹਿ ਜਾਂਦੇ ਹਨ।

ਪਹਿਲਾਂ ਛੋਟੀਆਂ ਕਲਾਸਾਂ ਵਿੱਚ ਛੁੱਟੀ ਲਈ ਅਰਜ਼ੀ ਲਿਖਣ ਨਾਲ ਵੀ ਬੱਚਿਆਂ ਨੂੰ ਸ਼ੁੱਧ ਪੰਜਾਬੀ ਲਿਖਣ ਵਿੱਚ ਸਹਾਇਤਾ ਮਿਲਦੀ ਸੀ ਜੋ ਕਿ ਅਧਿਆਪਕ ਅਰਜ਼ੀ ਲਿਖਣ ਵਾਲੇ ਵੱਲੋਂ ਹੋਈਆਂ ਗਲਤੀਆਂ ਨੂੰ ਅਧਿਆਪਕ ਠੀਕ ਕਰ ਦਿੰਦੇ ਅਤੇ ਅਗਲੀ ਵਾਰ ਬੱਚੇ ਉਹ ਗ਼ਲਤੀ ਨਾ ਦੁਹਰਾਉਂਦੇ। ਮੌਜੂਦਾ ਸਮੇਂ ਵਿੱਚ ਵਿਦਿਆਰਥੀਆਂ ਨੇ ਏ.ਆਈ. ਦੇ ਹੀ ਆਸਰੇ ਸਭ ਕੁਝ ਛੱਡ ਦਿੱਤਾ ਹੈ ਜਿਸ ਨਾਲ ਬੋਲ ਕੇ ਲਿਖਣ ਨਾਲ ਬਹੁਤ ਸਾਰੇ ਸ਼ਬਦਾਂਦਾ ਬੋਲ ਚਾਲ ਹੀ ਵਿਗਾੜ ਦਿੱਤਾ ਗਿਆ ਹੈ। ਹਾਈਵੇਅ ਅਤੇ ਲਿੰਕ ਰੋਡ ਸੜਕਾਂ ’ਤੇ ਲੱਗੇ ਸਾਈਨ ਬੋਰਡਾਂ ਵਿੱਚ ਅਸ਼ੁੱਧ ਲਿਖੀ ਪੰਜਾਬੀ ਵੀ ਅੰਗਰੇਜ਼ੀ ਬੋਲ ਕੇ ਬਣਾਈ ਪੰਜਾਬੀ ਦਾ ਹੀ ਨਤੀਜਾ ਹੈ ਜੋ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਗ਼ਲਤ ਨਾਮ ਲਿਖੇ ਹੋਏ ਹਨ।

ਅੱਜਕੱਲ੍ਹ ਫੋਨ ਉੱਪਰ ਪੈਣ ਵਾਲੀਆਂ ਪੋਸਟਾਂ ਅਤੇ ਇੱਕ ਦੂਜੇ ਨੂੰ ਭੇਜਣ ਵਾਲੇ ਸੁਨੇਹੇ ਵੀ ਏ.ਆਈ. ਤਕਨੀਕ ਦੀ ਵਰਤੋਂ ਕਰਕੇ ਹੀ ਭੇਜੇ ਜਾਂਦੇ ਹਨ ਜਿਨ੍ਹਾਂ ਵਿੱਚ ਅਸ਼ੁੱਧ ਪੰਜਾਬੀ ਸ਼ਬਦਾਂ ਦੀ ਭਰਮਾਰ ਹੁੰਦੀ ਹੈ। ਇਸ ਦਾ ਸਿੱਟਾ ਇਹ ਨਿਕਲ ਰਿਹਾ ਹੈ ਕਿ ਅਸੀਂ ਅਤੇ ਸਾਡੇ ਬੱਚੇ ਵੀ ਘਰਾਂ ਵਿੱਚ ਉਹੀ ਸ਼ਬਦਾਂ ਦੀ ਵਿਗੜੀ ਹੋਈ ਬੋਲੀ ਬੋਲਣ ਲੱਗ ਪਏ ਹਾਂ। ਅੱਜਕੱਲ੍ਹ ਤਾਂ ਫੋਨ ਦੀ ਸਕਰੀਨ ’ਤੇ ਮਿਲਣ ਵਾਲੀਆਂ ਫੋਟੋਆਂ ਵੀ ਅਸਲੀ ਨਹੀਂ ਰਹਿ ਗਈਆ। ਏ.ਆਈ. ਤਕਨੀਕ ਨਾਲ ਬਣਾ ਕੇ ਲਾਈਆਂ ਫੋਟੋਆਂ ਨੇ ਅਸਲੀ ਚਿਹਰੇ ਪਛਾਣਨ ਵਿੱਚ ਮੁਸ਼ਕਲ ਪੈਦਾ ਕੀਤੀ ਹੋਈ ਹੈ। ਪੰਜਾਬੀ ਦੇ ਕੁਝ ਕੁ ਆਨਲਾਈਨ ਮੈਗ਼ਜ਼ੀਨ ਵੀ ਪੰਜਾਬੀ ਦੁਰਦਸ਼ਾ ਵਿਗਾੜਨ ਵਿੱਚ ਕੋਈ ਕਸਰ ਨਹੀਂ ਛੱਡ ਰਹੇ। ਏ. ਆਈ. ਸਹਾਰੇ ਕੁਝ ਲਿਖਣ ਪਿੱਛੋਂ ਜਿਵੇਂ ਦਾ ਲਿਖਿਆ ਗਿਆ, ਲਿਖ ਕੇ ਭੇਜ ਦਿੰਦੇ ਹਨ। ਮੈਗਜ਼ੀਨਾਂ ਦੇ ਸੰਪਾਦਕ ਬਿਨ੍ਹਾਂ ਪੜ੍ਹੇ ਅਤੇ ਬਿਨ੍ਹਾਂ ਸੋਧ ਕੀਤੇ ਸਭ ਕੁਝ ਛਾਪ ਦਿੰਦੇ ਹਨ। ਇਸ ਵਰਤਾਰੇ ਵੱਲ ਵੀ ਪੰਜਾਬੀ ਭਾਸ਼ਾ ਵਿਭਾਗ ਨੂੰ ਵੀ ਧਿਆਨ ਦੇਣਾ ਬਣਦਾ ਹੈ ਤਾਂ ਜੋ ਪੰਜਾਬੀ ਭਾਸ਼ਾ ਦੀ ਹੁੰਦੀ ਇਸ ਦੁਰਦਸ਼ਾ ਨੂੰ ਰੋਕਿਆ ਜਾਵੇ ਪਰ ਅਫ਼ਸੋਸ ਕੋਈ ਵੀ ਇਸ ਪਾਸੇ ਧਿਆਨ ਨਹੀਂ ਦਿੱਤਾ ਜਾ ਰਿਹਾ।

ਪੰਜਾਬ ਸਰਕਾਰ ਵੱਲੋਂ ਵੀ ਪੰਜਾਬੀ ਮਾਂ ਬੋਲੀ ਨੂੰ ਪਹਿਲਾ ਦਰਜਾ ਦੇਣ ਵਾਲੇ ਬਿਆਨ ਅੱਜ ਤੱਕ ਹਵਾ ਵਿੱਚ ਹੀ ਲਟਕਦੇਆ ਰਹੇ ਹਨ। ਦੁਕਾਨਾਂ, ਜਾਂ ਸ਼ਹਿਰ ਦੀਆਂ ਗਲੀਆਂ ਦੇ ਮੋੜਾਂ ਉੱਪਰ ਲੱਗੇ ਸਾਈਨ ਬੋਰਡਾਂ ਵਿੱਚ ਪੰਜਾਬੀ ਮਾਂ ਬੋਲੀ ਦੀਆਂ ਲਿਖੀਆਂ ਗਲਤ ਸਤਰਾਂ ਜਿਵੇਂ ਸਾਡਾ ਪੰਜਾਬੀਆਂ ਦਾ ਮੂੰਹ ਚਿੜਾ ਰਹੀਆਂ ਹੁੰਦੀਆਂ ਨੇ। ਮੁੱਕਦੀ ਗੱਲ, ਡੁੱਲ੍ਹੇ ਬੇਰਾਂ ਦਾ ਹਾਲੇ ਵੀ ਕੁਝ ਨਹੀਂ ਵਿਗੜਿਆ, ਹਾਲੇ ਵੀ ਅਸੀਂ ਪੰਜਾਬੀ ਦੇ ਮੁਦਈ ਅਖਵਾਉਣ ਵਾਲੇ ਲੋਕ, ਜਿੱਥੇ ਕਿਤੇ ਵੀ ਸਾਨੂੰ ਲੱਗਦਾ ਹੈ ਕਿ ਪੰਜਾਬੀ ਮਾਂ ਬੋਲੀ ਦੀ ਸ਼ਾਨ ਵਿੱਚ ਫ਼ਰਕ ਪੈ ਰਿਹਾ ਹੈ, ਸਾਨੂੰ ਉਸ ਵੱਲ ਖਾਸ ਧਿਆਨ ਦੇ ਕੇ ਇਸ ਮਾਣਮੱਤੀ ਪੰਜਾਬੀ ਮਾਂ ਬੋਲੀ ਦਾ ਸਿਰ ਉੱਚਾ ਕਰਨਾ ਚਾਹੀਦਾ ਹੈ। ਵਿਦਿਆਰਥੀ ਵਰਗ ਨੂੰ ਵੀ ਏ.ਆਈ. ਦਾ ਸਹਾਰਾ ਛੱਡ ਕੇ ਖੁਦ ਹੱਥਾਂ ਨਾਲ ਲਿਖਣ ਦੀ ਆਦਤ ਪਾਉਣੀ ਚਾਹੀਦੀ ਹੈ ਅਤੇ ਹੋਰਨਾਂ ਨੂੰ ਵੀ ਕਿਤਾਬਾਂ ਅਤੇ ਅਖ਼ਬਾਰਾਂ ਨੂੰ ਪੜ੍ਹਨ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ।

# ਭਾਰਤ ਦੇ ਸੰਸਦ ਮੈਂਬਰਾਂ ਦੀ ਜਾਇਦਾਦ ਵਿੱਚ ਛੜੱਪੇ ਮਾਰ 110 ਫ਼ੀਸਦੀ ਵਾਧਾ

**ਖਾਸ ਰਿਪੋਰਟ**



ਭਾਰਤੀ ਸੰਸਦ ਵਿੱਚ ਬੈਠੇ ਹਜ਼ਾਰਾਂ ਨੇਤਾਵਾਂ ਦੀ ਜਾਇਦਾਦ ਪਿਛਲੇ ਦਸ ਸਾਲਾਂ ਵਿੱਚ ਛੜੱਪੇ ਮਾਰ ਕੇ ਵਧੀ ਹੈ। ਐਸੋਸੀਏਸ਼ਨ ਫ਼ਾਰ ਡੈਮੋਕਰੈਟਿਕ ਰਿਫ਼ਾਰਮਜ਼ (ਏ.ਡੀ.ਆਰ.) ਦੀ ਤਾਜ਼ਾ ਰਿਪੋਰਟ ਅਨੁਸਾਰ, 2014 ਤੋਂ 2024 ਤੱਕ ਮੁੜ ਚੁਣੇ ਗਏ 102 ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 110 ਫ਼ੀਸਦ ਵਧੀ ਹੈ। ਇਹ ਵਾਧਾ ਆਮ ਆਦਮੀ ਦੀ ਕਮਾਈ ਨਾਲੋਂ ਕਿਤੇ ਜ਼ਿਆਦਾ ਹੈ, ਜਿਸ ਨੇ ਪੂਰੇ ਦੇਸ਼ ਵਿੱਚ ਇੱਕ ਵੱਡੀ ਚਰਚਾ ਛੇੜ ਦਿੱਤੀ ਹੈ। ਏ.ਡੀ.ਆਰ. ਦੀ ਰਿਪੋਰਟ ਅਨੁਸਾਰ, 2014 ਵਿੱਚ ਇਨ੍ਹਾਂ 102 ਸੰਸਦ ਮੈਂਬਰਾਂ ਦੀ ਔਸਤ ਜਾਇਦਾਦ 15.76 ਕਰੋੜ ਰੁਪਏ ਸੀ, ਜੋ 2019 ਵਿੱਚ ਵਧ ਕੇ 24.21 ਕਰੋੜ ਅਤੇ 2024 ਵਿਚ 33.13 ਕਰੋੜ ਰੁਪਏ ਹੋ ਗਈ ਸੀ। ਇਸ ਤਰ੍ਹਾਂ, ਦਸ ਸਾਲਾਂ ਵਿੱਚ ਔਸਤ ਵਾਧਾ 17.36 ਕਰੋੜ ਰੁਪਏ ਰਿਹਾ ਹੈ, ਜੋ 110 ਫ਼ੀਸਦੀ ਬਣਦਾ ਹੈ। ਇਹ ਅੰਕੜੇ ਚੋਣ ਕਮਿਸ਼ਨ ਨੂੰ ਦਿੱਤੇ ਗਏ ਹਲਫ਼ੀਆ ਬਿਆਨਾਂ ’ਤੇ ਅਧਾਰਿਤ ਹਨ, ਜਿਨ੍ਹਾਂ ਵਿੱਚ ਉਮੀਦਵਾਰਾਂ ਨੂੰ ਆਪਣੀ ਚੱਲ ਅਤੇ ਅਚੱਲ ਜਾਇਦਾਦ ਦੇ ਵੇਰਵੇ ਦੱਸਣੇ ਲਾਜ਼ਮੀ ਹੁੰਦੇ ਹਨ।

ਸਭ ਤੋਂ ਵੱਧ ਵਾਧਾ ਵਾਲੇ ਨੇਤਾਵਾਂ ਵਿੱਚ ਭਾਜਪਾ ਦੇ ਉਦੈਨਰਾਜੇ ਪ੍ਰਤਾਪਸਿੰਘ ਮਹਾਰਾਜ ਭੌਂਸਲੇ ਸ਼ਾਮਲ ਹਨ, ਜਿਨ੍ਹਾਂ ਦੀ ਜਾਇਦਾਦ 2014 ਵਿੱਚ 60.60 ਕਰੋੜ ਤੋਂ ਵਧ ਕੇ 2024 ਵਿੱਚ 223.12 ਕਰੋੜ ਰੁਪਏ ਹੋ ਗਈ ਸੀ – ਭਾਵ 268 ਫ਼ੀਸਦੀ ਵਾਧਾ। ਇਸੇ ਤਰ੍ਹਾਂ, ਭਾਜਪਾ ਦੀ ਪੂਨਮਬੇਨ ਮੈਡਮ ਦੀ ਜਾਇਦਾਦ 17.43 ਕਰੋੜ ਤੋਂ 147.70 ਕਰੋੜ, ਵਾਈ.ਐਸ. ਆਰ.ਸੀ.ਪੀ. ਦੇ ਪੀ.ਵੀ. ਮਿਧੁਨ ਰੈੱਡੀ ਦੀ 22.59 ਕਰੋੜ ਤੋਂ 146.85 ਕਰੋੜ ਅਤੇ ਨਾਮਵਰ ਅਦਾਕਾਰਾ ਹੇਮਾ ਮਾਲਿਨੀ ਦੀ 178 ਕਰੋੜ ਤੋਂ 278 ਕਰੋੜ ਰੁਪਏ ਹੋ ਗਈ ਸੀ। ਇਸ ਸੂਚੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਹਰਸਿਮਰਤ ਕੌਰ ਬਾਦਲ (108 ਕਰੋੜ ਤੋਂ 198 ਕਰੋੜ), ਟੀ.ਐੱਮ.ਸੀ. ਦੇ ਸ਼ਤਰੂਘਨ ਸਿਨਹਾ ਅਤੇ ਐੱਨ.ਸੀ.ਪੀ. ਦੀ ਸੁਪ੍ਰਿਆ ਸੂਲੇ ਵੀ ਸ਼ਾਮਲ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਜਾਇਦਾਦ ਵੀ 82 ਫ਼ੀਸਦੀ ਵਧੀ ਹੈ – 2014 ਵਿੱਚ 1 ਕਰੋੜ ਤੋਂ 2024 ਵਿੱਚ 3 ਕਰੋੜ ਰੁਪਏ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਜਾਇਦਾਦ 117 ਫ਼ੀਸਦੀ ਵਧ ਕੇ 9 ਕਰੋੜ ਤੋਂ 20 ਕਰੋੜ ਰੁਪਏ ਹੋ ਗਈ ਹੈ। ਪੰਜਾਬ ਦੇ ਅੰਮ੍ਰਿਤਸਰ ਤੋਂ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਦੀ ਜਾਇਦਾਦ ਵਿੱਚ 64 ਫ਼ੀਸਦੀ ਵਾਧਾ ਹੋਇਆ ਹੈ। ਇਸ ਤੋਂ ਇਲਾਵਾ, ਭਾਜਪਾ ਦੇ ਗੁੜਗਾਓਂ ਤੋਂ ਰਾਓ ਇੰਦਰਜੀਤ ਸਿੰਘ ਦੀ ਜਾਇਦਾਦ 25 ਕਰੋੜ ਤੋਂ 121 ਕਰੋੜ ਅਤੇ ਲੋਕ ਸਭਾ ਸਪੀਕਰ ਓਮ ਬਿਰਲਾ ਦੀ ਜਾਇਦਾਦ ਵਿੱਚ 8 ਕਰੋੜ ਦਾ ਵਾਧਾ ਹੋਇਆ ਹੈ। ਇਕਲੌਤਾ ਅਜਿਹਾ ਨੇਤਾ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਹਨ, ਜਿਨ੍ਹਾਂ ਦੀ ਜਾਇਦਾਦ 74 ਕਰੋੜ ਤੋਂ ਘਟ ਕੇ 39 ਕਰੋੜ ਰਹਿ ਗਈ ਹੈ।

ਹਾਲਾਂਕਿ ਭਾਰਤ ਵਿੱਚ ਆਮ ਆਦਮੀ ਦੀ ਔਸਤ ਆਮਦਨੀ ਪਿਛਲੇ ਦਸ ਸਾਲਾਂ ਵਿੱਚ ਬਹੁਤ ਘੱਟ ਵਧੀ ਹੈ, ਜਦਕਿ ਮਹਿੰਗਾਈ ਨੇ ਲੋਕਾਂ ਨੂੰ ਤੰਗ ਕੀਤਾ ਹੈ। ਟਰਾਂਸਪੈਰੰਸੀ ਇੰਟਰਨੈਸ਼ਨਲ ਦੀ 2024 ਕਰੱਪਸ਼ਨ ਪਰਸੈਪਸ਼ਨ ਇੰਡੈਕਸ ਅਨੁਸਾਰ, ਭਾਰਤ 180 ਦੇਸ਼ਾਂ ਵਿਚੋਂ 96ਵੇਂ ਨੰਬਰ ’ਤੇ ਹੈ, ਜਿਸ ਨਾਲ ਸਾਫ਼ ਜ਼ਾਹਿਰ ਹੁੰਦਾ ਹੈ ਕਿ ਭ੍ਰਿਸ਼ਟਾਚਾਰ ਵਧ ਰਿਹਾ ਹੈ। ਮਾਹਿਰਾਂ ਦੀ ਰਾਇ ਵਿੱਚ, ਬਹੁਤੇ ਸਿਆਸਤਦਾਨਾਂ ਦੀ ਚਲ ਅਚਲ ਜਾਇਦਾਦ ਵਿੱਚ ਵਾਧਾ ਅਕਸਰ ਭ੍ਰਿਸ਼ਟਾਚਾਰ ਨਾਲ ਜੁੜਿਆ ਹੋਇਆ ਹੈ।

ਮਾਹਿਰਾਂ ਅਨੁਸਾਰ, ਈਡੀ ਏਜੰਸੀਆਂ ਅਕਸਰ ਸਿਆਸੀ ਨੇਤਾਵਾਂ ਨੂੰ ਨਿਸ਼ਾਨਾ ਬਣਾਉਂਦੀਆਂ ਹਨ ਜੋ ਵਿਰੋਧੀ ਧਿਰ ਨਾਲ ਸਬੰਧਿਤ ਹੁੰਦੀਆਂ ਹਨ, ਪਰ ਸੱਤਾਧਾਰੀ ਪਾਰਟੀ ਦੇ ਨੇਤਾਵਾਂ ਨੂੰ ਛੱਡ ਦਿੰਦੀਆਂ ਹਨ। ਸੋਸ਼ਲ ਮੀਡੀਆ ਦੀਆਂ ਚਰਚਾਵਾਂ ਅਨੁਸਾਰ, ਭ੍ਰਿਸ਼ਟਾਚਾਰ ਅਤੇ ਪਾਰਟੀ ਚੰਦੇ ਨਾਲ ਨੇਤਾਵਾਂ ਦੀ ਜਾਇਦਾਦ ਵਧਦੀ ਹੈ।

ਚੋਣ ਕਮਿਸ਼ਨ ਭ੍ਰਿਸ਼ਟਾਚਾਰ ਮੁਕਤ ਭਾਰਤ ਬਣਾਉਣ ਵਿੱਚ ਭੂਮਿਕਾ ਨਿਭਾ ਸਕਦਾ ਹੈ। ਪਰ ਉਸ ਉਪਰ ਸੱਤਾ ਦਾ ਪ੍ਰਭਾਵ ਹੈ। ਉਹ ਆਜ਼ਾਦ ਨਹੀ ਹੈ। ਉਮੀਦਵਾਰਾਂ ਨੂੰ ਅਪਰਾਧੀ ਕੇਸਾਂ ਦੀ ਜਾਣਕਾਰੀ ਦੇਣੀ ਲਾਜ਼ਮੀ ਹੈ, ਪਰ ਅਜੇ ਵੀ ਅਪਰਾਧੀ ਨੇਤਾਵਾਂ ’ਤੇ ਪਾਬੰਦੀ ਨਹੀਂ ਹੈ। ਸੁਪਰੀਮ ਕੋਰਟ ਨੇ ਇਹ ਮਾਮਲਾ ਸਰਕਾਰ ’ਤੇ ਛੱਡ ਦਿੱਤਾ ਹੈ, ਪਰ ਸੰਸਦ ਅਜਿਹੇ ਕਾਨੂੰਨ ਨੂੰ ਪਾਸ ਨਹੀਂ ਕਰੇਗੀ। ਆਖਿਰ ਵਿੱਚ, ਸਿਆਸਤਦਾਨਾਂ ਦੀ ਜਾਇਦਾਦ ਤੇ ਪੂੰਜੀ ਵਿੱਚ ਇਹ ਵਾਧਾ ਭ੍ਰਿਸ਼ਟਾਚਾਰ ਨੂੰ ਦਰਸਾਉਂਦਾ ਹੈ। ਮਾਹਿਰਾਂ ਨੇ ਸਖ਼ਤ ਕਾਨੂੰਨ ਅਤੇ ਪਾਰਦਰਸ਼ਤਾ ਦੀ ਮੰਗ ਕੀਤੀ ਹੈ। ਮਾਹਿਰਾਂ ਅਨੁਸਾਰ ਭਾਰਤ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਸਮੂਹਿਕ ਯਤਨ ਚਾਹੀਦੇ ਹਨ।

SINCE : 2007

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ

ਪਾਠਕਾਂ ਦੇ ਵਿਸ਼ਵਾਸ਼ ਦਾ 18ਵਾਂ ਸਾਲ



24 ਘੰਟੇ ਆਨਲਾਈਨ ਪੜ੍ਹੋ
www.thepunjabtimes.ca
ਲੇਖ ਅਤੇ ਚਲੰਤ ਮਸਲੇ

ਜੇਕਰ ਤੁਸੀਂ ਆਪਣੇ ਵਪਾਰ ਨੂੰ ਵਧਾਉਣਾ ਚਾਹੁੰਦੇ ਹੋ
ਤਾਂ ਅੱਜ ਹੀ ਸਾਡੇ ਨਾਲ ਜੁੜੋ

It's Time To Grow Your Business
Advertise with us...

ਕੈਨੇਡੀਅਨ ਪੰਜਾਬ ਟਾਈਮਜ਼ ਸੱਚ ਅਤੇ ਨਿਰਪੱਖ ਸੋਚ

: canadianpunjabtimes@gmail.com
Contact : 604-338-7310

# ਸਰੀ ਵਿੱਚ ਸਰਕਾਰੀ ਦਰੱਖਤਾਂ ਦੀ ਕਟਾਈ ਜਾਂ ਛਾਂਟੀ ਕਰਨ 'ਤੇ ਲੱਗ ਸਕਦਾ ਹੈ $20,000 ਦਾ ਭਾਰੀ ਜੁਰਮਾਨਾ

**ਸਰੀ, (ਦਿਵਰੂਪ ਕੌਰ):** ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪ੍ਰਮੁੱਖ ਸ਼ਹਿਰ ਸਰੀ (Surrey) ਵਿੱਚ ਰੁੱਖਾਂ ਨੂੰ ਛਾਂਟਣ ਦਾ ਮੌਸਮ ਨੇੜੇ ਆਉਣ ਦੇ ਨਾਲ ਹੀ ਸਥਾਨਕ ਪ੍ਰਸ਼ਾਸਨ ਨੇ ਵਸਨੀਕਾਂ ਲਈ ਇੱਕ ਬਹੁਤ ਹੀ ਅਹਿਮ ਐਡਵਾਈਜ਼ਰੀ ਜਾਰੀ ਕੀਤੀ ਹੈ। ਸਿਟੀ ਆਫ਼ ਸਰੀ ਵੱਲੋਂ ਸ਼ਹਿਰ ਵਾਸੀਆਂ ਨੂੰ ਸਖ਼ਤ ਲਹਿਜ਼ੇ ਵਿੱਚ ਯਾਦ ਦਿਵਾਇਆ ਗਿਆ ਹੈ ਕਿ ਉਹ ਸਿਟੀ ਦੀ ਮਲਕੀਅਤ ਯਾਨੀ ਸਰਕਾਰੀ ਜ਼ਮੀਨ 'ਤੇ ਲੱਗੇ ਦਰੱਖਤਾਂ ਦੀ ਆਪਣੇ ਪੱਧਰ 'ਤੇ ਕਟਾਈ ਜਾਂ ਛਾਂਟੀ ਬਿਲਕੁਲ ਨਾ ਕਰਨ। ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਇਹਨਾਂ ਸਰਕਾਰੀ ਰੁੱਖਾਂ ਨੂੰ ਕਿਸੇ ਵੀ ਤਰ੍ਹਾਂ ਦਾ ਨੁਕਸਾਨ ਪਹੁੰਚਾਉਣਾ ਜਾਂ ਕੱਟਣਾ ਸਰੀ ਦੇ 'ਟ੍ਰੀ ਪ੍ਰੋਟੈਕਸ਼ਨ ਬਾਇਲਾਅ' (Tree Protection Bylaw) ਦੇ ਅਧੀਨ ਇੱਕ ਬਹੁਤ ਹੀ ਗੰਭੀਰ ਅਪਰਾਧ ਮੰਨਿਆ ਜਾਂਦਾ ਹੈ। ਇਸ ਨਿਯਮ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਨੂੰ $20,000 ਤੱਕ ਦਾ ਭਾਰੀ ਜੁਰਮਾਨਾ ਭਰਨਾ ਪੈ ਸਕਦਾ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਰੀ ਦੇ ਅਰਬਨ ਫ਼ੋਰੈਸਟਰੀ ਮੈਨੇਜਰ ਰੌਬ ਲੈਂਡੂੱਚੀ ਨੇ ਦੱਸਿਆ ਕਿ ਗ਼ਲਤ ਸਮੇਂ ਜਾਂ ਗ਼ਲਤ ਢੰਗ ਨਾਲ ਕੀਤੀ ਗਈ ਛਾਂਟੀ ਕਿਸੇ ਵੀ ਰੁੱਖ ਨੂੰ ਸਥਾਈ ਤੌਰ 'ਤੇ ਭਾਰੀ ਨੁਕਸਾਨ ਪਹੁੰਚਾ ਸਕਦੀ ਹੈ ਅਤੇ ਉਸਨੂੰ ਅੰਦਰੋਂ ਕਮਜ਼ੋਰ ਕਰ ਸਕਦੀ ਹੈ। ਉਹਨਾਂ ਅਨੁਸਾਰ, ਅਜਿਹੀ




ਗੈਰ-ਵਿਗਿਆਨਕ ਛਾਂਟੀ ਨਾਲ ਦਰੱਖਤ ਦੀ ਛਾਂ ਪ੍ਰਦਾਨ ਕਰਨ, ਵਰਖਾ ਦੇ ਪਾਣੀ ਨੂੰ ਜ਼ਮੀਨ ਵਿੱਚ ਜਜ਼ਬ ਕਰਨ ਅਤੇ ਹਵਾ ਨੂੰ ਸਾਫ਼ ਕਰਨ ਦੀ ਕੁਦਰਤੀ ਸਮਰੱਥਾ ਬਹੁਤ ਘੱਟ ਜਾਂਦੀ ਹੈ। ਇਹ ਰੁੱਖ ਸਾਡੇ ਆਲੇ-ਦੁਆਲੇ ਦੀ ਜਾਇਦਾਦ ਦੇ ਮੁੱਲ ਨੂੰ ਵਧਾਉਣ ਦੇ ਨਾਲ-ਨਾਲ ਸਾਡੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਦਾ ਸਮਰਥਨ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਦਰੱਖਤਾਂ ਦੀ ਸਹੀ ਢੰਗ ਨਾਲ ਦੇਖਭਾਲ ਕੀਤੀ ਜਾਵੇ ਤਾਂ ਜੋ ਪੂਰੀ ਕਮਿਊਨਿਟੀ ਨੂੰ ਇਸਦਾ ਲਾਭ ਮਿਲ ਸਕੇ।

ਸਿਟੀ ਆਫ਼ ਸਰੀ ਦੇ ਅੰਕੜਿਆਂ ਅਨੁਸਾਰ, ਮੌਜੂਦਾ ਸਮੇਂ ਵਿੱਚ ਸ਼ਹਿਰ ਵੱਲੋਂ ਸਰਕਾਰੀ ਜ਼ਮੀਨ 'ਤੇ ਲੱਗੇ 1,15,000 ਤੋਂ ਵੱਧ ਛਾਂਦਾਰ ਦਰੱਖਤਾਂ ਦੀ ਬਕਾਇਦਾ ਦੇਖ-ਰੇਖ ਕੀਤੀ ਜਾਂਦੀ ਹੈ। ਇਹ ਕੰਮ ਆਮ ਲੋਕਾਂ ਦਾ ਨਹੀਂ ਬਲਕਿ ਮਾਹਿਰਾਂ ਦਾ ਹੈ। ਇਸ ਲਈ ਸ਼ਹਿਰ ਦੇ ਸਰਟੀਫਾਈਡ ਅਰਬੋਰਿਸਟ (ਰੁੱਖਾਂ ਦੇ ਮਾਹਿਰ) ਰੁੱਖਾਂ ਦੀ ਲੰਬੇ ਸਮੇਂ ਦੀ ਸਿਹਤ ਨੂੰ ਯਕੀਨੀ ਬਣਾਉਣ ਲਈ ਇੱਕ ਸਹੀ ਅਤੇ ਵਿਗਿਆਨਕ ਛਾਂਟੀ ਪ੍ਰਕਿਰਿਆ ਦਾ ਪਾਲਣ ਕਰਦੇ ਹਨ। ਸ਼ਹਿਰ ਦੇ ਅਰਬੋਰਿਸਟਾਂ ਵੱਲੋਂ ਹਰ ਸਾਲ 20,500 ਤੋਂ ਵੱਧ ਦਰੱਖਤਾਂ ਦੀ ਬਾਰੀਕੀ ਨਾਲ ਜਾਂਚ ਅਤੇ ਛਾਂਟੀ ਕੀਤੀ ਜਾਂਦੀ ਹੈ, ਜੋ ਕਿ ਔਸਤਨ ਲਗਭਗ 1,700 ਰੁੱਖ ਪ੍ਰਤੀ ਮਹੀਨਾ ਬਣਦੀ ਹੈ। ਇਹਨਾਂ ਯਤਨਾਂ ਸਦਕਾ ਹੀ ਸਰੀ ਦਾ ਸ਼ਹਿਰੀ ਜੰਗਲ ਹਮੇਸ਼ਾ ਹਰਾ-ਭਰਾ ਅਤੇ ਤੰਦਰੁਸਤ ਰਹਿੰਦਾ ਹੈ। ਪ੍ਰਸ਼ਾਸਨ ਨੇ ਵਸਨੀਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਹਨਾਂ ਨੂੰ ਲੱਗਦਾ ਹੈ ਕਿ ਉਹਨਾਂ ਦੇ ਘਰ ਜਾਂ ਕਾਰੋਬਾਰ ਦੇ ਨੇੜੇ ਲੱਗੇ ਕਿਸੇ ਸ਼ਹਿਰੀ ਰੁੱਖ ਨੂੰ ਧਿਆਨ ਜਾਂ ਛਾਂਟੀ ਦੀ ਜ਼ਰੂਰਤ ਹੈ, ਤਾਂ ਉਹ ਖੁਦ ਕੋਈ ਕਦਮ ਚੁੱਕਣ ਦੀ ਬਜਾਏ ਸਿਟੀ ਪ੍ਰਸ਼ਾਸਨ ਨਾਲ ਸੰਪਰਕ ਕਰਨ। ਇਸ ਲਈ ਲੋਕ ਹੈਲਪਲਾਈਨ ਨੰਬਰ 604-501-5050 'ਤੇ ਕਾਲ ਕਰ ਸਕਦੇ ਹਨ ਜਾਂ ਸਿਟੀ ਦੀ ਵੈੱਬਸਾਈਟ 'ਤੇ ਔਨਲਾਈਨ ਰਿਪੋਰਟ ਜਮ੍ਹਾਂ ਕਰਵਾ ਸਕਦੇ ਹਨ। ਇਹ ਪਤਾ ਲਗਾਉਣ ਲਈ ਕਿ ਕੋਈ ਵਿਸ਼ੇਸ਼ ਰੁੱਖ ਸ਼ਹਿਰ ਦੀ ਜਾਇਦਾਦ 'ਤੇ ਹੈ ਜਾਂ ਨਹੀਂ, ਵਸਨੀਕ 'ਕੋਸਮੋਸ' (COSMOS - City of Surrey Mapping Online System) ਦੀ ਵਰਤੋਂ ਕਰ ਸਕਦੇ ਹਨ ਅਤੇ ਉੱਥੇ "ਪਾਰਕ ਸਪੈਸੀਮੈਨ ਟ੍ਰੀਜ਼" (Park Specimen Trees) ਦੀ ਖੋਜ ਕਰਕੇ ਸਹੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। This report was written by Divroop Kaur as part of the Local Journalism Initiative.

# ਬਿੱਲ ਸੀ-12 ਵਿੱਚ ਸੋਧਾਂ ਨੂੰ ਲੈ ਕੇ ਪ੍ਰੀਮੀਅਰ ਡੇਵਿਡ ਈਬੀ ਗਰਮ, ਸੈਨੇਟ ਕਮੇਟੀ ਉੱਤੇ ਸਾਧੇ ਤਿੱਖੇ ਨਿਸ਼ਾਨੇ

**ਸਰੀ, (ਦਿਵਰੂਪ ਕੌਰ):** ਪ੍ਰੀਮੀਅਰ ਡੇਵਿਡ ਈਬੀ ਨੇ ਸੈਨੇਟ ਕਮੇਟੀ ਵੱਲੋਂ ਬਿੱਲ ਸੀ-12 ਵਿੱਚ ਪ੍ਰਸਤਾਵਿਤ ਕੀਤੀਆਂ ਗਈਆਂ ਤਬਦੀਲੀਆਂ ਦੀ ਸਖ਼ਤ ਨਿਖੇਧੀ ਕੀਤੀ ਹੈ। ਇਹ ਬਿੱਲ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਮਜ਼ਬੂਤ ਕਰਨ ਅਤੇ ਸੰਗਠਿਤ ਅਪਰਾਧੀਆਂ ਵੱਲੋਂ ਫਿਰੌਤੀ ਦੇ ਮਾਮਲਿਆਂ ਵਿੱਚ ਵਰਤੀਆਂ ਜਾਂਦੀਆਂ ਕਾਨੂੰਨੀ ਖਾਮੀਆਂ ਨੂੰ ਬੰਦ ਕਰਨ ਲਈ ਲਿਆਂਦਾ ਗਿਆ ਹੈ। ਮੰਗਲਵਾਰ ਨੂੰ ਵਿਕਟੋਰੀਆ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਪ੍ਰੀਮੀਅਰ ਨੇ ਕਿਹਾ ਕਿ ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਇਹ ਪ੍ਰਬੰਧ ਇਸ ਬਿੱਲ ਵਿੱਚ ਕਿਉਂ ਸ਼ਾਮਲ ਕੀਤੇ ਗਏ ਸਨ। ਉਨ੍ਹਾਂ ਦੱਸਿਆ ਕਿ ਫਰੇਜ਼ਰ ਦੇ ਦੱਖਣੀ ਇਲਾਕੇ ਵਿੱਚ ਲੋਕ ਫਿਰੌਤੀ ਅਤੇ ਸੰਗਠਿਤ ਅਪਰਾਧ ਕਾਰਨ ਲਗਾਤਾਰ ਡਰ ਦੇ ਸਾਏ ਵਿੱਚ ਜੀ ਰਹੇ ਹਨ। ਲੋਕਾਂ ਨੇ ਪੁਲਿਸ ਵੱਲੋਂ ਅਪਰਾਧੀਆਂ ਨੂੰ ਗ੍ਰਿਫਤਾਰ ਕਰਦੇ ਹੋਏ ਤਾਂ ਦੇਖਿਆ ਹੈ ਪਰ ਫਿਰ ਉਹੀ ਵਿਅਕਤੀ ਕੈਨੇਡਾ ਵਿੱਚ ਲੰਬਾ ਸਮਾਂ ਰਹਿਣ ਦੇ ਬਾਵਜੂਦ ਸ਼ਰਨਾਰਥੀ ਦਾਅਵੇ ਦਾ ਸਹਾਰਾ ਲੈ ਕੇ ਦੇਸ਼ ਨਿਕਾਲੇ ਦੀ ਪ੍ਰਕਿਰਿਆ ਵਿੱਚ ਅੜਿੱਕੇ ਡਾਹੁੰਦੇ ਹਨ। ਇਹ ਲੋਕ ਕਾਨੂੰਨੀ ਪ੍ਰਕਿਰਿਆ ਦਾ ਗਲਤ ਫਾਇਦਾ ਉਠਾ ਕੇ ਭਾਰਤ ਵਾਪਸ ਭੇਜੇ ਜਾਣ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ।

ਸੀਬੀਐਸਏ ਅਨੁਸਾਰ ਇਸ ਸਮੇਂ ਇਮੀਗ੍ਰੇਸ਼ਨ ਅਤੇ ਰੈਫਿਊਜੀ ਬੋਰਡ ਅੱਗੇ ਨੌਂ ਲੋਕਾਂ ਦੀਆਂ ਸੁਣਵਾਈਆਂ ਲੰਬਿਤ ਹਨ। ਏਜੰਸੀ ਦੇ ਬੁਲਾਰੇ ਨੇ ਸਪੱਸ਼ਟ ਕੀਤਾ ਕਿ ਕਾਨੂੰਨ ਲਾਗੂ ਕਰਨ ਦੀ ਕਾਰਵਾਈ ਦੇ ਨਾਲ ਨਾਲ ਵਿਅਕਤੀਗਤ ਅਧਿਕਾਰਾਂ ਦਾ ਵੀ ਸਨਮਾਨ ਕੀਤਾ ਜਾਂਦਾ ਹੈ ਪਰ ਸ਼ਰਨਾਰਥੀ ਦਾਅਵਾ ਕਰਨਾ ਕਿਸੇ ਅਪਰਾਧੀ ਨੂੰ ਉਸਦੇ ਕੀਤੇ ਦੀ ਸਜ਼ਾ ਤੋਂ ਨਹੀਂ ਬਚਾ ਸਕਦਾ। ਦੂਜੇ ਪਾਸੇ ਸੈਨੇਟ ਦੀ ਸਮਾਜਿਕ ਮਾਮਲਿਆਂ ਦੀ ਕਮੇਟੀ ਨੇ ਵੀਰ



ਫਰਵਰੀ ਦੀ ਰਿਪੋਰਟ ਵਿੱਚ ਬਿੱਲ ਦੇ ਕਈ ਹਿੱਸਿਆਂ ਨੂੰ ਹਟਾਉਣ ਦੀ ਸਿਫਾਰਸ਼ ਕੀਤੀ ਹੈ। ਕਮੇਟੀ ਦਾ ਤਰਕ ਹੈ ਕਿ ਇਹ ਪ੍ਰਬੰਧ ਕੈਨੇਡਾ ਵਿੱਚ ਸ਼ਰਨਾਰਥੀਆਂ ਅਤੇ ਪ੍ਰਵਾਸੀਆਂ ਦੀ ਨਿੱਜਤਾ ਅਤੇ ਸਮਾਨਤਾ ਦੇ ਅਧਿਕਾਰਾਂ ਨੂੰ ਕਮਜ਼ੋਰ ਕਰਦੇ ਹਨ। ਕੈਨੇਡੀਅਨ ਸਿਵਿਲ ਲਿਬਰਟੀਜ਼ ਐਸੋਸੀਏਸ਼ਨ ਅਨੁਸਾਰ ਬਿੱਲ ਦੇ ਕੁਝ ਹਿੱਸੇ ਅਸੰਵਿਧਾਨਕ ਹਨ ਅਤੇ ਇਹ ਸ਼ਰਨਾਰਥੀ ਦਾਅਵੇਦਾਰਾਂ ਨੂੰ ਪੂਰੀ ਸੁਣਵਾਈ ਅਤੇ ਅਪੀਲ ਦੇ ਅਧਿਕਾਰ ਤੋਂ ਵਾਂਝੇ ਕਰਦੇ ਹਨ।

ਪ੍ਰੀਮੀਅਰ ਈਬੀ ਨੇ ਸੈਨੇਟ ਦੀ ਇਸ ਸੋਚ ਉੱਤੇ ਸਵਾਲ ਚੁੱਕਦਿਆਂ ਕਿਹਾ ਕਿ ਸੈਨੇਟ ਨੂੰ ਕਿਸੇ ਵੀ ਬਿੱਲ ਉੱਤੇ ਗੰਭੀਰਤਾ ਨਾਲ ਦੂਜੀ ਵਾਰ ਵਿਚਾਰ ਕਰਨ ਲਈ ਜਾਣਿਆ ਜਾਂਦਾ ਹੈ ਪਰ ਇੱਥੇ ਉਲਟਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸੈਨੇਟ ਨੂੰ ਇਹ ਪੁੱਛਣਾ ਚਾਹੀਦਾ ਸੀ ਕਿ ਕੀ ਇਹ ਬਿੱਲ ਅਪਰਾਧ ਰੋਕਣ ਲਈ ਕਾਫ਼ੀ ਹੈ ਪਰ ਉਹ ਇਸ ਨੂੰ ਕਮਜ਼ੋਰ ਕਰ ਰਹੇ ਹਨ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਵੀ ਸੈਨੇਟ ਨੂੰ ਚਿੱਠੀ ਲਿਖ ਕੇ ਇਸ ਬਿੱਲ ਪ੍ਰਤੀ ਚਿੰਤਾ ਜਤਾਈ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਹ ਬਿੱਲ ਸੁਤੰਤਰ ਫੈਸਲੇ ਲੈਣ ਦੀ ਪ੍ਰਕਿਰਿਆ ਨੂੰ ਕਮਜ਼ੋਰ ਕਰਦਾ ਹੈ ਅਤੇ ਸ਼ਰਨਾਰਥੀ ਸੁਰੱਖਿਆ ਵਿੱਚ ਨਵੀਆਂ ਰੁਕਾਵਟਾਂ ਖੜ੍ਹੀਆਂ ਕਰਦਾ ਹੈ। ਇਸ ਨਾਲ ਵਿਅਕਤੀਆਂ ਨੂੰ ਬਿਨਾਂ ਕਿਸੇ ਨਿਰਪੱਖ ਜਾਂਚ ਦੇ ਕੈਨੇਡਾ ਤੋਂ ਬਾਹਰ ਕੱਢਿਆ ਜਾ ਸਕਦਾ ਹੈ।

ਬੀਸੀ ਦੀ ਜਨਤਕ ਸੁਰੱਖਿਆ ਮੰਤਰੀ ਨੀਨਾ ਕਰੀਗਰ ਨੇ ਵੀ ਫੈਡਰਲ ਸਰਕਾਰ ਨੂੰ ਚਿੱਠੀ ਲਿਖ ਕੇ ਇਸ ਬਿੱਲ ਉੱਤੇ ਜਲਦੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਬੀਸੀ ਵਿੱਚ ਕਈ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਿੱਥੇ ਫਿਰੌਤੀ ਅਤੇ ਹਿੰਸਕ ਅਪਰਾਧਾਂ ਵਿੱਚ ਸ਼ਾਮਲ ਲੋਕਾਂ ਕੋਲ ਮਿਆਦ ਪੁੱਗ ਚੁੱਕੇ ਵੀਜ਼ੇ ਜਾਂ ਗੈਰ ਕਾਨੂੰਨੀ ਸਟੂਡੈਂਟ ਵੀਜ਼ੇ ਸਨ। ਜੇਕਰ ਬਿੱਲ ਸੀ-12 ਪਾਸ ਹੋ ਜਾਂਦਾ ਹੈ ਤਾਂ ਸੰਗਠਿਤ ਅਪਰਾਧਿਕ ਨੈੱਟਵਰਕ ਨਾਲ ਜੁੜੇ ਅਜਿਹੇ ਲੋਕਾਂ ਨੂੰ ਦੇਸ਼ ਵਿੱਚੋਂ ਕੱਢਣ ਦੀ ਪ੍ਰਕਿਰਿਆ ਤੇਜ਼ ਹੋ ਜਾਵੇਗੀ। ਇਸ ਨਾਲ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਅਪਰਾਧ ਨੂੰ ਰੋਕਣ ਲਈ ਲੋੜੀਂਦੇ ਸਾਧਨ ਮਿਲਣਗੇ। ਹੁਣ ਸਾਰਿਆਂ ਦੀਆਂ ਨਜ਼ਰਾਂ ਸੈਨੇਟ ਉੱਤੇ ਹਨ ਕਿ ਉਹ ਪ੍ਰੀਮੀਅਰ ਈਬੀ ਦੇ ਇਸ ਦਬਾਅ ਤੋਂ ਬਾਅਦ ਕੀ ਫੈਸਲਾ ਲੈਂਦੀ ਹੈ। This report was written by Divroop Kaur as part of the Local Journalism Initiative.

# ਵਰਲਡ ਇਕਨਾਮਿਕ ਫੋਰਮ ਦੇ ਮੁਖੀ ਬੋਰਗੇ ਬ੍ਰੇਂਡੇ ਨੇ ਦਿੱਤਾ ਅਸਤੀਫਾ

## ਜੈਫਰੀ ਐਪਸਟੀਨ ਨਾਲ ਸਬੰਧਾਂ ਦੇ ਇਲਜ਼ਾਮਾਂ ਤੋਂ ਬਾਅਦ ਲਿਆ ਫੈਸਲਾ

ਸਰੀ, (ਦਿਵਰੂਪ ਕੌਰ): ਵਿਸ਼ਵ ਆਰਥਿਕ ਮੰਚ (ਵਰਲਡ ਇਕਨਾਮਿਕ ਫੋਰਮ) ਦੇ ਪ੍ਰਧਾਨ ਬੋਰਗੇ ਬ੍ਰੇਂਡੇ ਨੇ ਵੀਰਵਾਰ ਨੂੰ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਹੈ। ਇਹ ਫੈਸਲਾ ਉਨ੍ਹਾਂ ਨੇ ਜੈਫਰੀ ਐਪਸਟੀਨ ਨਾਲ ਹੋਈਆਂ ਮੁਲਾਕਾਤਾਂ ਅਤੇ ਕਥਿਤ ਸਬੰਧਾਂ ਕਾਰਨ ਲਗਾਤਾਰ ਵਧ ਰਹੇ ਦਬਾਅ ਤੋਂ ਬਾਅਦ ਲਿਆ ਹੈ। ਬ੍ਰੇਂਡੇ ਜੋ ਕਿ ਨਾਰਵੇ ਦੇ ਸਾਬਕਾ ਵਿਦੇਸ਼ ਮੰਤਰੀ ਵੀ ਰਹਿ ਚੁੱਕੇ ਹਨ, ਨੇ ਇੱਕ ਅਧਿਕਾਰਤ ਬਿਆਨ ਵਿੱਚ ਕਿਹਾ ਕਿ ਉਨ੍ਹਾਂ ਨੇ ਬਹੁਤ ਸੋਚ-ਵਿਚਾਰ ਕਰਨ ਤੋਂ ਬਾਅਦ ਫੋਰਮ ਦੇ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਦੇ ਅਹੁਦੇ ਤੋਂ ਹਟਣ ਦਾ ਫੈਸਲਾ ਕੀਤਾ ਹੈ। ਵਰਲਡ ਇਕਨਾਮਿਕ ਫੋਰਮ ਨੂੰ ਦੁਨੀਆ ਭਰ ਵਿੱਚ ਹਰ ਸਾਲ ਜਨਵਰੀ ਮਹੀਨੇ ਸਵਿਟਜ਼ਰਲੈਂਡ ਦੇ ਦਾਵੋਸ ਵਿੱਚ ਹੋਣ ਵਾਲੇ ਆਪਣੇ ਸਾਲਾਨਾ ਸੰਮੇਲਨ ਲਈ ਜਾਣਿਆ ਜਾਂਦਾ ਹੈ ਜਿਸ ਵਿੱਚ ਵਿਸ਼ਵ ਭਰ ਦੇ ਸ਼ਕਤੀਸ਼ਾਲੀ ਆਗੂ ਅਤੇ ਅਰਬਪਤੀ ਸ਼ਾਮਲ ਹੁੰਦੇ ਹਨ।

ਬ੍ਰੇਂਡੇ ਨੇ ਆਪਣੇ ਵਿਦਾਇਗੀ ਬਿਆਨ ਵਿੱਚ ਕਿਹਾ ਕਿ ਉਹ ਆਪਣੇ ਸਾਥੀਆਂ, ਭਾਈਵਾਲਾਂ ਅਤੇ ਮੈਂਬਰਾਂ ਨਾਲ ਕੀਤੇ ਗਏ ਸ਼ਾਨਦਾਰ ਸਹਿਯੋਗ ਲਈ ਧੰਨਵਾਦੀ ਹਨ। ਉਨ੍ਹਾਂ ਨੇ ਅੱਗੇ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਫੋਰਮ ਲਈ ਸਹੀ ਸਮਾਂ ਹੈ ਕਿ ਉਹ ਬਿਨਾਂ ਕਿਸੇ ਭਟਕਣਾ ਜਾਂ ਵਿਵਾਦ ਦੇ ਆਪਣਾ ਮਹੱਤਵਪੂਰਨ ਕੰਮ ਜਾਰੀ ਰੱਖੇ। ਜ਼ਿਕਰਯੋਗ ਹੈ ਕਿ ਬੋਰਗੇ ਬ੍ਰੇਂਡੇ ਸਾਲ 2013 ਤੋਂ 2017 ਤੱਕ ਨਾਰਵੇ ਦੇ ਵਿਦੇਸ਼ ਮੰਤਰੀ ਵਜੋਂ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਨਾਰਵੇ ਦੇ ਉਨ੍ਹਾਂ ਕਈ ਪ੍ਰਮੁੱਖ ਵਿਅਕਤੀਆਂ ਵਿੱਚੋਂ




ਇੱਕ ਹਨ ਜਿਨ੍ਹਾਂ ਨੂੰ ਹਾਲ ਹੀ ਵਿੱਚ ਜੈਫਰੀ ਐਪਸਟੀਨ ਦੀਆਂ ਫਾਈਲਾਂ ਜਨਤਕ ਹੋਣ ਤੋਂ ਬਾਅਦ ਸਖ਼ਤ ਜਾਂਚ ਅਤੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਕਿ ਬ੍ਰੇਂਡੇ ਨੇ ਵੀਰਵਾਰ ਨੂੰ ਜਾਰੀ ਕੀਤੇ ਗਏ ਆਪਣੇ ਬਿਆਨ ਵਿੱਚ ਸਿੱਧੇ ਤੌਰ ਉੱਤੇ ਇਸ ਵਿਵਾਦ ਦਾ ਕੋਈ ਜ਼ਿਕਰ ਨਹੀਂ ਕੀਤਾ ਹੈ ਪਰ ਫੋਰਮ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਹੀ ਉਨ੍ਹਾਂ ਵਿਰੁੱਧ ਇੱਕ ਅੰਦਰੂਨੀ ਜਾਂਚ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਇਹ ਜਾਂਚ ਇਹ ਪਤਾ ਲਗਾਉਣ ਲਈ ਸੀ ਕਿ ਉਨ੍ਹਾਂ ਦੇ ਐਪਸਟੀਨ ਨਾਲ ਕਿਸ ਤਰ੍ਹਾਂ ਦੇ ਸਬੰਧ ਸਨ ਕਿਉਂਕਿ ਸਾਹਮਣੇ ਆਏ ਦਸਤਾਵੇਜ਼ਾਂ ਤੋਂ ਸੰਕੇਤ ਮਿਲੇ ਸਨ ਕਿ ਦੋਵਾਂ ਨੇ ਕਈ ਵਾਰ ਇਕੱਠੇ ਰਾਤ ਦਾ ਖਾਣਾ ਖਾਧਾ ਸੀ ਅਤੇ ਸੰਦੇਸ਼ਾਂ ਦਾ ਆਦਾਨ-ਪ੍ਰਦਾਨ ਵੀ ਕੀਤਾ ਸੀ। ਉਸ ਸਮੇਂ ਬ੍ਰੇਂਡੇ ਨੇ ਨਾਰਵੇ ਦੇ ਪ੍ਰਸਾਰਕ ਐਨਆਰਕੇ ਨੂੰ ਦੱਸਿਆ ਸੀ ਕਿ ਉਹ ਇਸ ਜਾਂਚ ਵਿੱਚ ਪੂਰਾ ਸਹਿਯੋਗ ਕਰ ਰਹੇ ਹਨ। ਉਨ੍ਹਾਂ ਦਾ ਦਾਅਵਾ ਸੀ ਕਿ ਉਹ ਐਪਸਟੀਨ ਨੂੰ ਸਿਰਫ਼ ਕਾਰੋਬਾਰੀ ਮਾਹੌਲ ਵਿੱਚ ਹੀ ਮਿਲੇ ਸਨ ਅਤੇ ਉਹ ਉਸ ਦੇ ਅਪਰਾਧਿਕ ਪਿਛੋਕੜ ਤੋਂ ਪੂਰੀ ਤਰ੍ਹਾਂ ਅਣਜਾਣ ਸਨ।

ਫੋਰਮ ਦੇ ਕੋ-ਚੇਅਰਜ਼ ਆਂਦਰੇ ਹੋਫਮੈਨ ਅਤੇ ਲੈਰੀ ਫਿੰਕ ਨੇ ਇੱਕ ਸਾਂਝੇ ਬਿਆਨ ਵਿੱਚ ਦੱਸਿਆ ਕਿ ਬਾਹਰੀ ਵਕੀਲਾਂ ਦੁਆਰਾ ਕੀਤੀ ਗਈ ਸੁਤੰਤਰ ਸਮੀਖਿਆ ਦਾ ਕੰਮ ਹੁਣ ਪੂਰਾ ਹੋ ਗਿਆ ਹੈ। ਜਾਂਚ ਦੇ ਨਤੀਜਿਆਂ ਵਿੱਚ ਕਿਹਾ ਗਿਆ ਹੈ ਕਿ ਪਹਿਲਾਂ ਤੋਂ ਪ੍ਰਗਟ ਕੀਤੀ ਗਈ ਜਾਣਕਾਰੀ ਤੋਂ ਇਲਾਵਾ ਕੋਈ ਹੋਰ ਵਾਧੂ ਚਿੰਤਾ ਵਾਲੀ ਗੱਲ ਸਾਹਮਣੇ ਨਹੀਂ ਆਈ ਹੈ। ਇਸ ਦੇ ਬਾਵਜੂਦ ਬ੍ਰੇਂਡੇ ਨੇ ਸੰਸਥਾ ਦੀ ਸਾਖ ਨੂੰ ਬਚਾਉਣ ਲਈ ਆਪਣੇ ਅਹੁਦੇ ਤੋਂ ਲਾਂਭੇ ਹੋਣਾ ਹੀ ਬਿਹਤਰ ਸਮਝਿਆ। ਫੋਰਮ ਨੇ ਐਲਾਨ ਕੀਤਾ ਹੈ ਕਿ ਜਦੋਂ ਤੱਕ ਕਿਸੇ ਪੱਕੇ ਉੱਤਰਾਧਿਕਾਰੀ ਦੀ ਚੋਣ ਨਹੀਂ ਹੁੰਦੀ, ਉਦੋਂ ਤੱਕ ਐਲੋਇਸ ਜ਼ਵਿੰਗੀ ਫੋਰਮ ਦੇ ਅੰਤਰਿਮ ਪ੍ਰਧਾਨ ਅਤੇ ਮੁੱਖ ਕਾਰਜਕਾਰੀ ਅਧਿਕਾਰੀ ਵਜੋਂ ਕੰਮਕਾਜ ਸੰਭਾਲਣਗੇ। ਬੋਰਗੇ ਬ੍ਰੇਂਡੇ ਦੇ ਜਾਣ ਨਾਲ ਵਿਸ਼ਵ ਆਰਥਿਕ ਮੰਚ ਵਿੱਚ ਇੱਕ ਵੱਡੇ ਬਦਲਾਅ ਦੀ ਉਮੀਦ ਕੀਤੀ ਜਾ ਰਹੀ ਹੈ। This report was written by Divroop Kaur as part of the Local Journalism Initiative.

# ਸੱਜੇ-ਪੱਖੀ ਕੱਟੜਵਾਦ ਵੱਲ ਵਧਦਾ ਝੁਕਾਅ

ਗੁਰਬਚਨ ਜਗਤ



ਨਿਯੰਤਰਿਤ ਅੱਗ' ਸ਼ਾਇਦ ਮਨੁੱਖੀ ਵਿਕਾਸ ਦੇ ਸਭ ਤੋਂ ਮਹੱਤਵਪੂਰਨ ਪਲਾਂ ਵਿੱਚੋਂ ਇੱਕ ਸੀ ਕਿਉਂਕਿ ਭੋਜਨ ਪਕਾਉਣ ਦੀ ਸਮਰੱਥਾ ਨੇ ਮਨੁੱਖਾਂ ਨੂੰ ਕੈਲੋਰੀਆਂ ਦੀ ਉਹ ਭਾਰੀ ਮਾਤਰਾ ਪ੍ਰਦਾਨ ਕੀਤੀ, ਜੋ ਇੱਕ ਬਹੁਤ ਵੱਡੇ ਅਤੇ ਵਧੇਰੇ ਗੁੰਝਲਦਾਰ ਦਿਮਾਗ਼ ਨੂੰ ਚਲਾਉਣ ਲਈ ਲੋੜੀਂਦੀ ਸੀ। ਦਰਅਸਲ, ਮਨੁੱਖੀ ਦਿਮਾਗ ਸਰੀਰ ਦੀ ਕੁੱਲ ਊਰਜਾ ਦਾ ਲਗਭਗ 25 ਫ਼ੀਸਦੀ ਹਿੱਸਾ ਖਪਾਉਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਅੱਗ ਨੇ ਮਨੁੱਖਾਂ ਦੀ ਉਨ੍ਹਾਂ ਪਾਚਕ ਸੀਮਾਵਾਂ ਨੂੰ ਪਾਰ ਕਰਨ ਵਿੱਚ ਮਦਦ ਕੀਤੀ, ਜੋ ਹੋਰ 'ਪ੍ਰਾਈਮੇਟਸ' (ਬਾਂਦਰ ਪ੍ਰਜਾਤੀਆਂ) ਦੇ ਦਿਮਾਗ਼ ਨੂੰ ਛੋਟਾ ਰੱਖਦੀਆਂ ਹਨ। ਹਾਰਵਰਡ ਯੂਨੀਵਰਸਿਟੀ ਵਿੱਚ ਜੈਵਿਕ ਮਾਨਵ-ਵਿਗਿਆਨ ਦੇ ਪ੍ਰੋਫੈਸਰ ਰਿਚਰਡ ਰੈਂਘਮ ਨੇ ਇਸ ਨੂੰ 'ਕੁਕਿੰਗ ਸਿਧਾਂਤ' ਦੱਸ ਕੇ ਪੇਸ਼ ਕੀਤਾ ਹੈ। ਦੂਜੇ ਸ਼ਬਦਾਂ ਵਿੱਚ, ਜਿਸ ਪੂਰਵਜ ਨੇ 'ਨਿਯੰਤਰਿਤ ਅੱਗ' ਬਾਲਣ ਦੀ ਯੋਗਤਾ ਵਿਕਸਿਤ ਕੀਤੀ, ਉਹ ਨਾ ਸਿਰਫ਼ ਆਪਣੇ ਸਮਿਆਂ ਦਾ ਸਗੋਂ ਹਮੇਸ਼ਾ ਦੇ ਲਈ ਇੱਕ ਮਹਾਨ ਕਾਢਕਾਰ/ਵਿਗਿਆਨੀ ਹੈ।

ਰਿਗਵੇਦ ਦੀ ਪਹਿਲੀ ਸਤਰ ਹੈ: 'ਅਗਨਿਮਈਲੇ ਪੁਰੋਹਿਤਮ ਯਜਨਾਸਯਾ ਦੇਵਮਰਤਵਿਜਮ, ਹੋਤਾਰਮ ਰਤਨਾਧਾਤਮਮ'। ਇਸ ਦਾ ਅਰਥ ਹੈ, "ਮੈਂ ਅਗਨੀ ਦੀ ਅਰਾਧਨਾ ਕਰਦਾ ਹਾਂ, ਜੋ ਪ੍ਰਭੂ ਦੇ ਸਨਮੁਖ ਹੈ, ਉਹ ਦੇਵਤਾ ਜੋ ਸੱਚ ਨੂੰ ਦੇਖਦਾ ਹੈ, ਉਹ ਯੋਧਾ, ਜੋ ਆਨੰਦ ਦਾ ਦਾਤਾ ਹੈ।" ਇਹ ਅਗਨੀ (ਅੱਗ ਦੇ ਦੇਵਤੇ) ਦੀ ਉਸਤਤ ਹੈ, ਜੋ ਉਸ ਨੂੰ ਮਨੁੱਖਤਾ ਅਤੇ ਬ੍ਰਹਮ ਊਰਜਾ ਦੇ ਵਿਚਕਾਰ ਵਿਚੋਲੇ ਵਜੋਂ ਪੇਸ਼ ਕਰਦੀ ਹੈ।

ਅੱਗ 'ਤੇ ਨਿਯੰਤਰਣ ਪਾ ਅਤੇ ਭੋਜਨ ਪਕਾਉਣ ਤੋਂ ਸ਼ੁਰੂ ਹੋ ਕੇ ਮਾਨਵੀ ਹੁਨਰ ਨੇ ਖੋਜਾਂ ਤੇ ਕਾਢਾਂ ਵਿੱਚ ਬਹੁਤ ਤਰੱਕੀ ਕੀਤੀ। ਭਾਵੇਂ ਮੱਧਕਾਲ ਦੇ ਮਹਾਨ ਵਿਗਿਆਨੀਆਂ ਅਤੇ ਖੋਜੀਆਂ ਨੇ ਬੇਮਿਸਾਲ ਤਰੱਕੀ ਕੀਤੀ ਸੀ, ਫਿਰ ਵੀ ਇੱਕ ਵੱਡੀ ਪੁਲਾਂਘ ਉਦਯੋਗਿਕ ਕ੍ਰਾਂਤੀ ਦੇ ਰੂਪ ਵਿਚ ਪੁੱਟੀ ਗਈ, ਜਿਸ ਨੇ ਮਨੁੱਖੀ ਲਿਆਕਤ ਅਤੇ ਕਾਢਾਂ ਦੀ ਇੱਕ ਲਹਿਰ ਪੈਦਾ ਕਰ ਦਿੱਤੀ। ਇਸ ਨੇ ਬਰਤਾਨੀਆ ਅਤੇ ਯੂਰੋਪ ਵਿੱਚ ਲੋਕਤੰਤਰੀ ਲਹਿਰਾਂ ਨੂੰ ਵੀ ਜਨਮ ਦਿੱਤਾ। ਵਿਗਿਆਨ ਦੇ ਨਾਲ-ਨਾਲ ਸਾਹਿਤ ਵੀ ਪ੍ਰਫੁੱਲਿਤ ਹੋਇਆ।

ਲੋਕਤੰਤਰੀ ਸ਼ਾਸਨ ਅਤੇ ਸੰਸਥਾਵਾਂ ਦੇ ਵਿਕਾਸ ਕਾਰਨ ਉਦਯੋਗਿਕ ਕ੍ਰਾਂਤੀ ਦੇ ਫ਼ਲ ਅਜੇ ਵੀ ਕਾਫ਼ੀ ਹੱਦ ਤੱਕ ਮਨੁੱਖ ਜਾਤੀ ਨੂੰ ਮਿਲ ਰਹੇ ਸਨ। ਇਨ੍ਹਾਂ ਸੰਸਥਾਵਾਂ ਦੀ ਕਿਸਮ ਉਦਾਰਵਾਦੀ ਸੀ, ਜਦੋਂਤੱਕ ਜਰਮਨ, ਸਪੇਨੀ ਅਤੇ ਇਤਾਲਵੀ ਰਾਸ਼ਟਰਾਂ ਨੇ ਤਾਨਾਸ਼ਾਹੀਆਂ ਨੂੰ ਜਨਮ ਨਹੀਂ ਦਿੱਤਾ, ਜਿਨ੍ਹਾਂ ਨੇ ਇਨ੍ਹਾਂ ਦੇਸ਼ਾਂ ਦੀਆਂ ਲੋਕਤੰਤਰੀ ਸੰਸਥਾਵਾਂ ਨੂੰ ਕਮਜ਼ੋਰ ਕਰ ਦਿੱਤਾ। ਹਾਲਾਂਕਿ, ਪਹਿਲੇ ਅਤੇ ਦੂਜੇ ਵਿਸ਼ਵ ਯੁੱਧਾਂ ਦੌਰਾਨ ਲੋਕਾਂ ਦੇ ਭਾਰੀ ਸਮਰਥਨ ਨਾਲ ਲੋਕਤੰਤਰ ਦੀ ਜਿੱਤ ਹੋਈ।

ਇਹ ਦੌਰ ਅਗਲੀ ਵੱਡੀ ਪੁਲਾਂਘ ਦਾ ਗਵਾਹ ਬਣਿਆ- ਪਰਮਾਣੂ ਊਰਜਾ, ਜਿਸ ਨੂੰ ਇੱਕ ਅਜਿਹੀ ਦੁਨੀਆ ਸਾਹਮਣੇ ਲਿਆਂਦਾ ਗਿਆ ਜਿਹੜੀ ਉਤਸੁਕਤਾ ਨਾਲ ਇਸ ਨੂੰ ਉਡੀਕ ਰਹੀ ਸੀ। ਖੁਸ਼ਕਿਸਮਤੀ ਨਾਲ, ਦੁਨੀਆ ਇਕਜੁੱਟ ਹੋਈ ਅਤੇ ਪਰਮਾਣੂ ਊਰਜਾ ਨੂੰ ਕਾਬੂ 'ਚ ਰੱਖਣ ਲਈ ਸੰਸਥਾਵਾਂ ਬਣਾਈਆਂ ਗਈਆਂ। ਪਰਮਾਣੂ ਸ਼ਕਤੀਆਂ ਦੁਆਰਾ ਸੰਧੀਆਂ 'ਤੇ ਹਸਤਾਖਰ ਕੀਤੇ ਗਏ ਅਤੇ ਉਨ੍ਹਾਂ ਨੂੰ ਮੰਨਿਆ ਵੀ ਗਿਆ। ਹੁਣ ਤੱਕ ਅਸੀਂ ਕਾਮਯਾਬ ਰਹੇ ਹਾਂ ਅਤੇ ਇਸ ਦੀ ਵਰਤੋਂ ਮੁੱਖ ਤੌਰ 'ਤੇ ਸਕਾਰਾਤਮਕ ਤਰੀਕੇ ਨਾਲ ਕੀਤੀ ਹੈ। ਇਹ ਸਾਡੇ ਲੋਕਤੰਤਰਾਂ, ਉਦਾਰਵਾਦੀ ਸਰਕਾਰਾਂ ਅਤੇ ਸੰਸਥਾਵਾਂ ਕਾਰਨ ਹੀ ਸੰਭਵ ਹੋ ਸਕਿਆ ਹੈ।

ਅੱਜ ਜਿਸ ਤਰ੍ਹਾਂ ਮਨੁੱਖਤਾ ਏ ਆਈ (ਆਰਟੀਫੀਸ਼ੀਅਲ ਇੰਟੈਲੀਜੈਂਸ) ਅਤੇ ਕੁਆਂਟਮ ਕੰਪਿਊਟਰ ਵਿਕਸਿਤ ਕਰ ਰਹੀ ਹੈ ਤੇ ਜਦ ਇਹ ਦੋਵੇਂ ਇਕੱਠੇ ਹੁੰਦੇ ਹਨ ਤਾਂ ਇੱਕ 'ਸੁਚੇਤ ਆਈ' ਦੀ ਵੱਡੀ ਸੰਭਾਵਨਾ ਪੈਦਾ ਕਰਦੇ ਹਨ। ਸਿਧਾਂਤਕ ਤੌਰ 'ਤੇ ਇੱਕ ਅਜਿਹੀ ਏ ਆਈ, ਜੋ ਸਵੈ-ਜਾਗਰੂਕ ਹੈ ਅਤੇ ਸੁਤੰਤਰ ਫ਼ੈਸਲੇ ਲੈਣ ਦੇ ਸਮਰੱਥ ਹੈ। ਕੀ ਅਸੀਂ ਇੱਕ ਵਾਰ ਫਿਰ ਇੱਕ ਅਹਿਮ ਮੋੜ 'ਤੇ ਖੜ੍ਹੇ ਹਾਂ... ਕੀ ਮਨੁੱਖਤਾ ਅਗਲੀ 'ਨਿਯੰਤਰਿਤ ਅਗਨੀ' ਵਿਕਸਿਤ ਕਰਨ ਜਾ ਰਹੀ ਹੈ? ਤਕਨੀਕੀ ਵਿਕਾਸ ਤੋਂ ਇਲਾਵਾ ਮਨੁੱਖਤਾ ਅੱਗੇ ਚੁਣੌਤੀ ਹਮੇਸ਼ਾ ਇਹ ਰਹੀ ਹੈ ਕਿ ਆਪਣੇ ਵੱਲੋਂ ਪੈਦਾ ਕੀਤੀ ਗਈ 'ਅੱਗ' ਨੂੰ ਉਹ ਕਾਬੂ 'ਚ ਕਿਵੇਂ ਰੱਖੇ ਕਿਉਂਕਿ ਬੇਕਾਬੂ ਹੋਣ 'ਤੇ ਇਹ ਤਬਾਹੀ ਲਿਆਉਂਦੀ ਹੈ। ਚਰਨੋਬਿਲ ਅਤੇ ਉੱਥੇ ਹੋਈ ਪਰਮਾਣੂ ਤਬਾਹੀ ਇਸ ਦੀ ਇੱਕ ਮਿਸਾਲ ਹੈ, ਇਸੇ ਤਰ੍ਹਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਇਤਰਾਜ਼ਯੋਗ ਕਾਰੇ ਵੀ। ਇਸੇ ਤਰ੍ਹਾਂ ਕੋਵਿਡ-19 ਮਹਾਮਾਰੀ ਬਾਰੇ ਕਈ ਸਵਾਲਾਂ ਦਾ ਜਵਾਬ ਨਹੀਂ ਮਿਲਿਆ। ਮੈਂ ਤਕਨੀਕ ਦੀ ਦੁਰਵਰਤੋਂ ਬਾਰੇ ਲੰਮੀ ਗੱਲ ਕਰ ਸਕਦਾ ਹਾਂ ਕਿ ਕਿਵੇਂ ਮਨੁੱਖਤਾ ਆਪਣੇ ਫ਼ਾਇਦੇ ਲਈ ਕੀਤੀ ਤਕਨੀਕੀ ਤਰੱਕੀ ਨੂੰ ਸਮੂਹਿਕ ਵਿਨਾਸ਼ ਜਾਂ ਕੰਟਰੋਲ ਦੇ ਹਥਿਆਰਾਂ ਵਿੱਚ ਬਦਲ ਦਿੰਦੀ ਹੈ। ਜਿਉਂ-ਜਿਉਂ ਅਸੀਂ ਇਸ ਉੱਨਤ ਤਕਨੀਕ ਨੂੰ ਵਿਕਸਿਤ ਕਰਦੇ ਹਾਂ, ਸਾਨੂੰ ਕਾਰਲ ਸਾਗਨ ਵੱਲੋਂ ਬਿਆਨੇ ਗਏ 'ਤਕਨੀਕੀ ਅੱਲ੍ਹੜਪੁਣੇ' ਦੇ ਵਿਚਾਰ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ, ਜਿਸ ਦੀ ਵਿਸ਼ੇਸ਼ਤਾ ਇਹ ਹੈ ਕਿ ਮਨੁੱਖਤਾ ਕੋਲ ਦੁਨੀਆ ਨੂੰ ਬਦਲਣ ਦੀ ਬੇਅੰਤ ਸ਼ਕਤੀ ਤਾਂ ਹੈ ਪਰ ਇਸ ਨੂੰ ਸੁਰੱਖਿਅਤ ਢੰਗ ਨਾਲ ਚਲਾਉਣ ਲਈ ਲੋੜੀਂਦੀ ਸੂਝ ਜਾਂ ਦੂਰਅੰਦੇਸ਼ੀ ਨਹੀਂ ਹੈ।

ਇਹ ਨੋਟ ਕੀਤਾ ਜਾਣਾ ਚਾਹੀਦਾ ਹੈ ਕਿ ਰਾਜਨੀਤੀ ਵਿੱਚ ਕੱਟੜ ਸੱਜੇ-ਪੱਖੀ ਝੁਕਾਅ ਵਧ ਰਿਹਾ ਹੈ, ਜੋ 'ਮਾਗਾ' ਲਹਿਰ ਅਤੇ ਯੂਰੋਪ, ਏਸ਼ੀਆ, ਦੱਖਣੀ ਅਮਰੀਕਾ ਵਿੱਚ ਇਸੇ ਤਰ੍ਹਾਂ ਦੀਆਂ ਰਾਜਨੀਤਕ ਸਰਗਰਮੀਆਂ ਵਿੱਚ ਦੇਖਿਆ ਜਾ ਸਕਦਾ ਹੈ। ਸਾਡੀ ਜ਼ਬਰਦਸਤ ਤਕਨੀਕੀ ਤਰੱਕੀ ਅਜਿਹੇ ਸਮੇਂ ਹੋ ਰਹੀ ਹੈ ਜਦੋਂ ਰਾਜਨੀਤੀ ਅਤੇ ਸਰਕਾਰ ਅੰਦਰਲਾ ਉਦਾਰਵਾਦ ਕੱਟੜ ਸੱਜੇ-ਪੱਖੀਆਂ ਲਈ ਰਾਹ ਪੱਧਰਾ ਕਰ ਰਿਹਾ ਹੈ। ਉਦਾਰਵਾਦੀ ਲੋਕਤੰਤਰ ਅਤੇ ਉਦਾਰਵਾਦੀ ਅਰਥਚਾਰੇ ਰਾਜਨੀਤੀ ਤੇ ਅਰਥ ਸ਼ਾਸਤਰ ਵਿੱਚ ਤਾਨਾਸ਼ਾਹੀ ਲਈ ਰਾਹ ਛੱਡ ਰਹੇ ਹਨ... ਵਿਸ਼ਵ ਵਿਵਸਥਾ ਵਾਪਸ 'ਨੇਸ਼ਨ ਸਟੇਟ' ਵੱਲ ਪਰਤ ਰਹੀ ਹੈ। ਇਸ ਤੋਂ ਇਲਾਵਾ 'ਨੇਸ਼ਨ ਸਟੇਟ' ਸਰਕਾਰ ਦੇ ਇੱਕ ਬਹੁਤ ਹੀ ਸਖ਼ਤ ਰੂਪ ਨੂੰ ਅਪਣਾ ਰਹੀ ਹੈ, ਜੋ ਕਿ ਤਾਨਾਸ਼ਾਹੀ ਹੈ। ਕੋਸ਼ਿਸ਼ ਇਹ ਹੈ ਕਿ ਲੋਕਤੰਤਰੀ ਚੋਣਾਂ ਦਾ ਮੁਖੌਟਾ ਬਣਿਆ ਰਹੇ ਅਤੇ ਤੰਤਰ ਨੂੰ ਅੰਦਰੋਂ ਖੋਖ਼ਲਾ ਕਰ ਦਿੱਤਾ ਜਾਵੇ। ਤਾਨਾਸ਼ਾਹੀ ਅਤੇ ਸੁਰੱਖਿਆਵਾਦ ਦਾ 'ਟ੍ਰੋਜਨ ਹਾਰਸ' ਚੁਣੀਆਂ ਹੋਈਆਂ ਸਰਕਾਰਾਂ ਦੇ ਗੇਟ ਰਾਹੀਂ ਅੰਦਰ ਆ ਗਿਆ ਹੈ। ਪਲੈਟੋ ਨੇ ਲੋਕਤੰਤਰ ਦੀ ਆਲੋਚਨਾ ਕੀਤੀ ਸੀ ਅਤੇ ਇਸ ਨੂੰ ਹੌਲੀ-ਹੌਲੀ ਇੱਕ ਨਿਰੰਕੁਸ਼ ਸ਼ਾਸਨ ਵਿੱਚ ਬਦਲਦੇ ਹੋਏ ਦੇਖਿਆ ਸੀ ਕਿਉਂਕਿ ਤਾਕਤ ਉਨ੍ਹਾਂ ਲੋਕ-ਲੁਭਾਊ ਨੇਤਾਵਾਂ ਕੋਲ ਚਲੀ ਜਾਂਦੀ ਹੈ, ਜੋ ਜਨਤਾ ਨੂੰ ਗੁਮਰਾਹ ਕਰਨ ਵਿੱਚ ਮਾਹਿਰ ਹੁੰਦੇ ਹਨ। ਇਸ ਵਿੱਚ ਵਾਕਈ ਸਚਾਈ ਹੈ ਕਿ ਜੇਕਰ ਅਸੀਂ ਆਪਣੀਆਂ ਸੰਸਥਾਵਾਂ ਨੂੰ ਨਜ਼ਰਅੰਦਾਜ਼ ਕਰਦੇ ਹਾਂ ਅਤੇ ਸ਼ਕਤੀ ਦੇ ਸੰਤੁਲਨ ਨੂੰ ਖ਼ਤਮ ਕਰਦੇ ਹਾਂ ਤਾਂ ਅਜਿਹਾ ਹੋ ਸਕਦਾ ਹੈ। ਕੇਂਦਰਵਾਦੀ, ਉਦਾਰਵਾਦੀ ਵਿਚਾਰਧਾਰਾ ਨੂੰ ਕੱਟੜ ਸੱਜੇ-ਪੱਖੀਆਂ ਦੀ ਲਹਿਰ ਨੇ ਪਿੱਛੇ ਧੱਕ ਦਿੱਤਾ ਹੈ। ਇਨ੍ਹਾਂ ਘਟਨਾਵਾਂ ਦੇ ਨਾਲ-ਨਾਲ ਯੂਰੋਪ, ਏਸ਼ੀਆ, ਆਸਟਰੇਲੀਆ ਆਦਿ ਦੇ ਜ਼ਿਆਦਾਤਰ ਦੇਸ਼ਾਂ ਦੇ ਰੱਖਿਆ ਬਜਟ ਵਿੱਚ ਫੌਰੀ ਵਾਧਾ ਕੀਤਾ ਜਾ ਰਿਹਾ ਹੈ ਅਤੇ ਇਹ ਮੁਲਕ ਮੁੜ ਹਥਿਆਰਬੰਦ ਹੋ ਰਹੇ ਹਨ। ਇਸ ਨਾਲ ਵਿਕਾਸਸ਼ੀਲ ਅਰਥਚਾਰੇ ਤੋਂ ਹਟ ਕੇ ਵਿਕਸਿਤ ਅਤੇ ਵਿਕਾਸਸ਼ੀਲ ਦੇਸ਼ਾਂ ਦੇ ਮੁੜ-ਹਥਿਆਰਬੰਦ ਹੋਣ ਦੀ ਲੋੜ ਪੈਦਾ ਹੋ ਗਈ ਹੈ। ਇਸ ਦਾ ਫ਼ਾਇਦਾ ਵਿਸ਼ਾਲ ਸੈਨਿਕ-ਉਦਯੋਗਿਕ ਗੱਠਜੋੜ ਨੂੰ ਮਿਲਦਾ ਹੈ। ਅੱਜ ਬਜਟ ਮੁੜ ਤੋਂ ਹਥਿਆਰਾਂ ਦਾ ਜ਼ਖੀਰਾ ਜਮ੍ਹਾਂ ਕਰਨ ਲਈ ਬਣਾਏ ਜਾ ਰਹੇ ਹਨ, ਪਰਮਾਣੂ ਸੰਧੀਆਂ ਨੂੰ ਰੱਦ ਕੀਤਾ ਜਾ ਰਿਹਾ ਹੈ ਅਤੇ ਪਰਮਾਣੂ ਭੰਡਾਰਾਂ ਨੂੰ ਮੁੜ ਭਰਿਆ ਜਾ ਰਿਹਾ ਹੈ... ਇਹ ਸਭ ਇੱਕ ਵੱਡੀ ਤਬਾਹੀ ਵੱਲ ਇਸ਼ਾਰਾ ਕਰਦੇ ਹਨ। ਇਹ ਦੁਨੀਆ ਵਿੱਚ ਵੱਖ-ਵੱਖ ਥਾਵਾਂ 'ਤੇ ਭੜਕੀਆਂ ਜੰਗਾਂ ਨਾਲ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ। ਇਸ ਵਿੱਚ ਏ ਆਈ ਦਾ ਉਭਾਰ ਜੋੜ ਦਿਓ ਅਤੇ ਤੁਹਾਡੇ ਕੋਲ ਇੱਕ ਅਜਿਹੀ ਦੁਨੀਆ ਹੋਵੇਗੀ ਜੋ ਕੁਝ ਤਕਨੀਕੀ ਮਾਹਿਰਾਂ (ਟੈੱਕਨੋਕਰੈਟਸ) ਅਤੇ ਤਾਨਾਸ਼ਾਹ ਸ਼ਾਸਕਾਂ ਦੇ ਰਹਿਮੋ-ਕਰਮ 'ਤੇ ਹੋਵੇਗੀ।

ਨਿਸ਼ਸਤਰੀਕਰਨ ਕਮਿਸ਼ਨ 'ਆਈ ਏ ਈ ਏ' (ਇੰਟਰਨੈਸ਼ਨਲ ਅਟੌਮਿਕ ਐਨਰਜੀ ਏਜੰਸੀ) ਅਤੇ ਸੰਯੁਕਤ ਰਾਸ਼ਟਰ ਦੇ ਅਧੀਨ ਕਈ ਹੋਰ ਸੰਸਥਾਵਾਂ ਨੇ ਪਰਮਾਣੂ ਊਰਜਾ ਦੇ ਵਿਕਾਸ ਅਤੇ ਵਰਤੋਂ 'ਤੇ ਇੱਕ ਪ੍ਰਣਾਲੀਗਤ ਨਿਯੰਤਰਣ ਬਣਾਉਣ ਵਿੱਚ ਮਦਦ ਕੀਤੀ ਸੀ। ਹਾਲਾਂਕਿ, ਬਹੁਤ ਤੇਜ਼ੀ ਨਾਲ ਵਿਕਸਿਤ ਹੋ ਰਹੀ ਤਕਨੀਕ ਏ ਆਈ ਦੂਰਗਾਮੀ ਤਬਦੀਲੀਆਂ ਲਿਆਉਣ ਤੇ ਖਲਲ ਪਾਉਣ ਦੇ ਸਮਰੱਥ ਹੈ, ਜਿਸ ਉੱਤੇ ਇਸ ਵੇਲੇ ਕੋਈ ਪ੍ਰਣਾਲੀਗਤ ਕੰਟਰੋਲ ਨਹੀਂ ਹੈ। ਫੌਰੀ ਲੋੜ ਇਹ ਹੈ ਕਿ ਸਾਰੇ ਦੇਸ਼ ਏ ਆਈ ਦੇ ਇਸ ਹੱਲੇ ਦਾ ਸਾਹਮਣਾ ਕਰਨ ਲਈ ਇਕਜੁੱਟ ਹੋਣ ਅਤੇ ਕੰਟਰੋਲ ਤੇ ਸੰਤੁਲਨ ਦੀ ਇੱਕ ਪ੍ਰਣਾਲੀ ਘੜਨ। ਜੇ ਇਸ ਪਾਸੇ ਧਿਆਨ ਨਾ ਦਿੱਤਾ ਗਿਆ ਤਾਂ ਅਜਿਹੀ ਸਥਿਤੀ ਪੈਦਾ ਹੋ ਸਕਦੀ ਹੈ, ਜਿੱਥੇ ਏ ਆਈ 'ਬੇਕਾਬੂ ਅੱਗ' ਬਣ ਸਕਦੀ ਹੈ।

# ਪ੍ਰਦੂਸ਼ਣ ਵਧਿਆ ਪਰ ਬਜਟ ਘਟਿਆ

ਗੁਰਪ੍ਰੀਤ, ਸੰਪਰਕ: 95698-20314

ਜਿੰਨੀ ਤੇਜ਼ੀ ਨਾਲ ਮਨੁੱਖ ਤਰੱਕੀ ਕਰ ਰਿਹਾ ਹੈ, ਉਸੇ ਰਫ਼ਤਾਰ ਨਾਲ ਬਿਮਾਰੀਆਂ ਵੀ ਵਧ ਰਹੀਆਂ ਹਨ। ਪੰਜਾਬ ਸਮੇਤ ਪੂਰੇ ਦੇਸ਼ ਵਿੱਚ ਪਾਣੀ ਪ੍ਰਦੂਸ਼ਿਤ ਹੁੰਦਾ ਜਾ ਰਿਹਾ ਹੈ। ਭਾਵੇਂ ਸਰਕਾਰਾਂ ਵੱਲੋਂ ਇਸ ਨੂੰ ਸ਼ੁੱਧ ਕਰਨ ਲਈ ਕਈ ਤੌਰ-ਤਰੀਕੇ ਵਰਤੇ ਜਾ ਰਹੇ ਹਨ, ਪਰ ਅਸਲ ਗੱਲ ਇਹ ਹੈ ਕਿ ਸਰਕਾਰਾਂ ਸਿਰਫ਼ ਤੇ ਸਿਰਫ਼ ਇਸ਼ਤਿਹਾਰਬਾਜ਼ੀ 'ਤੇ ਜ਼ੋਰ ਦੇ ਰਹੀਆਂ ਨੇ, ਇਸ ਤੋਂ ਇਲਾਵਾ ਅਮਲੀ ਤੌਰ 'ਤੇ ਕੁਝ ਨਜ਼ਰ ਨਹੀਂ ਆਉਂਦਾ।

ਦਿਨ-ਬ-ਦਿਨ ਦੇਸ਼ ਵਿੱਚ ਹਵਾ ਪ੍ਰਦੂਸ਼ਣ, ਜਲ ਪ੍ਰਦੂਸ਼ਣ ਅਤੇ ਸ਼ੋਰ ਪ੍ਰਦੂਸ਼ਣ ਵਧਦਾ ਜਾ ਰਿਹਾ ਹੈ।

ਪ੍ਰਦੂਸ਼ਣ ਕੰਟਰੋਲ ਕਰਨ ਲਈ ਜਿਹੜੀਆਂ ਸੰਸਥਾਵਾਂ ਬਣਾਈਆਂ ਗਈਆਂ ਹਨ, ਉਹ ਸਿਰਫ਼ ਤੇ ਸਿਰਫ਼ ਖਾਨਾਪੂਰਤੀ ਕਰਕੇ ਹੀ ਡੰਗ ਸਾਰ ਰਹੀਆਂ ਨੇ। ਜੇਕਰ ਇਹ ਸੰਸਥਾਵਾਂ ਕਾਰਗਰ ਢੰਗ ਨਾਲ ਆਪਣਾ ਕੰਮ ਕਰਦੀਆਂ ਹੁੰਦੀਆਂ ਤਾਂ ਅੱਜ ਸਥਿਤੀ ਏਨੀ ਬਦਤਰ ਨਾ ਹੁੰਦੀ। ਪੰਜ ਦਰਿਆਵਾਂ ਦੀ ਧਰਤੀ ਪੰਜਾਬ ਦਾ ਪਾਣੀ ਤਾਂ ਵਿਆਪਕ ਪੱਧਰ ਉੱਤੇ ਦੂਸ਼ਿਤ ਹੁੰਦਾ ਜਾ ਰਿਹਾ ਹੈ।

ਇਸ ਕਾਰਨ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਮਨੁੱਖ ਨੂੰ ਖਾ ਰਹੀਆਂ ਹਨ। ਪੰਜਾਬ ਵਿੱਚ ਰੋਜ਼ਾਨਾ ਹੀ ਦਰਜਨਾਂ ਲੋਕ ਅਜਿਹੀਆਂ ਭਿਆਨਕ ਬਿਮਾਰੀਆਂ ਨਾਲ ਮਰਦੇ ਹਨ। ਹਾਲਾਂਕਿ ਇਨ੍ਹਾਂ ਬਿਮਾਰੀਆਂ ਦਾ ਇਲਾਜ ਮੌਜੂਦ ਹੈ, ਪਰ ਇਲਾਜ ਕਰਾਉਣ ਲਈ ਲੋਕ ਆਰਥਿਕ ਪੱਖੋਂ ਸਮਰੱਥ ਨਹੀਂ ਹਨ।

ਖ਼ੈਰ, ਪ੍ਰਦੂਸ਼ਣ ਦਾ ਮਸਲਾ ਬਹੁਤ ਵੱਡਾ ਹੈ। ਪਿਛਲੇ ਦਿਨੀਂ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਬਜਟ ਪੇਸ਼ ਕੀਤਾ ਗਿਆ। ਭਾਵੇਂ ਕਿ ਬਜਟ ਵਿੱਚ ਕੋਈ ਬਹੁਤਾ ਵੱਡਾ ਐਲਾਨ ਨਹੀਂ ਹੋਇਆ, ਪਿਛਲੇ ਸਾਲ ਦਾ ਬਜਟ ਹੀ ਦੁਹਰਾਇਆ ਗਿਆ ਅਤੇ ਕਈ ਚੀਜ਼ਾਂ ਤਾਂ ਪਿਛਲੇ ਸਾਲ ਨਾਲੋਂ ਵੀ ਘਟਾ ਦਿੱਤੀਆਂ ਗਈਆਂ ਜਾਂ ਮੰਨ ਕੇ ਚੱਲੋ ਕਿ ਕਟੌਤੀ ਕਰ ਦਿੱਤੀ ਗਈ ਹੈ। ਸਿੱਖਿਆ ਤੇ ਸਿਹਤ ਬਜਟ ਵਿੱਚ ਕੋਈ ਬਹੁਤਾ ਵਾਧਾ ਨਹੀਂ ਹੋਇਆ।

ਅੱਜ ਦੇਸ਼ ਵਿੱਚ ਪ੍ਰਦੂਸ਼ਣ ਇੱਕ ਵੱਡੀ ਸਮੱਸਿਆ ਬਣ ਚੁੱਕਾ ਹੈ। ਭਾਵੇਂ ਵਿਰੋਧੀ ਧਿਰਾਂ ਸਰਕਾਰ ਨੂੰ ਪ੍ਰਦੂਸ਼ਣ ਦੇ ਮਸਲੇ 'ਤੇ ਲੋਕ ਸਭਾ ਅਤੇ ਰਾਜ ਸਭਾ ਦੇ ਅੰਦਰ ਅਤੇ ਬਾਹਰ ਦੋਵਾਂ ਥਾਵਾਂ 'ਤੇ ਘੇਰ ਰਹੀਆਂ ਹਨ, ਪਰ ਅਸਲ ਗੱਲ ਇਹ ਹੈ ਕਿ ਵਿਰੋਧੀ ਧਿਰਾਂ ਵੱਲੋਂ ਬਜਟ ਵਿੱਚ ਪ੍ਰਦੂਸ਼ਣ ਕੰਟਰੋਲ 'ਤੇ ਇੱਕ ਸ਼ਬਦ ਤੱਕ ਨਹੀਂ ਬੋਲਿਆ ਗਿਆ। ਜਾਣਕਾਰੀ ਮੁਤਾਬਿਕ, ਇਸ ਵਿੱਤੀ ਸਾਲ ਵਿੱਚ ਪ੍ਰਦੂਸ਼ਣ ਕੰਟਰੋਲ ਕਰਨ ਵਾਸਤੇ 1,091 ਕਰੋੜ ਰੁਪਏ ਰੱਖੇ ਗਏ ਹਨ, ਜੋ ਕਿ ਪਿਛਲੇ ਸਾਲ ਨਾਲੋਂ ਕਾਫ਼ੀ ਘੱਟ ਹਨ। ਮੀਡੀਆ ਰਿਪੋਰਟਾਂ ਦੀ ਮੰਨੀਏ ਤਾਂ ਲੰਘੇ ਸਾਲ ਇਹ ਬਜਟ 1,300 ਕਰੋੜ ਰੁਪਏ ਸੀ।

ਇਸ ਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਸਰਕਾਰ ਪ੍ਰਦੂਸ਼ਣ ਕੰਟਰੋਲ ਕਰਨ ਲਈ ਕਿੰਨੀ ਕੁ ਸੁਹਿਰਦ ਹੈ। ਬੇਸ਼ੱਕ, ਲੋਕ ਵੀ ਪ੍ਰਦੂਸ਼ਣ ਲਈ ਵੱਡੇ ਪੱਧਰ 'ਤੇ ਜ਼ਿੰਮੇਵਾਰ ਨੇ, ਪਰ ਲੋਕਾਂ ਨੂੰ ਜਾਗਰੂਕ ਕਰਨਾ ਤੇ ਹਿੱਤਧਾਰਕਾਂ ਨਾਲ ਸਹਿਮਤੀ ਬਣਾਉਣਾ ਸਰਕਾਰ ਦਾ ਕੰਮ ਹੈ। ਵਾਤਾਵਰਨ ਮਾਹਿਰਾਂ ਦਾ ਕਹਿਣਾ ਹੈ ਕਿ ਇਹ ਸਥਿਤੀ ਦੇਸ਼ ਵਾਸੀਆਂ ਲਈ 'ਦੋਹਰਾ ਝਟਕਾ' ਹੈ। ਇੱਕ ਪਾਸੇ, ਬਜਟ ਵਿੱਚ ਲਗਾਤਾਰ ਕਟੌਤੀ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ, ਸਰਕਾਰੀ ਮਸ਼ੀਨਰੀ ਉਪਲਬਧ ਫੰਡਾਂ ਦੀ ਵਰਤੋਂ ਕਰਨ ਵਿੱਚ ਪੂਰੀ ਤਰ੍ਹਾਂ ਬੇਅਸਰ ਸਾਬਤ ਹੋ ਰਹੀ ਹੈ।

ਮਾਹਿਰਾਂ ਅਨੁਸਾਰ ਇਹ ਬਜਟ ਕਟੌਤੀ ਅਜਿਹੇ ਸਮੇਂ ਆਈ ਹੈ, ਜਦੋਂ ਪ੍ਰਦੂਸ਼ਣ ਨਾਲ ਸਬੰਧਿਤ ਬਿਮਾਰੀਆਂ ਅਤੇ ਮੌਤਾਂ ਤੇਜ਼ੀ ਨਾਲ ਵਧ ਰਹੀਆਂ ਹਨ। ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਪ੍ਰਦੂਸ਼ਣ ਹਾਲ ਹੀ ਵਿੱਚ ਲੋਕਾਂ ਦੇ ਜੀਵਨ ਅਤੇ ਰੋਜ਼ੀ-ਰੋਟੀ ਲਈ ਇੱਕ ਵੱਡੇ ਖ਼ਤਰੇ ਵਜੋਂ ਉੱਭਰਿਆ ਹੈ। ਦੇਸ਼ ਅੰਦਰ ਲਗਾਤਾਰ ਵਧ ਰਹੇ ਪ੍ਰਦੂਸ਼ਣ ਕਾਰਨ ਜਿੱਥੇ ਕਈ ਥਾਵਾਂ 'ਤੇ ਕੰਮਕਾਜੀ ਥਾਵਾਂ ਨੂੰ ਬੰਦ ਕਰਨ ਦੀ ਨੌਬਤ ਆ ਚੁੱਕੀ ਹੈ, ਉੱਥੇ ਹੀ ਦੂਜੇ ਪਾਸੇ ਵਿੱਦਿਅਕ ਅਦਾਰੇ ਵੀ ਬੰਦ ਰਹੇ ਹਨ।

ਹਵਾ ਵਿੱਚ ਮੌਜੂਦ ਜ਼ਹਿਰੀਲੇ ਤੱਤ ਹੌਲੀ-ਹੌਲੀ ਨਾ ਸਿਰਫ਼ ਫੇਫੜਿਆਂ ਅਤੇ ਦਿਲ ਨੂੰ, ਸਗੋਂ ਦਿਮਾਗ਼ ਨੂੰ ਵੀ ਨੁਕਸਾਨ ਪਹੁੰਚਾ ਰਹੇ ਹਨ। ਸਵੀਡਨ ਦੇ ਕੈਰੋਲਿੰਸਕਾ ਇੰਸਟੀਚਿਊਟ ਦੇ ਵਿਗਿਆਨੀਆਂ ਦੁਆਰਾ ਕੀਤੇ ਗਏ ਇੱਕ ਨਵੇਂ ਅਧਿਐਨ ਵਿੱਚ ਇਹ ਖੁਲਾਸਾ ਹੋਇਆ ਹੈ ਕਿ ਪ੍ਰਦੂਸ਼ਿਤ ਹਵਾ ਦੇ ਲੰਮੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਦਿਮਾਗ਼ ਅਤੇ ਨਸਾਂ ਨਾਲ ਸਬੰਧਿਤ ਗੰਭੀਰ ਬਿਮਾਰੀਆਂ ਦਾ ਖ਼ਤਰਾ ਵਧ ਸਕਦਾ ਹੈ। ਇਸ ਅਧਿਐਨ ਦੇ ਨਤੀਜੇ ਵੱਕਾਰੀ ਮੈਡੀਕਲ ਜਰਨਲ 'ਜਾਮਾ ਨਿਊਰੋਲੋਜੀ' ਵਿੱਚ ਪ੍ਰਕਾਸ਼ਿਤ ਕੀਤੇ ਗਏ ਹਨ।

ਆਪਣੇ ਅਧਿਐਨ ਵਿੱਚ ਖੋਜਕਰਤਾਵਾਂ ਨੇ ਹਵਾ ਪ੍ਰਦੂਸ਼ਣ ਅਤੇ ਐਮੀਓਟ੍ਰੋਫਿਕ ਲੈਟਰਲ ਸਕਲੇਰੋਸਿਸ ਵਰਗੀਆਂ ਬਿਮਾਰੀਆਂ ਵਿਚਾਲੇ ਇੱਕ ਖ਼ਤਰਨਾਕ ਸਬੰਧ ਦਾ ਪਤਾ ਲਾਇਆ ਹੈ।

ਜ਼ਿਕਰਯੋਗ ਹੈ ਕਿ ਐਮੀਓਟ੍ਰੋਫਿਕ ਲੈਟਰਲ ਸਕਲੇਰੋਸਿਸ ਮੋਟਰ ਨਿਊਰੋਨ ਬਿਮਾਰੀ ਦਾ ਸਭ ਤੋਂ ਭਿਆਨਕ ਰੂਪ ਹੈ, ਜੋ ਕਿ ਲਗਭਗ 85 ਤੋਂ 90 ਪ੍ਰਤੀਸ਼ਤ ਮਾਮਲਿਆਂ ਵਿੱਚ ਹੁੰਦਾ ਹੈ। ਹਵਾ ਪ੍ਰਦੂਸ਼ਣ ਦੇ ਨਾਲ ਫੈਲਣ ਵਾਲੀ ਇਸ ਬਿਮਾਰੀ ਕਾਰਨ ਮਾਸਪੇਸ਼ੀਆਂ ਸੁੰਗੜਨ ਲੱਗਦੀਆਂ ਹਨ, ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਅਤੇ ਇਹ ਅਧਰੰਗ ਦਾ ਕਾਰਨ ਵੀ ਬਣ ਸਕਦੀ ਹੈ।

ਹਵਾ ਪ੍ਰਦੂਸ਼ਣ ਕਾਰਨ ਫੈਲਦੀਆਂ ਬਿਮਾਰੀਆਂ ਵੱਲ ਧਿਆਨ ਦੇਣ ਦੀ ਬਜਾਏ ਕਿਸਾਨਾਂ ਨੂੰ ਭੰਡਿਆ ਜਾਂਦਾ ਹੈ। ਰਾਜਨੀਤਕ ਧਿਰਾਂ ਪਰਾਲੀ ਦੀ ਰਹਿੰਦ-ਖੂੰਹਦ ਉੱਤੇ ਸਿਆਸਤ ਕਰਦੀਆਂ ਹਨ। ਜਦੋਂਕਿ ਸਰਕਾਰ ਦੀ ਇਹ ਤਰਜੀਹ ਹੋਣੀ ਚਾਹੀਦੀ ਹੈ ਕਿ ਪ੍ਰਦੂਸ਼ਣ ਦੇ ਮੁੱਖ ਸਰੋਤਾਂ ਨੂੰ ਕੰਟਰੋਲ ਕਰਨ ਲਈ ਬਜਟ ਵਿੱਚ ਢੁਕਵਾਂ ਪ੍ਰਬੰਧ ਕਰੇ ਤਾਂ ਜੋ ਇਸ ਨਾਲ ਹੁੰਦਾ ਨੁਕਸਾਨ ਰੋਕਿਆ ਜਾ ਸਕੇ।

ਅਵੀਜੀਤ ਪਾਠਕ




# ਸੋਸ਼ਲ ਮੀਡੀਆ ਦੀ ਖਿੱਚ ਖ਼ਤਰਨਾਕ

ਇੰਝ ਲੱਗਦਾ ਹੈ ਕਿ ਸੋਸ਼ਲ ਮੀਡੀਆ ਵਰਤਣ ਦੀ ਸਾਡੀ ਵਧਦੀ ਆਦਤ ਠੀਕ ਨਹੀਂ ਹੈ। ਸੋਸ਼ਲ ਮੀਡੀਆ, ਖ਼ਾਸ ਤੌਰ 'ਤੇ ਫੇਸਬੁੱਕ, ਇੰਸਟਾਗ੍ਰਾਮ ਅਤੇ ਯੂਟਿਊਬ ਵਰਗੇ ਪਲੈਟਫਾਰਮਾਂ ਦਾ ਜਨੂੰਨ ਸਾਡੇ ਬੱਚਿਆਂ ਦੀ ਮਾਨਸਿਕ ਸਿਹਤ, ਉਨ੍ਹਾਂ ਦੇ ਵਧਣ-ਫੁੱਲਣ ਦੀ ਪ੍ਰਕਿਰਿਆ, ਉਨ੍ਹਾਂ ਦੇ ਸਮਾਜਿਕ ਰਾਬਤੇ ਤੇ ਸਿੱਖਿਆ ਅਤੇ ਵਰਚੁਅਲ ਦੁਨੀਆ ਨਾਲ ਜੁੜਨ ਦੇ ਤੌਰ-ਤਰੀਕਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਕੀ ਇਹੀ ਕਾਰਨ ਹੈ ਕਿ ਆਸਟਰੇਲੀਆ ਨੇ ਪਹਿਲਾਂ ਹੀ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਕਈ ਯੂਰੋਪੀਅਨ ਦੇਸ਼ ਵੀ ਇਸੇ ਰਾਹ 'ਤੇ ਚੱਲਣ ਲਈ ਤਿਆਰ ਹਨ? ਭਾਰਤ ਵਿੱਚ ਵੀ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾਉਣ ਬਾਰੇ ਬਹਿਸ ਤੇਜ਼ ਹੋ ਰਹੀ ਹੈ।

ਜ਼ਰਾ ਸੋਚੋ, ਜੇਕਰ ਤੁਸੀਂ ਆਪਣੇ ਬੱਚੇ ਨੂੰ ਕੁਝ ਦਿਨਾਂ ਲਈ ਸਮਾਰਟਫੋਨ ਦੀ ਵਰਤੋਂ ਨਾ ਕਰਨ ਲਈ ਕਹੋ ਅਤੇ ਇਸ ਦੀ ਬਜਾਏ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ ਜਾਂ ਆਪਣੇ ਦੋਸਤਾਂ ਅਤੇ ਪਿਆਰਿਆਂ ਨਾਲ ਆਹਮੋ-ਸਾਹਮਣੇ ਗੱਲਬਾਤ ਕਰਨ ਲਈ ਉਤਸ਼ਾਹਿਤ ਕਰੋ ਤਾਂ ਤੁਹਾਡੇ ਬੱਚੇ ਦਾ ਰਵੱਈਆ ਕੀ ਹੋਵੇਗਾ? ਮੈਂ ਜਦੋਂ ਗਾਜ਼ੀਆਬਾਦ ਦੀ ਇੱਕ ਹਾਊਸਿੰਗ ਸੁਸਾਇਟੀ ਵਿੱਚ ਅਪਾਰਟਮੈਂਟ ਦੀ ਨੌਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਜਾਨ ਦੇਣ ਵਾਲੀਆਂ 16, 14 ਅਤੇ 12 ਸਾਲ ਦੀਆਂ ਤਿੰਨ ਭੈਣਾਂ ਦੀ ਹੋਣੀ ਬਾਰੇ ਸੋਚਦਾ ਹਾਂ ਤਾਂ ਮੈਨੂੰ ਸੱਚਮੁੱਚ ਭੈਅ ਆਉਂਦਾ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਪਰਿਵਾਰ ਵਿੱਚ ਕਲੇਸ਼ ਸੀ ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਉਨ੍ਹਾਂ ਦਾ ਪਿਤਾ ਆਪਣੀਆਂ ਤਿੰਨੇ ਧੀਆਂ ਦੀ ਸੋਸ਼ਲ ਮੀਡੀਆ ਵਰਤਣ ਅਤੇ ਔਨਲਾਈਨ ਕੋਰੀਅਨ ਗੇਮ ਖੇਡਣ ਦੀ ਲਤ ਤੋਂ ਖ਼ੁਸ਼ ਨਹੀਂ ਸੀ। ਅਜਿਹਾ ਲੱਗਦਾ ਹੈ ਕਿ ਉਹ ਇਸ 'ਸਦਮੇ' ਨੂੰ ਬਰਦਾਸ਼ਤ ਨਹੀਂ ਕਰ ਸਕੀਆਂ ਅਤੇ ਉਨ੍ਹਾਂ ਆਪਣੀਆਂ ਜ਼ਿੰਦਗੀਆਂ ਨੂੰ ਖ਼ਤਮ ਕਰਨ ਦਾ ਰਾਹ ਚੁਣ ਲਿਆ।

ਅੱਜਕੱਲ੍ਹ ਮੈਂ ਤਕਨਾਲੋਜੀ 'ਤੇ ਦਵੰਦ ਬਾਰੇ ਹੋਰ ਵੀ ਜ਼ਿਆਦਾ ਯਕੀਨ ਕਰਨ ਲੱਗਾ ਹਾਂ। ਉਦਾਹਰਨ ਵਜੋਂ, ਸਮਾਰਟਫੋਨ ਵਰਗੇ ਉਪਕਰਨ ਬਾਰੇ ਸੋਚੋ! ਹਾਂ, ਇਹ ਜਾਦੂਈ ਜ਼ਰੂਰ ਹੈ, ਪਰ ਜੇਕਰ ਤੁਸੀਂ ਇਹ ਉਪਕਰਨ ਕਿਸੇ ਬੱਚੇ ਜਾਂ ਅੱਲ੍ਹੜ ਨੂੰ ਦੇ ਦਿਓਗੇ ਤਾਂ ਉਹ ਤੁਰੰਤ ਦੁਨੀਆ ਨਾਲ ਜੁੜ ਸਕਦਾ ਹੈ, ਫਿਲਮ ਦੇਖ ਸਕਦਾ ਹੈ, ਗੀਤ ਸੁਣ ਸਕਦਾ ਹੈ, ਵੀਡੀਓ ਗੇਮ ਖੇਡ ਸਕਦਾ ਹੈ, ਕਿਤਾਬ ਪੜ੍ਹ ਸਕਦਾ ਹੈ, ਰੀਲਾਂ ਤੇ ਵੀਡੀਓ ਬਣਾ ਸਕਦਾ ਹੈ ਅਤੇ ਫੇਸਬੁੱਕ, ਇੰਸਟਾਗ੍ਰਾਮ ਤੇ ਵੱਟਸਐਪ ਨੂੰ ਆਪਣੇ ਤਰੀਕੇ ਨਾਲ ਵਰਤ ਸਕਦਾ ਹੈ। ਦਰਅਸਲ, ਇਹ ਅਮਲ ਬੱਚਿਆਂ ਨੂੰ ਬਹੁਤ ਪ੍ਰਭਾਵਿਤ ਕਰਦਾ ਹੈ। ਸਚਾਈ ਇਹ ਵੀ ਹੈ ਕਿ ਸਮਾਰਟਫੋਨ ਦੀ ਇਹ ਆਦਤ ਉਨ੍ਹਾਂ ਤੋਂ ਬਹੁਤ ਕੁਝ ਖੋਹ ਵੀ ਰਹੀ ਹੈ। ਉਹ ਜਿੰਨਾ ਜ਼ਿਆਦਾ ਸਕਰੀਨ ਦੇ ਆਦੀ ਹੁੰਦੇ ਹਨ, ਓਨੇ ਹੀ ਉਹ ਅਸਲ ਦੁਨੀਆ ਤੋਂ ਕੱਟੇ ਜਾਂਦੇ ਹਨ; ਉਹ ਜਿੰਨਾ ਜ਼ਿਆਦਾ ਔਨਲਾਈਨ ਗੇਮਾਂ ਖੇਡਦੇ ਹਨ, ਓਨੇ ਹੀ ਇਕੱਲੇ ਹੁੰਦੇ ਜਾਂਦੇ ਹਨ ਕਿਉਂਕਿ ਉਹ ਖੁੱਲ੍ਹੀ ਜਗ੍ਹਾ ਵਿੱਚ ਆਪਣੇ ਦੋਸਤਾਂ ਨਾਲ ਫੁੱਟਬਾਲ ਜਾਂ ਕ੍ਰਿਕਟ ਖੇਡਣ ਦੀ ਖ਼ੁਸ਼ੀ ਗੁਆ ਲੈਂਦੇ ਹਨ; ਉਹ ਜਿੰਨਾ ਜ਼ਿਆਦਾ ਸਕਰੋਲ ਕਰਦੇ ਹਨ, ਓਨਾ ਹੀ ਉਨ੍ਹਾਂ ਦਾ ਧਿਆਨ ਵੰਡਿਆ ਜਾਂਦਾ ਹੈ; ਅਤੇ ਜਿੰਨਾ ਸਮਾਂ ਉਹ ਆਪਣੀਆਂ ਵੀਡੀਓਜ਼ ਨੂੰ ਵਾਇਰਲ ਕਰਨ ਵਿੱਚ ਬਿਤਾਉਂਦੇ ਹਨ, ਓਨਾ ਹੀ ਘੱਟ ਸਮਾਂ ਉਨ੍ਹਾਂ ਨੂੰ ਇੱਕ ਕਿਤਾਬ ਨੂੰ ਛੂਹਣ, ਪੜ੍ਹਨ, ਮਹਿਸੂਸ ਕਰਨ, ਵਿਸ਼ਲੇਸ਼ਣ ਕਰਨ ਅਤੇ ਅਨੁਭਵ ਕਰਨ ਲਈ ਮਿਲਦਾ ਹੈ।

ਇਹ ਦਵੰਦ ਦੱਸਦਾ ਹੈ ਕਿ ਸੋਸ਼ਲ ਮੀਡੀਆ ਦੀ ਆਦਤ ਨੇ ਕਿਉਂ ਬੱਚਿਆਂ ਦੀ ਸਿਹਤ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ ਹੈ, ਉਨ੍ਹਾਂ ਦੀ ਚਿੰਤਾ ਵਧਾ ਦਿੱਤੀ ਹੈ, ਡਿਪਰੈਸ਼ਨ ਪੈਦਾ ਕੀਤਾ ਹੈ ਅਤੇ ਉਨ੍ਹਾਂ ਦੇ ਸਵੈ-ਮਾਣ ਨੂੰ ਵੀ ਠੇਸ ਪਹੁੰਚਾਈ ਹੈ। ਅਮਰੀਕੀ ਸਮਾਜਿਕ ਮਨੋਵਿਗਿਆਨੀ ਜੋਨਾਥਨ ਹਾਏਟ ਨੇ ਆਪਣੀ ਦਿਲਚਸਪ ਪੁਸਤਕ 'ਦਿ ਐਂਗਜ਼ੀਅਸ ਜੈਨਰੇਸ਼ਨ' ਵਿੱਚ ਇਸ ਸੰਕਟ ਦਾ ਵਿਸ਼ਲੇਸ਼ਣ ਕੀਤਾ ਹੈ। ਜੋਨਾਥਨ ਤਰਕ ਦਿੰਦਾ ਹੈ: 'ਡਿਜੀਟਲ ਅੰਡਰ-ਪੇਰੈਂਟਿੰਗ' (ਬੱਚਿਆਂ 'ਤੇ ਡਿਜੀਟਲ ਨਿਗਰਾਨੀ ਦੀ ਕਮੀ) ਨੇ ਲਤ ਲਾਉਣ ਅਤੇ ਮੁਕਾਬਲੇਬਾਜ਼ੀ ਵਾਲੇ ਸੋਸ਼ਲ ਮੀਡੀਆ ਤੱਕ ਬਿਨਾਂ ਨਿਗਰਾਨੀ ਦੇ ਪਹੁੰਚ ਆਸਾਨ ਬਣਾ ਦਿੱਤੀ ਹੈ; ਇਸੇ ਤਰ੍ਹਾਂ 'ਰੀਅਲ ਵਰਲਡ ਓਵਰ-ਪੇਰੈਂਟਿੰਗ' (ਅਸਲ ਦੁਨੀਆ ਵਿੱਚ ਬੱਚਿਆਂ ਨੂੰ ਲੈ ਕੇ ਹੱਦ ਤੋਂ ਵੱਧ ਫ਼ਿਕਰਮੰਦੀ) ਸਾਡੇ ਬੱਚਿਆਂ ਦੇ ਵਿਕਾਸ ਦੀ ਪ੍ਰਕਿਰਿਆ ਵਿੱਚ ਰੁਕਾਵਟ ਬਣ ਰਹੀ ਹੈ।

ਇਹ ਦੇਖ ਕੇ ਦੁੱਖ ਹੁੰਦਾ ਹੈ ਕਿ ਬਚਪਨ ਹੁਣ ਬਾਹਰ 'ਖੇਡ' ਕੇ ਨਹੀਂ ਬੀਤ ਰਿਹਾ ਸਗੋਂ ਇਹ ਹੁਣ 'ਫੋਨ ਆਧਾਰਿਤ' ਹੋ ਗਿਆ ਹੈ। ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਸਮਾਰਟਫੋਨ ਸਾਡੇ ਬੱਚਿਆਂ ਨੂੰ ਉਨ੍ਹਾਂ ਦੇ ਆਲੇ-ਦੁਆਲੇ ਤੋਂ ਦੂਰ ਕਰ ਰਹੇ ਹਨ ਅਤੇ ਅਸਲ ਜੀਵਨ ਦੀ ਦੋਸਤੀ ਦੀ ਥਾਂ ਖੋਖਲੇ ਔਨਲਾਈਨ ਸੰਵਾਦ ਲੈ ਰਹੇ ਹਨ। ਇਸ 'ਉਤਾਵਲੀ ਪੀੜ੍ਹੀ' ਲਈ ਹਾਏਟ ਸਾਨੂੰ ਚਿਤਾਵਨੀ ਦਿੰਦਾ ਹੈ ਕਿ ਨੀਂਦ ਦੀ ਕਮੀ, ਇਕਾਗਰਤਾ ਦਾ ਟੁੱਟਣਾ ਅਤੇ ਇਕੱਲਾਪਣ ਆਮ ਰੁਝਾਨ ਬਣਦੇ ਜਾ ਰਹੇ ਹਨ। ਭਾਰਤ ਵਿੱਚ ਇਸ ਸੰਕਟ ਦੀ ਗੰਭੀਰਤਾ ਨੂੰ ਸਮਝੋ: ਸਾਲਾਨਾ ਸਿੱਖਿਆ ਰਿਪੋਰਟ (2024) ਅਨੁਸਾਰ, ਸਾਡੇ 76 ਫ਼ੀਸਦੀ ਬੱਚੇ (14-16 ਉਮਰ ਵਰਗ) ਸੋਸ਼ਲ ਮੀਡੀਆ ਚਲਾਉਣ ਲਈ ਸਮਾਰਟਫੋਨ ਦੀ ਵਰਤੋਂ ਕਰਦੇ ਹਨ।

ਕੰਟੈਂਟ ਕ੍ਰੀਏਟਰਾਂ ਜਾਂ ਯੂਟਿਊਬਰਾਂ ਦਾ ਇਨ੍ਹਾਂ ਕੋਮਲ ਮਨਾਂ 'ਤੇ ਪ੍ਰਭਾਵ ਵੀ ਓਨਾ ਹੀ ਡਰਾਉਣਾ ਹੈ। ਕਲਪਨਾ ਕਰੋ: ਤੁਹਾਡਾ ਬੱਚਾ ਉਦੋਂ ਤੱਕ ਸੌਂ ਨਹੀਂ ਸਕਦਾ ਜਦੋਂ ਤੱਕ ਉਹ ਹਰ ਰਾਤ ਕਿਸੇ ਮਸ਼ਹੂਰ 'ਇਨਫਲੂਐਂਸਰ' ਦੀਆਂ ਕਾਲਪਨਿਕ ਕਹਾਣੀਆਂ ਦੇਖ-ਸੁਣ ਨਹੀਂ ਲੈਂਦਾ। ਉੱਤਰਾਖੰਡ ਦੇ ਛੋਟੇ ਜਿਹੇ ਕਸਬੇ ਦਾ ਇੱਕ ਨੌਜਵਾਨ ਜਿਸ ਦੇ 3.1 ਕਰੋੜ ਤੋਂ ਵੱਧ ਫਾਲੋਅਰ ਹਨ ਅਤੇ ਉਹ ਲਗਾਤਾਰ ਮਹਿੰਗੀਆਂ ਕਾਰਾਂ ਮਰਸਿਡੀਜ਼-ਬੈਂਜ਼, ਜੀ-ਵੈਗਨ, ਪੋਰਸ਼ 718 ਬਾਕਸਟਰ ਅਤੇ ਟੋਇਟਾ ਫਾਰਚੂਨਰ ਲੈਜੈਂਡਰ ਪ੍ਰਤੀ ਆਪਣੀ ਖਿੱਚ ਦਾ ਮੁਜ਼ਾਹਰਾ ਕਰਦਾ ਰਹਿੰਦਾ ਹੈ। ਅਜਿਹਾ ਕੁਝ ਦੇਖਣਾ ਹੀਣ ਭਾਵਨਾ ਅਤੇ ਆਤਮ-ਸਨਮਾਨ ਡਿੱਗਣ ਦਾ ਕਾਰਨ ਬਣ ਸਕਦਾ ਹੈ। ਜਦੋਂ ਇਸ ਕਿਸਮ ਦਾ ਕੋਈ 'ਇਨਫਲੂਐਂਸਰ' ਇੱਕ ਕੋਮਲ ਮਨ ਦੇ ਲੜਕੇ ਦੀਆਂ ਇੱਛਾਵਾਂ ਨੂੰ ਆਕਾਰ ਦੇਣਾ ਸ਼ੁਰੂ ਕਰ ਦਿੰਦਾ ਹੈ ਤਾਂ ਉਹ ਸ਼ਾਇਦ ਇਹ ਵਿਸ਼ਵਾਸ ਕਰਨ ਲੱਗੇ ਕਿ ਜੇਕਰ ਕੋਈ ਹਰ ਰੋਜ਼ ਸਵੇਰੇ ਫੈਮਿਲੀ ਵਲੋਗ ਪਾ ਕੇ ਹੀ ਇੰਨਾ ਜ਼ਿਆਦਾ ਕਮਾ ਸਕਦਾ ਹੈ ਤਾਂ ਸਖ਼ਤ ਮਿਹਨਤ ਕਰਨ, ਡੂੰਘਾਈ ਨਾਲ ਪੜ੍ਹਨ ਅਤੇ ਰਚਨਾਤਮਕ ਹੁਨਰ ਨੂੰ ਨਿਖਾਰਨ ਦੀ ਕੀ ਲੋੜ ਹੈ? ਕੀ ਇਹੀ ਕਾਰਨ ਹੈ ਕਿ ਅਸੀਂ ਹਰ ਜਗ੍ਹਾ ਨੌਜਵਾਨਾਂ ਨੂੰ ਆਪਣੇ ਸਮਾਰਟਫੋਨ ਨਾਲ ਰੀਲਾਂ ਬਣਾਉਂਦੇ, ਵੀਡੀਓ ਅਪਲੋਡ ਕਰਦੇ, ਯੂਟਿਊਬ ਜਾਂ ਇੰਸਟਾਗ੍ਰਾਮ 'ਤੇ ਆਪਣੀ ਮੌਜੂਦਗੀ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕਰਦੇ ਅਤੇ ਤੁਰੰਤ ਪ੍ਰਸਿੱਧੀ ਤੇ ਸਫ਼ਲਤਾ ਲਈ ਜੱਦੋਜਹਿਦ ਕਰਦੇ ਦੇਖਦੇ ਹਾਂ? ਅਜਿਹਾ ਲੱਗਦਾ ਹੈ ਕਿ 'ਲਾਈਕ ਐਂਡ ਸਬਸਕ੍ਰਾਈਬ' ਸਾਡੇ ਸਮਿਆਂ ਦਾ ਪਸੰਦੀਦਾ ਮੰਤਰ ਬਣ ਗਿਆ ਹੈ।

ਸਵਾਲ ਇਹ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਇਸ ਫਰੇਬ ਤੋਂ ਕਿਵੇਂ ਬਚਾ ਸਕਦੇ ਹਾਂ? ਭਾਵੇਂ ਅਸੀਂ ਆਪਣੇ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਦੇ ਵਿਚਾਰ 'ਤੇ ਇਤਰਾਜ਼ ਕਰੀਏ, ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਹੁਣ ਸਮਾਂ ਆ ਗਿਆ ਹੈ ਕਿ ਅਸੀਂ ਕੁਝ ਅਜਿਹਾ ਠੋਸ ਕਦਮ ਚੁੱਕੀਏ ਤਾਂ ਜੋ ਇਸ ਲਤ ਨੂੰ ਘਟਾਇਆ ਜਾ ਸਕੇ।

ਦਰਅਸਲ, ਅਧਿਆਪਕਾਂ ਅਤੇ ਮਾਪਿਆਂ ਵਜੋਂ ਸਾਨੂੰ ਉਨ੍ਹਾਂ ਨਾਲ ਪਿਆਰ ਤੇ ਹਮਦਰਦੀ ਨਾਲ ਗੱਲਬਾਤ ਕਰਨੀ ਚਾਹੀਦੀ ਹੈ, ਉਨ੍ਹਾਂ ਨੂੰ ਅਸਲ ਤੇ ਵਰਚੁਅਲ ਵਿੱਚ ਫ਼ਰਕ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ, ਦੋਸਤਾਂ ਤੇ ਗੁਆਂਢੀਆਂ ਨਾਲ ਮਿਲਣ-ਗਿਲਣ, ਭੱਜ-ਦੌੜ ਵਾਲੀਆਂ ਖੇਡਾਂ ਖੇਡਣ, ਚੰਗੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਉਣ ਅਤੇ ਆਲੋਚਨਾਤਮਕ ਸੋਚ ਤੇ ਚਿੰਤਨ ਸ਼ਕਤੀ ਨੂੰ ਤੇਜ਼ ਕਰਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਨਾਲ ਗੱਲਬਾਤ ਕਰਨਾ ਅਤੇ ਉਨ੍ਹਾਂ ਨੂੰ ਇਹ ਸਮਝਾਉਣਾ ਵੀ ਓਨਾ ਹੀ ਮਹੱਤਵਪੂਰਨ ਹੈ ਕਿ ਸਾਡੀ ਰੋਜ਼ਾਨਾ ਹੋਂਦ ਸੁੰਦਰਤਾ, ਪ੍ਰਸਿੱਧੀ ਅਤੇ ਠਾਠ ਦੀਆਂ ਉਨ੍ਹਾਂ ਸਜਾ ਕੇ ਪੇਸ਼ ਕੀਤੀਆਂ ਤਸਵੀਰਾਂ ਵਰਗੀ ਨਹੀਂ ਹੁੰਦੀ, ਜੋ ਅਸੀਂ ਸਕਰੀਨ 'ਤੇ ਦੇਖਦੇ ਹਾਂ। ਇਹ ਵੀ ਸਮਝਾਉਣ ਦੀ ਲੋੜ ਹੈ ਕਿ 'ਸਾਧਾਰਨ', 'ਅਧੂਰੇ' ਹੋਣਾ ਅਤੇ ਫਿਰ ਵੀ ਪਿਆਰ, ਉਤਸੁਕਤਾ ਅਤੇ ਸੱਚੇ ਰਿਸ਼ਤਿਆਂ ਨਾਲ ਭਰਪੂਰ ਹੋਣਾ ਚੰਗੀ ਗੱਲ ਹੈ।

ਮੈਂ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਕੀ ਬਾਲਗਾਂ ਵਜੋਂ ਅਸੀਂ ਇਸ ਅਸਲੋਂ ਮਹੱਤਵਪੂਰਨ ਕਾਰਜ ਨੂੰ ਸਿਰੇ ਚੜ੍ਹਾਉਣ ਦੇ ਸਮਰੱਥ ਹਾਂ ਜਾਂ ਨਹੀਂ। ਜਾਂ ਕੀ ਅਸੀਂ ਵੀ ਆਪਣੀ 9 ਤੋਂ 5 ਦੀ ਨੀਰਸ ਅਤੇ ਤਣਾਅਪੂਰਨ ਜ਼ਿੰਦਗੀ ਤੋਂ ਬਾਅਦ ਆਪਣੇ ਸਮਾਰਟਫੋਨ ਅੱਗੇ ਹਥਿਆਰ ਸੁੱਟਣਾ ਚਾਹੁੰਦੇ ਹਾਂ ਅਤੇ ਇਉਂ ਆਪਣੇ ਬੱਚਿਆਂ ਨਾਲ ਗੰਭੀਰ ਤੇ ਅਰਥਪੂਰਨ ਢੰਗ ਨਾਲ ਜੁੜਦੇ ਹੀ ਨਹੀਂ?

» ਪਰਮਜੀਤ ਸਿੰਘ ਪਰਵਾਨਾ, ਮੋਬਾਈਲ : 98722-09399

# ਖ਼ਤਰਨਾਕ ਹੈ ਮੋਬਾਈਲ ਦਾ ਗ਼ੁਲਾਮ ਹੋਣਾ

ਪਿੱਛੇ ਜਿਹੇ ਗਾਜ਼ੀਆਬਾਦ ਤੇ ਭੋਪਾਲ ਤੋਂ ਤਿੰਨ ਲੜਕੀਆਂ ਸਮੇਤ ਚਾਰ ਨਾਬਾਲਗਾਂ ਵੱਲੋਂ ਖ਼ੁਦਕੁਸ਼ੀ ਦੀਆਂ ਦੋ ਮੰਦਭਾਗੀਆਂ ਖ਼ਬਰਾਂ ਨੇ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਆਖ਼ਰ ਅਸੀਂ ਮੋਬਾਈਲ ਫੋਨ ਅਤੇ ਵੱਖ-ਵੱਖ ਐਪਸ ਦੇ ਗ਼ੁਲਾਮ ਕਿਉਂ ਹੋ ਗਏ ਹਾਂ! ਦੋਵਾਂ ਘਟਨਾਵਾਂ ਲਈ ਦੋ ਮੋਬਾਈਲ ਗੇਮਾਂ ਜ਼ਿੰਮੇਵਾਰ ਦੱਸੀਆਂ ਗਈਆਂ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜੋਕੀ ਜ਼ਿੰਦਗੀ ਵਿਚ ਮੋਬਾਈਲ ਫੋਨ ਅਹਿਮ ਭੂਮਿਕਾ ਨਿਭਾ ਰਿਹਾ ਹੈ। ਰੋਜ਼ਮੱਰਾ ਦੀਆਂ ਕਈ ਲੋੜਾਂ ਤੇ ਮੁਸ਼ਕਲਾਂ ਦਾ ਹੱਲ ਮੋਬਾਈਲ ਰਾਹੀਂ ਮਿਲ ਰਿਹਾ ਹੈ ਪਰ ਕੀ ਅਸੀਂ ਸਹੀ ਮਾਅਨਿਆਂ ਵਿਚ ਇਸ ਦਾ ਸਦਉਪਯੋਗ ਕਰ ਰਹੇ ਹਾਂ?

ਉਪਰੋਕਤ ਦਰਦਨਾਕ ਘਟਨਾਵਾਂ ਦੇ ਵਾਪਰਨ ਮਗਰੋਂ ਮੈਨੂੰ ਇਹ ਮਹਿਸੂਸ ਹੋਇਆ ਹੈ ਕਿ ਅਸੀਂ ਮੋਬਾਈਲ ਦੀ ਸੁਚੱਜੀ ਵਰਤੋਂ ਦੀ ਥਾਂ ਕੁਵਰਤੋਂ ਵਧੇਰੇ ਕੀਤੀ ਹੈ, ਖ਼ਾਸ ਕਰਕੇ ਨੌਜਵਾਨ ਤੇ ਨਾਬਾਲਗ ਮੋਬਾਈਲ 'ਤੇ ਹੱਦੋਂ ਵੱਧ ਸਮਾਂ ਲਗਾ ਕੇ ਸੋਸ਼ਲ ਮੀਡੀਆ, ਵੱਖ-ਵੱਖ ਐਪਸ, ਗੇਮਾਂ ਆਦਿ ਦੇ ਵੱਧ 'ਸ਼ਿਕਾਰ' ਹੋ ਰਹੇ ਹਨ। ਜਿਨ੍ਹਾਂ ਨੇ ਮੋਬਾਈਲ ਤੋਂ ਲਾਭ ਪ੍ਰਾਪਤ ਕਰਨਾ ਹੈ, ਉਹ ਘੱਟ ਸਮੇਂ ਵਿਚ ਵੱਧ ਤੋਂ ਵੱਧ ਗਿਆਨ ਹਾਸਲ ਕਰ ਕੇ ਵੱਡੇ-ਵੱਡੇ ਇਮਤਿਹਾਨਾਂ ਨੂੰ ਪਾਸ ਕਰ ਜਾਂਦੇ ਹਨ।

ਜ਼ਿੰਦਗੀ ਵਿਚ ਖ਼ਾਸ ਮੁਕਾਮ ਹਾਸਲ ਕਰਨ ਦੇ ਚਾਹਵਾਨ ਮੋਬਾਈਲ ਦੇ ਲਾਭਾਂ ਨੂੰ ਚੁਣਦੇ ਹਨ। ਮੋਬਾਈਲ ਦੀ ਵੱਧ ਵਰਤੋਂ ਨਾ ਕੇਵਲ ਸਿਹਤ ਨਾਲ ਸਬੰਧਤ ਬਲਕਿ ਹੋਰ ਕਈ ਸਮਾਜੀ ਸਮੱਸਿਆਵਾਂ ਨੂੰ ਜਨਮ ਦੇ ਰਹੀ ਹੈ। ਸਾਡੇ ਸਮਾਜ ਲਈ ਇਹ ਤ੍ਰਾਸਦੀ ਹੈ ਕਿ ਪਿਆਰ ਤਾਂ ਪਹਿਲਾਂ ਹੀ ਬਹੁਤ ਘਟ ਚੁੱਕਿਆ ਹੈ ਪਰ ਮੋਬਾਈਲ ਨੇ ਪਿਆਰ ਅਤੇ ਸਤਿਕਾਰ ਦੀ ਭਾਵਨਾ ਹੋਰ ਘਟਾਉਣ ਵਿਚ ਆਪਣਾ ਯੋਗਦਾਨ ਪਾਇਆ ਹੈ।

ਪਰਿਵਾਰ ਦੇ ਇਕੱਠੇ ਬੈਠ ਕੇ ਗੱਲਬਾਤ ਕਰਨ ਦੀ ਗੱਲ ਤਾਂ ਅਤੀਤ ਦਾ ਹਿੱਸਾ ਬਣ ਗਈ ਹੈ ਪਰ ਅਸੀਂ ਮਿਲਣ ਆਏ ਰਿਸ਼ਤੇਦਾਰ ਜਾਂ ਦੋਸਤ ਨਾਲ ਪਿਆਰ ਨਾਲ ਗੱਲਬਾਤ ਕਰਨ ਦੀ ਥਾਂ ਅਕਸਰ ਮੋਬਾਈਲ ਨਾਲ ਚਿੰਬੜੇ ਰਹਿੰਦੇ ਹਾਂ। ਇਸ ਤਰ੍ਹਾਂ ਕਰ ਕੇ ਅਸੀਂ ਤਾਂਘ ਨਾਲ ਮਿਲਣ ਆਏ ਰਿਸ਼ਤੇਦਾਰ ਜਾਂ ਦੋਸਤ ਦਾ ਨਿਰਾਦਰ ਕਰਦੇ ਹਾਂ। ਇਕ ਅੰਕੜੇ ਅਨੁਸਾਰ 2024 ਤੱਕ ਵਿਸ਼ਵ ਭਰ ਵਿਚ 6.8 ਬਿਲੀਅਨ ਤੋਂ ਵੱਧ ਲੋਕ ਸਮਾਰਟਫੋਨਾਂ ਦੀ ਵਰਤੋਂ ਕਰ ਰਹੇ ਸਨ ਜਿਨ੍ਹਾਂ ਵਿੱਚੋਂ 6.3 ਫ਼ੀਸਦ ਇਨ੍ਹਾਂ ਦੇ ਆਦੀ ਹੋ ਚੁੱਕੇ ਸਨ। ਤੀਹ ਸਾਲ ਤੋਂ ਘੱਟ ਉਮਰ ਦੇ ਨੌਜਵਾਨ ਵੱਧ ਆਦੀ ਸਨ, 16 ਫ਼ੀਸਦ ਨਾਬਾਲਗ ਮੋਬਾਈਲ ਫੋਨ ਦੇ ਆਦੀ ਹੋ ਚੁੱਕੇ ਸਨ।

ਅੱਜ ਦੀ ਤਰੀਕ 'ਚ ਇਸ ਵਿਚ ਹੋਰ ਕਾਫ਼ੀ ਵਾਧਾ ਹੋ ਚੁੱਕਾ ਹੈ। ਇਹ ਅੰਦਾਜ਼ਾ ਇਸ ਗੱਲ ਤੋਂ ਵੀ ਲਾਇਆ ਜਾ ਸਕਦਾ ਹੈ ਕਿ 2004 ਤੋਂ ਬਾਅਦ ਗੂਗਲ 'ਤੇ 'ਸੈੱਲਫੋਨ ਐਡਿਕਸ਼ਨ' ਬਾਰੇ ਸਰਚ ਕਰਨ ਵਾਲਿਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋਇਆ ਹੈ ਅਤੇ ਮੋਬਾਈਲ ਨਾਲ ਚਿਪਕੇ ਰਹਿਣ ਦੀ ਆਦਤ ਛੁਡਵਾਉਣ ਲਈ ਫੋਨ ਐਡਿਕਸ਼ਨ ਕਾਊਂਸਲਿੰਗ ਸੈਂਟਰ ਖੁੱਲ੍ਹ ਰਹੇ ਹਨ। ਮੈਡੀਕਲ ਪ੍ਰੋਫੈਸ਼ਨਲਜ਼ ਤੇ ਹੋਰ ਖੋਜ-ਕਰਤਾਵਾਂ ਨੇ ਕਈ ਅਧਿਐਨਾਂ ਰਾਹੀਂ ਇਹ ਕਿਹਾ ਹੈ ਕਿ ਮੋਬਾਈਲ ਫੋਨ ਦੀ ਵੱਧ ਵਰਤੋਂ ਕਾਰਨ ਬਹੁਤ ਮਾੜੇ ਪ੍ਰਭਾਵ ਪੈਂਦੇ ਹਨ ਜਿਨ੍ਹਾਂ ਵਿਚ ਘੱਟ ਨੀਂਦ ਲੈਣ ਦੇ ਵਿਗਾੜ, ਬੇਚੈਨੀ, ਚਿੜਚਿੜਾਪਣ, ਅੱਖਾਂ, ਦਿਮਾਗ 'ਤੇ ਅਸਰ, ਤਣਾਅ ਅਤੇ ਸਭ ਤੋਂ ਖ਼ਤਰਨਾਕ ਮੋਬਾਈਲ ਗੇਮਾਂ ਦੇ ਪ੍ਰਭਾਵ ਹੇਠ ਖ਼ੁਦਕੁਸ਼ੀ ਕਰਨ ਲਈ ਤਿਆਰ ਹੋ ਜਾਣਾ।

ਕਈ ਖੋਜ-ਕਰਤਾਵਾਂ ਦਾ ਵਿਸ਼ਵਾਸ ਹੈ ਕਿ ਨੌਜਵਾਨਾਂ ਤੇ ਨਾਬਾਲਗਾਂ ਵਿਚ ਵਧ ਰਹੀਆਂ ਖ਼ੁਦਕੁਸ਼ੀਆਂ ਦਾ ਵੱਡਾ ਕਾਰਨ ਲਗਾਤਾਰ ਘੰਟਿਆਂਬੱਧੀ ਮੋਬਾਈਲ ਫੋਨ 'ਤੇ ਲੱਗੇ ਰਹਿਣਾ ਹੈ। ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀਡੀਸੀ) ਅਨੁਸਾਰ 2010 ਤੋਂ 2015 ਦਰਮਿਆਨ ਖ਼ੁਦਕੁਸ਼ੀਆਂ ਕਰਨ ਦੀ ਦਰ 65 ਫ਼ੀਸਦ ਤੱਕ ਵਧੀ ਤੇ ਲੜਕੀਆਂ ਵਿਚ ਡਿਪ੍ਰੈਸ਼ਨ ਦਾ ਵਾਧਾ 58 ਪ੍ਰਤੀਸ਼ਤ ਤੱਕ ਹੋਇਆ। ਅਮਰੀਕਨ ਹਾਰਟ ਐਸੋਸੀਏਸ਼ਨ ਦੀ ਸਟੱਡੀ ਵਿਚ ਪਾਇਆ ਗਿਆ ਹੈ ਕਿ ਮੋਬਾਈਲ ਦੀ ਵੱਧ ਵਰਤੋਂ ਕਰਨ ਨਾਲ ਦਿਲ ਦੇ ਨਾਲ-ਨਾਲ ਮੈਟਾਬੋਲਿਕ ਹੈਲਥ 'ਤੇ ਵੀ ਬਹੁਤ ਮਾੜਾ ਅਸਰ ਪੈਂਦਾ ਹੈ। ਕਈ ਅਧਿਐਨਾਂ ਵਿਚ ਕਿਹਾ ਗਿਆ ਹੈ ਕਿ ਨਾਬਾਲਗ ਲੜਕੀਆਂ ਅਤੇ ਉਨ੍ਹਾਂ ਨੌਜਵਾਨਾਂ ਵਿਚ ਸਵੈਮਾਣ ਦੀ ਕਮੀ ਆਈ ਹੈ ਜੋ ਇੰਸਟਾਗ੍ਰਾਮ ਜਾਂ ਹੋਰ ਐਪਸ 'ਤੇ ਲਗਾਤਾਰ ਰਹਿੰਦੇ ਹਨ। ਮੋਬਾਈਲ ਫੋਨ ਦੀ ਲਤ ਕਿਉਂ ਨਾ ਲੱਗੇ, ਛੋਟੇ ਬੱਚੇ ਨੂੰ ਰੋਣ ਤੋਂ ਚੁੱਪ ਕਰਾਉਣ ਲਈ ਅਸੀਂ ਝੱਟ ਮੋਬਾਈਲ ਉਸ ਅੱਗੇ ਰੱਖ ਦਿੰਦੇ ਹਾਂ ਤੇ ਫਿਰ ਵੱਡਾ ਹੋ ਕੇ ਜਦੋਂ ਉਹ ਮੋਬਾਈਲ ਫੋਨ ਨਹੀਂ ਛੱਡਦਾ ਤਾਂ ਕਲਪਦੇ ਹਾਂ। ਨਾਬਾਲਗ ਲੜਕੇ ਤੇ ਲੜਕੀਆਂ ਨੂੰ ਲਗਾਤਾਰ ਮੋਬਾਈਲ ਚਲਾਉਣ ਦੇ ਨੁਕਸਾਨਾਂ ਬਾਰੇ ਜਾਣੂ ਕਰਵਾਉਣਾ ਚਾਹੀਦਾ ਹੈ।

ਮੌਜੂਦਾ ਦੌਰ ਵਿਚ ਬੇਸ਼ੱਕ ਮੋਬਾਈਲ ਵੀ ਪੜ੍ਹਾਈ ਦਾ ਹਿੱਸਾ ਬਣ ਗਿਆ ਹੈ ਪਰ ਮਾਪਿਆਂ ਦਾ ਵੀ ਇਹ ਫ਼ਰਜ਼ ਬਣਦਾ ਹੈ ਕਿ ਉਹ ਘਰ ਵਿਚ ਮੋਬਾਈਲ 'ਤੇ ਕੰਮ ਕਰਦੇ ਬੱਚਿਆਂ 'ਤੇ ਥੋੜ੍ਹੀ ਨਿਗਰਾਨੀ ਰੱਖਣ ਕਿ ਵਾਕਈ ਉਹ ਮੋਬਾਈਲ 'ਤੇ ਆਪਣੀ ਪੜ੍ਹਾਈ ਨਾਲ ਸਬੰਧਤ ਹੀ ਕੁਝ ਕਰ ਰਹੇ ਹਨ। ਆਪਣੇ ਬੱਚਿਆਂ ਦੇ ਵਿਵਹਾਰ ਨੂੰ ਵੀ ਬੜੀ ਬਰੀਕੀ ਨਾਲ ਵਾਚਣ। ਨਾਬਾਲਗ ਬੱਚਿਆਂ ਨੂੰ ਸਮਝਾ ਕੇ ਫੋਨ ਵੇਖਣ ਦਾ ਸਮਾਂ ਵੀ ਨਿਸ਼ਚਿਤ ਕੀਤਾ ਜਾ ਸਕਦਾ ਹੈ। ਮੋਬਾਈਲ ਫੋਨ ਦੀ 'ਲਤ' ਬਹੁਤ ਖ਼ਤਰਨਾਕ ਮੋੜ ਲੈ ਰਹੀ ਹੈ। ਸਮਝਦਾਰੀ ਨਾਲ ਵਿਚਰਨ ਦੀ ਜ਼ਰੂਰਤ ਹੈ। ਬੱਚਿਆਂ ਦਾ ਨਿਸ਼ਾਨਾ ਆਪਣਾ ਬਿਹਤਰ ਭਵਿੱਖ ਬਣਾਉਣਾ ਹੋਣਾ ਚਾਹੀਦਾ ਹੈ ਨਾ ਕਿ ਮੋਬਾਈਲ 'ਤੇ ਸਮਾਂ ਖ਼ਰਾਬ ਕਰਨਾ। ਸਮਾਂ ਅਨਮੋਲ ਹੁੰਦਾ ਹੈ ਤੇ ਜਿਸ ਨੇ ਇਸ ਦੀ ਮਹੱਤਤਾ ਪਛਾਣੀ ਹੈ, ਉਹ ਕਦੇ ਵੀ ਇਸ ਨੂੰ ਵਿਅਰਥ ਨਹੀਂ ਗੁਆਉਂਦਾ।




# ਤਰਕ ਸੰਗਤ ਦਲੀਲਾਂ ਦਾ ਬਾਦਸ਼ਾਹ ਗਿਆਨੀ ਦਿੱਤ ਸਿੰਘ ਜੀ

ਲੇਖਕ : ਪ੍ਰਿੰਸੀਪਲ ਨਸੀਬ ਸਿੰਘ ਸੇਵਕ
ਸੰਪਰਕ : 94652-16530

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਸੰਨ 1839 ਸਮੇਂ ਸਿੱਖਾਂ ਦੀ ਗਿਣਤੀ 1 ਕਰੋੜ ਤੋਂ ਵੀ ਵੱਧ ਸੀ, ਜੋ 1881 ਦੀ ਮਰਦਮ ਸ਼ੁਮਾਰੀ ਵਿੱਚ ਘਟ ਕੇ 18,53,429 ਰਹਿ ਗਈ ਸੀ। ਇਸੀ ਦੌਰਾਨ ਰਿਆਸਤ ਪਟਿਆਲਾ ਦੇ ਮਸ਼ਹੂਰ ਪਿੰਡ ਕਲੌੜ (ਨੰਦਪੁਰ) ਵਿਖੇ, ਜੋ ਅੱਜ ਕੱਲ੍ਹ ਜਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਹੈ, ਵਿਖੇ ਬਾਬਾ ਦਿਵਾਨ ਸਿੰਘ ਤੇ ਮਾਤਾ ਰਾਮ ਕੌਰ ਦੇ ਘਰ ਇੱਕ ਬਾਲਕ ਨੇ ਜਨਮ ਲਿਆ, ਜਿਸ ਦਾ ਨਾਂ ਦਿਤਾ ਰਾਮ ਰੱਖਿਆ ਗਿਆ, ਜੋ ਬਾਅਦ ਵਿੱਚ ਗਿਆਨੀ ਦਿੱਤ ਸਿੰਘ ਦੇ ਨਾਂ ਨਾਲ ਮਸ਼ਹੂਰ ਹੋ ਗਿਆ। 8 ਸਾਲ ਦੀ ਉਮਰੇ, ਪਿਤਾ ਨੇ ਇਹ ਕਹਿ ਕੇ ਕਿ 'ਜਾਓ ਮੇਰੇ ਪਿਛੇ ਕਿਉਂ ਫਿਰਦਾ ਹੈਂ, ਤੂੰ ਭੀ ਬ੍ਰਹਮ ਤੇ ਮੈਂ ਭੀ ਬ੍ਰਹਮ, ਬ੍ਰਹਮੰਡ ਤੇਰਾ ਹੀ ਹੈ, ਜਾ ਕੇ ਸੰਭਾਲ' ਕੇ ਘਰੋਂ ਤੋਰ ਦਿੱਤਾ ਤੇ ਇਕ ਦਿਨ ਬਡਾਲੇ ਵਿਖੇ ਸ. ਭਾਗ ਸਿੰਘ ਦੇ ਘਰ ਰਹਿ ਕੇ ਅਗਲੇ ਦਿਨ ਪਿੰਡ ਤਿਊੜ ਵਿਖੇ ਗੁਲਾਬਦਾਸੀਆਂ ਦੇ ਡੇਰੇ ਪੁੱਜ ਗਿਆ। 18 ਸਾਲ ਦੀ ਉਮਰ ਤੱਕ ਬਹੁਤ ਸਾਰਾ ਗਿਆਨ ਪ੍ਰਾਪਤ ਕੀਤਾ। ਡੇਰੇ ਵਿਖੇ ਆਉਂਦੇ ਸਾਧੂ, ਸੰਤਾਂ, ਵਿਦਵਾਨਾਂ ਨਾਲ ਵਿਚਾਰ ਵਟਾਂਦਰੇ ਕਰਦੇ ਰਹੇ। ਪੰਜਾਬੀ ਦੇ ਨਾਲ ਹਿੰਦੀ, ਸੰਸਕ੍ਰਿਤ, ਫਾਰਸੀ, ਅਰਬੀ, ਉਰਦੂ, ਅੰਗਰੇਜ਼ੀ ਆਦਿ ਭਾਸ਼ਾਵਾਂ ਦਾ ਗਿਆਨ ਵੀ ਪ੍ਰਾਪਤ ਕਰ ਲਿਆ ਸੀ। ਦਿਤਾ ਰਾਮ ਛੋਟੀ ਉਮਰ ਵਿੱਚ ਹੀ ਲਾਗਲੇ ਪਿੰਡਾਂ ਵਿੱਚ ਪ੍ਰਚਾਰ ਕਰਨ ਲੱਗ ਗਿਆ ਸੀ। ਇੱਥੋਂ ਉਹ ਚੱਠਿਆਂ ਵਾਲਾ (ਲਾਹੌਰ) ਵਿਖੇ ਪੁੱਜਿਆ ਇੱਥੇ ਉਸ ਦੀਆਂ ਆਰੀਆ ਸਮਾਜ ਦੇ ਮੁੱਖੀ ਸਵਾਮੀ ਦਯਾ ਨੰਦ ਨਾਲ ਲਗਾਤਾਰ ਤਿੰਨ ਧਰਮ ਬਾਰੇ ਬਹਿਸਾਂ ਹੋਈਆਂ।

ਆਰੀਆ ਸਮਾਜ ਦੀ ਸਥਾਪਨਾ 29 ਮਾਰਚ, 1875 ਵਿੱਚ ਬੰਬਈ ਵਿਖੇ ਹੋਈ ਇਸ ਦੇ ਸੰਸਥਾਪਕ ਸਵਾਮੀ ਦਯਾ ਨੰਦ ਜੀ ਸਨ। ਉਹ 19 ਅਪ੍ਰੈਲ 1877 ਨੂੰ ਲਾਹੌਰ ਆਏ ਅਤੇ ਰਤਨ ਚੰਦ ਦਾਹੜੀ ਵਾਲੇ ਦੇ ਬਾਗ ਵਿੱਚ ਠਹਿਰੇ। ਸਵਾਮੀ ਦਯਾ ਨੰਦ ਹਰ ਰੋਜ ਵਿਖਿਆਨ ਕਰਿਆ ਕਰਦੇ ਸਨ ਅਤੇ ਬਾਅਦ ਵਿੱਚ ਲੋਕਾਂ ਨੂੰ ਪ੍ਰਸ਼ਨ ਪੁੱਛਣ ਦਾ ਮੌਕਾ ਦਿੱਤਾ ਜਾਂਦਾ ਸੀ। ਗਿਆਨੀ ਦਿੱਤ ਸਿੰਘ ਨੂੰ ਉਨ੍ਹਾਂ ਦੇ ਆਉਣ ਅਤੇ ਵਿਖਿਆਨ ਕਰਨ ਦਾ ਪਤਾ ਚਲਿਆ। ਗਿਆਨੀ ਜੀ ਨੂੰ ਕਿਉਂਕਿ ਬਚਪਨ ਉਪਰੰਤ ਗੁਲਾਬਦਾਸੀਆਂ ਦੇ ਡੇਰੇ ਤਿਊੜ ਤੋਂ ਹੀ ਵਿਚਾਰ ਚਰਚਾ ਕਰਨ, ਸੰਬਾਦ ਕਰਨ ਅਤੇ ਭਾਸ਼ਨ ਦੇਣ ਆਦਿ ਦਾ ਕਾਫੀ ਅਧਿਐਨ ਹੋ ਚੁੱਕਾ ਸੀ ਅਤੇ ਚੱਠਿਆਂ ਵਾਲੇ ਆ ਕੇ ਉਨ੍ਹਾਂ ਨੇ ਇਨ੍ਹਾਂ ਵਿਸ਼ਿਆਂ ਵਿੱਚ ਹੋਰ ਬੇਮਿਸਾਲ ਵਾਧਾ ਕਰ ਲਿਆ ਸੀ, ਇਹ ਕਹਿਣਾ ਕੋਈ ਗਲਤ ਨਹੀਂ ਹੋਵੇਗਾ ਕਿ 1877 ਈ: ਤੱਕ ਗਿਆਨੀ ਦਿੱਤ ਸਿੰਘ ਨੂੰ ਗਿਆਨ ਦੀ ਚੰਗੀ ਖਾਸੀ ਪ੍ਰਾਪਤੀ ਹੋ ਗਈ ਸੀ। ਉਹ ਆਪਣੇ ਗਿਆਨ ਦੇ ਬਲਬੂਤੇ 'ਤੇ ਕਿਸੇ ਵੀ ਗੁਣੀ ਗਿਆਨੀ ਨਾਲ ਵਿਚਾਰ ਚਰਚਾ ਕਰਨ ਦੇ ਯੋਗ ਹੋ ਗਏ ਸਨ। ਉਹ ਹਮੇਸ਼ਾ ਦੂਜਿਆਂ ਨਾਲ ਵਿਚਾਰ ਚਰਚਾ ਕਰਕੇ ਆਪਣੇ ਵਿਸ਼ਾਲ ਗਿਆਨ ਵਿੱਚ ਹੋਰ ਵਾਧਾ ਕਰਨ ਦੇ ਇਛੁੱਕ ਰਹਿੰਦੇ ਸਨ। ਸਵਾਮੀ ਜੀ ਦੇ ਵਿਖਿਆਨ ਸੁਨਣ ਲਈ ਇਕ ਦੋ ਦਿਨ ਜਾਣ ਤੋਂ ਬਾਅਦ ਉਨ੍ਹਾਂ ਨੇ ਸਵਾਮੀ ਜੀ ਨਾਲ ਪ੍ਰਸ਼ਨ ਉੱਤਰ ਕਰਨ ਦੀ ਇੱਛਾ ਪ੍ਰਗਟ ਕੀਤੀ। ਆਖਰ ਇਕ ਦਿਨ ਗਿਆਨੀ ਦਿੱਤ ਸਿੰਘ ਉਰਫ ਰਾਮ ਦਿੱਤਾ ਅਤੇ ਸਵਾਮੀ ਦਯਾ ਨੰਦ ਪਹਿਲੀ ਧਰਮ ਵਿਚਾਰ ਚਰਚਾ ਲਈ ਆਹਮੋਂ-ਸਾਹਮਣੇ ਬੈਠ ਗਏ। ਦਿਤਾ ਰਾਮ ਨੇ ਸਵਾਮੀ ਜੀ ਨੂੰ ਪਹਿਲਾ ਸਵਾਲ ਕੀਤਾ 'ਇਸ ਜਗਤ ਦਾ ਕਰਤਾ ਕੌਣ' ? ਦਯਾ ਨੰਦ ਨੇ ਉੱਤਰ ਦਿੱਤਾ, 'ਈਸ਼ਵਰ'। ਗਿਆਨੀ ਜੀ ਨੇ ਮੋੜਵਾਂ ਸਵਾਲ ਕੀਤਾ ਕਿ 'ਕੀ ਈਸ਼ਵਰ ਜਗਤ ਨੂੰ ਆਪਣੇ ਵਿੱਚੋਂ ਪੈਦਾ ਕਰਦਾ ਹੈ ਜਾਂ ਕਿਸੇ ਹੋਰ ਵਸਤੂ ਵਿੱਚੋਂ' ? ਫਿਰ ਸਾਧੂ ਜੀ ਨੇ ਕਿਹਾ 'ਈਸ਼ਵਰ ਨਿਰਾਕਰ ਹੈ ਪਰ ਚਾਰੇ ਪ੍ਰਮਾਣੂਆਂ ਤੋਂ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ'। ਫਿਰ ਗਿਆਨੀ ਜੀ ਨੇ ਪੁੱਛਿਆ ਕਿ 'ਪ੍ਰਮਾਣੂ ਪਹਿਲਾਂ ਹੀ ਬਣੇ ਹੋਏ ਸਨ ਜਾਂ ਇਨ੍ਹਾਂ ਨੂੰ ਈਸ਼ਵਰ ਨੇ ਰਚਿਆ ਹੈ' ? ਫਿਰ ਸਾਧੂ ਜੀ ਨੇ ਕਿਹਾ ਕਿ 'ਈਸ਼ਵਰ ਕੋਈ ਸਾਕਾਰ ਪਦਾਰਥ ਨਹੀਂ ਕਿ ਸਥੂਲ ਤੱਥਾਂ ਨੂੰ ਰਚਦਾ ਫਿਰੇ, ਉਸ ਨੇ ਤਾਂ ਇਨ੍ਹਾਂ ਨੂੰ ਪਰਸਪਰ ਮਿਲਾ ਕੇ ਜਗਤ ਰਚਨਾ ਪੈਦਾ ਕਰ ਦਿੱਤੀ'। ਗਿਆਨੀ ਜੀ ਨੇ ਕਿਹਾ 'ਫਿਰ ਈਸ਼ਵਰ ਤਾਂ ਇਕ ਰਾਜ ਕਾਰੀਗਰ ਹੈ, ਜੋ ਇੱਟਾਂ ਚੂਨਾ, ਗਾਰਾ ਅਤੇ ਲਕੜੀ ਦਾ ਕਰਤਾ ਨਹੀਂ ਹੈ ਪਰ ਉਹ ਤਰਤੀਬ ਨਾਲ ਮਕਾਨ ਬਣਾ ਦਿੰਦਾ ਹੈ'।



ਪਹਿਲੀ ਗੋਸ਼ਟੀ ਤੋਂ ਹੀ ਗਿਆਨੀ ਦਿੱਤ ਸਿੰਘ ਜਾਣ ਗਿਆ ਸੀ ਕਿ ਸਾਧੂ ਪੜ੍ਹਿਆ ਲਿਖਿਆ ਤਾਂ ਹੈ ਪਰ ਅਨੁਭਵ ਦੀ ਘਾਟ ਹੈ। ਦੁਬਾਰਾ ਕਦੀ ਫਿਰ ਚਰਚਾ ਕਰਾਂਗਾ। ਸੋ ਉਨ੍ਹਾਂ ਦੀ ਦੂਜੀ ਚਰਚਾ ਕੁੱਝ ਦਿਨਾਂ ਬਾਅਦ ਹੀ ਹੋਈ। ਸਵਾਮੀ ਦਯਾ ਨੰਦ ਜੀ ਰਹੀਮ ਖਾਂ ਦੀ ਕੋਠੀ ਠਹਿਰੇ ਅਤੇ ਤਿੰਨ ਦਿਨ ਵਿਖਿਆਨ ਕਰਦੇ ਤੇ ਚੌਥੇ ਦਿਨ ਲੋਕਾਂ ਨੂੰ ਮੌਕਾ ਦਿੰਦੇ ਸਨ ਕਿ ਉਹ ਕੋਈ ਪ੍ਰਸ਼ਨ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਹੋਇਆ ਸੀ ਕਿ ਜਿਸ ਨੇ ਕੋਈ ਪ੍ਰਸ਼ਨ ਕਰਨਾ ਹੈ ਤਾਂ ਸਾਹਮਣੇ ਪਈ ਕੁਰਸੀ 'ਤੇ ਬੈਠ ਸਕਦਾ ਹੈ ਤੇ ਨਾਲ ਇਹ ਵੀ ਸ਼ਰਤ ਸੀ ਕਿ ਜੋ ਵੀ ਹਾਰ ਜਾਵੇਗਾ ਉਸ ਨੂੰ ਕੁਰਸੀ ਛੱਡਣੀ ਪਵੇਗੀ। ਗਿਆਨੀ ਦਿੱਤ ਸਿੰਘ ਜੀ ਨੇ ਲਿਖਿਆ ਹੈ 'ਉਸ ਦਿਨ ਪਹਿਲਾਂ ਇਕ ਮੌਲਵੀ ਨੇ ਪ੍ਰਸ਼ਨ ਉੱਥੇ ਕੀਤੇ ਪਰ ਉਹ ਜਲਦੀ ਹੀ ਹਾਰ ਕੇ ਕੁਰਸੀ ਤੋਂ ਹੇਠਾਂ ਆ ਗਿਆ'।

ਗਿਆਨੀ ਜੀ ਕੁਰਸੀ 'ਤੇ ਬੈਠੇ ਅਤੇ ਪੁੱਛਿਆ ਕਿ ਜੋ ਤੁਸੀਂ ਆਪਣੇ ਵਿਖਿਆਨ ਵਿੱਚ ਕਿਹਾ ਹੈ ਕਿ ਵੇਦ ਈਸ਼ਵਰ ਨੇ ਰਚੇ ਹਨ ਪਰ ਮੇਰੇ ਅਨੁਸਾਰ ਵੇਦ ਈਸ਼ਵਰ ਦੀ ਕਿਰਤ ਨਹੀਂ ਹਨ ਬਲਕਿ ਵੇਦ ਮਨੁੱਖ ਨੇ ਰਚੇ ਹਨ ਅਤੇ ਬੈਖਰੀ ਬਾਣੀ ਰੂਪ ਹਨ ਕਿਉਂਕਿ ਸਵਾਮੀ ਦਯਾ ਨੰਦ ਦਾ ਸੰਬਾਦ ਪੁਸਤਕ ਦੇ ਪੰਨਾ 26 'ਤੇ ਇਸ ਤਰ੍ਹਾਂ ਲਿਖਦੇ 'ਬੈਖਰੀ ਬਾਣੀ ਅੱਖਰਾਂ ਦੇ ਉਚਾਰਨ ਬਿਨਾਂ ਬੋਲੀ ਜਾਂਦੀ ਹੈ ਕਿਉਂਕਿ ਜਿਤਨਾ ਚਿਰ ਅੱਖਰ ਉਚਾਰਨ ਨਹੀਂ ਹੋਵੇਗਾ ਉਤਨਾਂ ਚਿਰ ਕੋਈ ਪਦ ਯਾ ਵਾਕ ਨਹੀਂ ਬਨੇਗਾ। ਇਸ ਵਾਸਤੇ ਵੇਦ ਜੋ ਇਕ ਅੱਖਰ-ਪਦ ਅਤੇ ਵਾਕ ਰੂਪ ਹੈ। ਇਸੀ 'ਤੇ ਬੈਖਰੀ ਬਾਣੀ ਹੈ, ਜੋ ਪੰਜ ਭੂਤਕ ਦੇਹਧਾਰੀ ਦੀ ਹੈ, ਤਾਂ ਤੇ ਇਨ੍ਹਾਂ ਅੱਖਰਾਂ ਵਾਲੀ ਬੋਲੀ ਦੇ ਉਚਾਰਨ ਲਈ ਅਵੱਸ਼ ਕਿਸੇ ਦੇਹਧਾਰੀ ਦੀ ਲੋੜ ਹੈ।' ਇਸ ਲਈ ਗਿਆਨੀ ਜੀ ਨੇ ਲਿਖਿਆ ਹੈ ਕਿ ਮੈਂ ਕਿਹਾ ਕਿ ਆਪ ਕੁੱਝ ਸਾਬਤ ਨਹੀਂ ਕਰ ਸਕੇ ਅਰ ਮੈਂ ਆਪ ਨੂੰ ਸਾਬਤ ਕਰਕੇ ਦਿਖਾ ਦਿੱਤਾ ਕਿ ਵੇਦ ਮਨੁੱਖਾਂ ਦੇ ਰਚੇ ਹੋਏ ਹਨ। ਸੋ ਦੂਜੀ ਧਰਮ ਬਹਿਸ ਵਿੱਚ ਵੀ ਗਿਆਨੀ ਦਿੱਤ ਸਿੰਘ ਜੇਤੂ ਰਹੇ।

ਕੁੱਝ ਦਿਨ ਮਗਰੋਂ ਜਦੋਂ ਸਾਧੂ ਦਯਾ ਨੰਦ ਰਾਇ ਮੇਲਾ ਰਾਮ ਸਾਹਿਬ ਦੇ ਤਲਾਬ 'ਤੇ ਠਹਿਰੇ ਹੋਏ ਸਨ ਤੇ ਵਿਖਿਆਨ ਕਰਦੇ ਸਨ ਤਾਂ ਗਿਆਨੀ ਦਿੱਤ ਸਿੰਘ ਇਕੱਲੇ ਹੀ ਇੱਥੇ ਪਹੁੰਚ ਗਏ। ਪ੍ਰਸ਼ਨ ਕਾਲ ਵਿੱਚ ਗਿਆਨੀ ਜੀ ਨੇ ਸਵਾਲ ਕੀਤਾ ਕਿ ਸਵਾਮੀ ਜੀ! ਇਹ ਦੱਸੋ ਕਿ ਆਪ ਦੇ ਮੱਤ ਵਿੱਚ ਮੁਕਤੀ ਦਾ ਕਿਆ ਸਰੂਪ ਹੈ ਅਤੇ ਲਖਣ ਕਿਆ ਹੈ ? ਸਵਾਮੀ ਜੀ ਨੇ ਮੁਕਤੀ ਦਾ ਅਰਥ ਛੁੱਟ ਜਾਣਾ ਦੱਸਿਆ ਤੇ ਗਿਆਨੀ ਜੀ ਨੇ ਕਿਹਾ ਕਿ ਕਿਨ੍ਹਾਂ ਬਾਤਾਂ ਤੋਂ ਛੁਟਨਾ ਹੈ ? ਸਵਾਮੀ ਜੀ ਨੇ ਜਵਾਬ ਦਿੱਤਾ 'ਜੀਵ ਆਤਮਾ ਨੇ ਦੇਹ ਵਿੱਚੋਂ ਛੁਟਨਾ ਹੈ। ਚਾਰ ਵਾਕ ਵਾਲੇ ਵੀ ਇਹੋ ਮੰਨਦੇ ਹਨ।'

ਚਾਰ ਵਾਕ ਮਤ ਅਨੁਸਾਰ ਜੀਵ ਦਾ ਪੁਨਰ ਜਨਮ ਨਹੀਂ ਹੁੰਦਾ ਪ੍ਰੰਤੂ ਸਾਡੇ ਮੱਤ ਵਿੱਚ ਜੀਵ ਦਾ ਪੁਨਰ ਜਨਮ ਹੁੰਦਾ ਹੈ। ਗਿਆਨੀ ਜੀ ਅਨੁਸਾਰ ਸਾਡੇ ਇਸ ਪ੍ਰਸ਼ਨ ਦਾ ਵੀ ਉਹ ਸਹੀ ਉੱਤਰ ਨਹੀਂ ਦੇ ਸਕੇ। ਇਸ ਬਹਿਸ ਚਰਚਾ ਦੀ ਫੋਟੋ ਵੀ ਗਵਾਹੀ ਵਜੋਂ ਪੇਸ਼ ਕੀਤੀ ਗਈ ਹੈ, ਜਿਸ ਵਿੱਚ ਕਿ ਜਦੋਂ ਸਵਾਮੀ ਜੀ ਨੂੰ ਪ੍ਰਸ਼ਨ ਦਾ ਸਹੀ ਉੱਤਰ ਨਹੀਂ ਮਿਲਿਆ ਤਾਂ ਕਿਵੇਂ ਉਹ ਪਿੱਛੇ ਬੈਠੀ ਪਬਲਿਕ ਵੱਲ ਮੂੰਹ ਘੁੰਮਾਉਂਦੇ ਹਨ।

ਉਪਰੋਕਤ ਸੰਖੇਪ ਜਾਣਕਾਰੀ ਤੋਂ ਹੀ ਪਤਾ ਲਗਦਾ ਹੈ ਕਿ ਗਿਆਨੀ ਜੀ ਦੀ ਧਾਰਮਕ ਵਿਸ਼ਿਆਂ 'ਤੇ ਕਿੰਨੀ ਪਕੜ ਸੀ। ਜਿਸ ਕਾਰਨ ਲਗਾਤਾਰ ਤਿੰਨ ਧਾਰਮਕ ਬਹਿਸਾਂ ਵਿੱਚ ਸਵਾਮੀ ਦਯਾ ਨੰਦ ਨੂੰ ਨਿਰਉੱਤਰ ਕੀਤਾ।

ਇਹਨਾਂ ਬਹਿਸਾਂ ਸੰਬੰਧੀ ਗਿਆਨੀ ਦਿੱਤ ਸਿੰਘ ਨੇ ਬਾਅਦ ਵਿੱਚ ਇਕ ਪੁਸਤਕ ਲਿਖੀ, ਜਿਸ ਦਾ ਨਾਂ ਹੈ ਕਿ ਮੇਰਾ ਤੇ ਸਾਧੂ ਦਯਾ ਨੰਦ ਦਾ ਸੰਵਾਦ। ਇਸ ਪੁਸਤਕ ਦੀ ਅੱਜ ਵੀ ਬਹੁਤ ਮੰਗ ਹੈ ਇਸ ਦਾ ਉਰਦੂ ਅਨੁਵਾਦ ਵੀ ਹੈ। ਇਹ ਵਿਸ਼ਵ ਪੱਧਰੀ ਪੁਸਤਕ ਬਣ ਚੁੱਕੀ ਹੈ। ਇਸੇ ਤਰ੍ਹਾਂ ਦੀ ਇੱਕ ਪੁਸਤਕ ਦੰਭ ਵਿਦਾਰਨ, ਜੋ ਸੁਆਮੀ ਦਯਾ ਦੀ ਪੁਸਤਕ ਦੀ ਅਲੋਚਨਾ ਦੇ ਤੌਰ 'ਤੇ ਲਿਖੀ ਗਈ ਹੈ। ਜੋ ਕਿ ਲਾਹੌਰ ਦੀ ਲਾਇਬ੍ਰੇਰੀ ਵਿੱਚ ਮੌਜੂਦ ਹੈ। ਕਈ ਪੰਜਾਬੀਆਂ ਪਾਸ ਵੀ ਇਸ ਦੀ ਕਾਪੀ ਹੈ। ਇਸ ਵਿੱਚ ਵੀ ਗਿਆਨੀ ਜੀ ਨੇ ਉਹਨਾਂ ਦੀ ਲਿਖਤ ਦੇ ਹਵਾਲੇ ਦੇ ਕੇ ਆਪਣੇ ਤਰਕ ਦਿੱਤੇ ਹਨ ਅਤੇ ਸੁਆਮੀ ਦਯਾ ਨੰਦ ਨੂੰ ਝੁਠਲਾਇਆ ਗਿਆ ਹੈ। ਉਹਨਾਂ 'ਤੇ ਕਈ ਵਿਅੰਗ ਵੀ ਕੱਸੇ ਹਨ।

**ਦੋਹਿਰਾ**

**ਇਹ ਮੇਰੀ ਹੈ ਸੰਮਤੀ ਉਸ ਦੀ ਵਿੱਦਯਾ ਹੇਤ ॥**
**ਜੇ ਅਤਬਾਰ ਨ ਆਵੰਦਾ ਖੋਜ ਲਵੋ ਸਭ ਭੇਤ ॥5॥**
**ਮਨ ਦੇ ਵਿੱਦਯਾ ਨੂੰ ਪੜ੍ਹੋ ਵੇਦ ਔਰ ਸਭ ਭਾਸ ॥**
**ਦਤ ਆਪ ਲਖ ਲੇਹੁਗੇ ਜੋ ਹੈ ਸੱਤ ਬਲਾਸ ॥6॥**
**ਨਾਲ ਦਯਾਨੰਦ ਸਾਧ ਦੇ ਇਹ ਹੋਏ ਪ੍ਰਸੰਗ॥**
**ਜਿਸ ਨੂੰ ਪੜ੍ਹ ਕੇ ਸੁਜਾਨ ਜਨ ਮਨ ਮਹਿ ਹੋਵਨ ਦੰਗ ॥7॥**
**ਜੇ ਕਰ ਕੋਈ ਉਨ੍ਹਾਂ ਦਾ ਚੇਲਾ ਕਰੇ ਘਮੰਡ॥**
**ਤਾਂ ਮੈਂ ਸਦ ਹੀ ਤਯਾਰ ਹਾਂ ਖੋਲਨ ਹੇਤ ਪਖੰਡ ॥8॥**

ਸਮੁੱਚੇ ਤੌਰ 'ਤੇ ਨਿਰਣਾ ਲਿਆ ਜਾ ਸਕਦਾ ਹੈ ਕਿ ਗਿਆਨੀ ਦਿੱਤ ਸਿੰਘ ਜੀ ਇੱਕ ਬਹੁਤ ਵੱਡੇ ਸੁਲਝੇ ਹੋਏ ਤੇ ਕੌਮ ਨੂੰ ਸਮਰਪਿਤ ਮਹਾਨ ਵਿਦਵਾਨ ਸਨ, ਪਰ ਅਫਸੋਸ ਕਿ ਕੌਮ ਨੇ ਉਹਨਾਂ ਦੀ ਮੌਤ ਤੋਂ ਬਾਅਦ ਉਹਨਾਂ ਦੀ ਯਾਦ ਪ੍ਰਤੀ ਉਹ ਕਾਰਜ ਨਹੀਂ ਕੀਤੇ, ਜੋ ਕਰਨ ਦੀ ਲੋੜ ਸੀ ਸੰਨ 1941 ਤੋਂ ਭਾਵੇਂ ਜਥੇਦਾਰ ਬਖਸ਼ੀਸ਼ ਸਿੰਘ ਕਲੌੜ ਦੀ ਅਗਵਾਈ ਹੇਠ ਪਿੰਡ ਕਲੌੜ ਅਤੇ ਨੇੜੇ ਦੇ ਇਲਾਕਿਆਂ ਵਿੱਚ ਗਿਆਨੀ ਜੀ ਨੂੰ ਪ੍ਰਚਾਰਿਆ ਗਿਆ ਤੇ 2001 ਵਿੱਚ ਗਿਆਨੀ ਦਿੱਤ ਸਿੰਘ ਮੈਮੋਰੀਅਲ ਅੰਤਰਰਾਸ਼ਟਰੀ ਸੁਸਾਇਟੀ (ਰਜਿ) ਪ੍ਰਿੰ. ਨਸੀਬ ਸਿੰਘ ਸੇਵਕ ਦੀ ਪ੍ਰਧਾਨਗੀ ਹੇਠ ਬਣੀ ਤੇ ਜਨਵਰੀ 2010 ਤੋਂ ਭਾਈ ਦਿੱਤ ਪੱਤ੍ਰਿਕਾ ਮਹੀਨਾਵਾਰ ਪ੍ਰਿੰ. ਸਾਹਿਬ ਹੀ ਕੱਢ ਰਹੇ ਹਨ। ਦੇਸ਼ ਵਿਦੇਸ਼ ਦੇ ਲੋਕ ਕਾਫੀ ਜਾਗਰੂਕ ਹੋਏ ਹਨ ਪਰ ਸ਼ਘਫਛ ਜਿਸ ਦੀ ਇਹ ਜ਼ਿੰਮੇਵਾਰੀ ਸੀ, ਉਸ ਨੇ ਕੋਈ ਉਪਰਾਲਾ ਨਹੀਂ ਕੀਤਾ। ਦੂਜੇ ਪਾਸੇ ਹਾਰੇ ਹੋਏ ਵਿਅਕਤੀ (ਸਾਧੂ ਦਯਾ ਨੰਦ) ਦੇ ਪੈਰੋਕਾਰਾਂ ਨੇ ਉਹਨਾਂ ਦੇ ਨਾਂ 'ਤੇ ਸਕੂਲ, ਕਾਲਜ, ਹਸਪਤਾਲ ਤੇ ਯੂਨੀਵਰਸਿਟੀਆਂ ਤੱਕ ਬਣਾ ਕੇ ਉਹਨਾਂ ਦਾ ਨਾਂ ਰੌਸ਼ਨ ਕੀਤਾ ਹੋਇਆ ਹੈ। ਗਿਆਨੀ ਦਿੱਤ ਸਿੰਘ ਜੀ ਨੇ ਜੀਵਨਭਰ ਸਿੱਖੀ ਦੀ ਨਿਡਰਤਾ ਨਾਲ ਸੇਵਾ ਕੀਤੀ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਹਮੇਸ਼ਾਂ ਪ੍ਰਵਾਨ ਕੀਤੀ ਤੇ ਇਸੇ ਅਧੀਨ ਸਕੂਲ, ਕਾਲਜ, ਸਿੰਘ ਸਭਾ ਲਹਿਰ, ਵਹਿਮਾ ਭਰਮਾ ਖਿਲਾਫ ਅਤੇ ਸਮਾਜ ਸੁਧਾਰ ਪ੍ਰਤੀ ਅਜੇਹੇ ਕਾਰਜ ਕੀਤੇ ਜੋ ਰਹਿੰਦੀ ਦੁਨੀਆਂ ਤੀਕ ਚੇਤਿਆਂ ਵਿੱਚ ਰਹਿਣਗੇ। ਕੁੱਝ ਵਰਨਣ ਯੋਗ ਕਾਰਜ ਹਨ :

(1). ਪੰਜਾਬੀ ਸਾਹਿਤ ਦੇ ਵੱਡੇ ਸਾਹਿਤਕਾਰ ਬਣ ਕੇ 51 ਸਾਲ ਦੀ ਉਮਰ ਵਿੱਚ 72 ਕਿਤਾਬਾਂ ਲਿਖੀਆਂ।

(2). ਪ੍ਰੋ. ਗੁਰਮੁਖ ਸਿੰਘ ਨਾਲ ਮਿਲ ਕੇ ਖਾਲਸਾ ਕਾਲਜ ਅੰਮ੍ਰਿਤਸਰ ਸਾਹਿਬ ਨੂੰ ਸਥਾਪਿਤ ਕੀਤਾ।

ਇਹ ਇੱਕ ਰੌਚਿਕ ਕਹਾਣੀ ਹੈ ਕਿ ਕਾਲਜ ਲਈ ਜਦੋਂ ਪੈਸੇ ਇਕੱਠੇ ਕਰਨ ਲਈ ਮੀਟਿੰਗ ਹੋ ਰਹੀ ਸੀ ਤੇ ਦਿਆਲ ਸਿੰਘ ਮਜੀਠੀਆ ਨੇ ਕਿਹਾ ਕਿ ਕਾਲਜ 'ਤੇ ਸਾਰਾ ਪੈਸਾ ਉਹ ਖਰਚੇਗਾ ਪਰ ਕਾਲਜ ਦਾ ਨਾਂ ਮੇਰੇ ਨਾਂ 'ਤੇ ਹੋਵੇ। ਪ੍ਰੋ. ਗੁਰਮੁਖ ਸਿੰਘ ਅਤੇ ਗਿਆਨੀ ਜੀ ਨੇ ਤੁਰੰਤ ਨਾ ਕਰ ਦਿੱਤੀ ਸੀ।

(3). ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਗਿਆਨੀ ਦੀ ਪ੍ਰੀਖਿਆ; ਗਿਆਨੀ ਜੀ ਨੇ ਪਹਿਲੇ ਬੈਚ 'ਚ ਪਹਿਲਾ ਸਥਾਨ ਪ੍ਰਾਪਤ ਕਰ ਕੀਤੀ, ਜਿਸ ਉਪਰੰਤ ਲਾਰਡ ਬੈਟਿਨ ਪਾਸੋਂ ਇਨਾਮ ਵਿੱਚ ਸੋਨੇ ਦੀ ਘੜੀ ਪ੍ਰਾਪਤ ਹੋਈ। ਗਿਆਨੀ ਜੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪ੍ਰੋਫੈਸਰ ਵੀ ਸਨ।

(4). ਸੰਨ 1886 ਵਿੱਚ ਸ਼ੁਰੂ ਕੀਤੇ ਖਾਲਸਾ ਅਖਬਾਰ ਲਾਹੌਰ ਦੇ ਅਰੰਭ ਤੋਂ ਸੰਪਾਦਕ ਰਹੇ ਅਤੇ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਅਖਵਾਏ।

(5). ਇਕ ਹੋਰ ਘਟਨਾ ਜੋ ਕਿ ਬਾਬਾ ਖੇਮ ਸਿੰਘ ਬੇਦੀ ਬਾਰੇ ਹੈ ਕਿ ਉਹ Two in One ਸਨ ਭਾਵ ਸ੍ਰੀ ਸਾਹਿਬ ਦੇ ਨਾਲ ਨਾਲ ਜਨੇਊ ਵੀ ਪਹਿਣਦੇ ਸੀ। ਉਹ ਆਪਣੇ ਆਪ ਨੂੰ ਬਾਬੇ ਨਾਨਕ ਜੀ ਦੀ ਅੰਸ਼ ਵਿੱਚੋਂ ਹੋਣਾ, ਦੱਸਦੇ ਸੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੱਦੀ ਲਾ ਕੇ ਵੀ ਬੈਠਦੇ ਸਨ। ਪ੍ਰੋ. ਗੁਰਮੁਖ ਸਿੰਘ ਅਤੇ ਗਿ. ਦਿੱਤ ਸਿੰਘ ਹੁਰਾਂ ਨੇ ਕਈ ਵਾਰੀ ਬੇਨਤੀ ਕੀਤੀ ਸੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਵਜੋਂ ਅਜਿਹਾ ਨਾ ਕੀਤਾ ਜਾਵੇ ਪਰ ਉਹ ਨਾ ਮੰਨੇ। ਆਖਿਰ 18 ਮਾਰਚ 1887 ਨੂੰ ਉਨ੍ਹਾਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਭਰੇ ਦੀਵਾਨ ਵਿੱਚ ਉਸ ਦੇ ਹੇਠਿਓਂ ਗਦੈਲਾ ਘੜੀਸ ਕੇ ਬਾਹਰ ਸੁੱਟ ਦਿੱਤਾ ਅਤੇ ਦਰਬਾਰ ਸਾਹਿਬ ਕੰਪਲੈਕਸ ਵਿੱਚ ਰੱਖੀਆਂ ਸਾਰੀਆਂ ਮੂਰਤੀਆਂ ਵੀ ਬਾਹਰ ਸੁੱਟ ਦਿੱਤੀਆਂ। ਇਹ ਘਟਨਾ ਉਨ੍ਹਾਂ ਦੇ ਸਿੱਖੀ ਸਿਦਕ ਨੂੰ ਪ੍ਰਗਟਾਉਂਦੀ ਹੈ। ਦੂਜੇ ਪਾਸੇ ਆਪਣੀ ਹੱਤਕ ਸਮਝਦੇ ਹੋਏ ਬਾਬਾ ਬੇਦੀ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਾ ਇਸ ਹਰਕਤ ਬਦਲੇ ਪ੍ਰੋ. ਗੁਰਮੁਖ ਸਿੰਘ ਨੂੰ ਪੰਥ ਤੋਂ ਛੇਕ ਦਿੱਤਾ। ਮਰਨ ਉਪਰੰਤ ਭਾਵ ਇੱਕ ਸਦੀ ਬਾਅਦ ਕੌਮ ਨੇ 1995 ਵਿੱਚ ਹੁਕਮਨਾਮਾ ਰੱਦ ਕਰ ਉਨ੍ਹਾਂ ਨੂੰ ਪੰਥ ਵਿੱਚ ਵਾਪਸ ਲਿਆ।

(6). ਗਿਆਨੀ ਦਿੱਤ ਸਿੰਘ ਨੇ ਵਿਰੋਧੀਆਂ 'ਤੇ ਵਿਅੰਗ ਭਰਿਆ ਸਵਪਨ ਨਾਟਕ ਲਿਖਿਆ, ਜਿਸ ਕਾਰਨ ਉਨ੍ਹਾਂ ਨੂੰ 51 ਰੁਪਏ ਜੁਰਮਾਨਾ ਕੀਤਾ ਭਾਵੇਂ ਕਿ ਉਪਰਲੀ ਅਦਾਲਤ ਦੇ ਫ਼ੈਸਲੇ ਨਾਲ ਗਿਆਨੀ ਦਿੱਤ ਸਿੰਘ ਜੀ ਦੀ ਜਿੱਤ ਹੋਈ ਤੇ ਜੁਰਮਾਨਾ ਮੁਆਫ ਹੋ ਗਿਆ ਸੀ।

ਸੋ ਗਿਆਨੀ ਦਿੱਤ ਸਿੰਘ ਜੀ ਗੁਰਮਤਿ ਨੂੰ ਉਜਾਗਰ ਕਰਨ ਲਈ ਤੱਥਾਂ ਆਧਾਰਿਤ ਪਾਖੰਡ ਨੂੰ ਖ਼ਤਮ ਕਰਨ ਵਾਲੇ ਵੱਡੇ ਸਮਾਜ ਸੁਧਾਰਕ ਅਖਵਾਏ। ਗਿਆਨੀ ਜੀ ਦਾ ਸਿੱਖੀ ਪ੍ਰਤੀ ਸਤਿਕਾਰ ਤੇ ਸ਼ਰਧਾ ਇੱਕ ਹੋਰ ਅਜੀਬੋ-ਗਰੀਬ ਕਹਾਣੀ ਕਾਰਨ ਵੀ ਹੈ। ਜੋ ਉਨ੍ਹਾਂ ਦੀ ਸਹਿਣਸ਼ੀਲਤਾ ਦਾ ਪ੍ਰਤੀਕ ਵੀ ਹੈ। ਗਿਆਨੀ ਜੀ ਹਰ ਮਹੀਨੇ ਲਾਹੌਰ ਤੋਂ ਫਿਰੋਜਪੁਰ ਦੇ ਅਕਾਲਗੜ੍ਹ ਗੁਰਦੁਆਰੇ ਲੈਕਚਰ ਦੇਣ ਆਉਂਦੇ ਸਨ। ਲੈਕਚਰ ਦੀ ਸਮਾਪਤੀ ਉਪਰੰਤ ਉਨ੍ਹਾਂ ਨੂੰ ਜੋੜਿਆ ਵਾਲੀ ਥਾਂ ਬਿਠਾ ਕੇ ਦੇਗ ਦਿੱਤੀ ਜਾਂਦੀ ਸੀ ਕਿਉਕਿ ਉਨ੍ਹਾਂ ਨੂੰ ਨੀਵੀਂ ਜਾਤ ਵਾਲਾ ਸਮਝਿਆ ਜਾਂਦਾ ਸੀ। ਫਿਰ ਵੀ ਉਹ ਅਗਲੇ ਮਹੀਨੇ ਭਾਸ਼ਣ ਦੇਣ ਲਈ ਆਉਂਦੇ ਭਾਵ ਬੁਰਾ ਨਾ ਮਨਾਉਂਦੇ। ਅਜਿਹੀ ਲਾਜਵਾਬ ਮਿਸਾਲ ਮਿਲਣੀ ਮੁਸ਼ਕਲ ਹੈ ਤਾਹੀਓਂ ਉਨ੍ਹਾਂ ਨੂੰ ਸਿੱਖ ਕੌਮ ਦਾ ਕੋਹੇਨੂਰ ਕਿਹਾ ਜਾਂਦਾ ਹੈ ਭਾਵੇਂ ਕਿ ਅਕਾਲੀ ਦਲ ਅਤੇ ਸਿੱਖਾਂ ਦੀ ਨੁਮਾਇੰਦਗੀ ਕਰ ਰਹੀ ਸ਼ਘਫਛ ਨੇ ਵੀ ਉਨ੍ਹਾਂ ਨੂੰ ਅਣਡਿੱਠ ਹੀ ਕਰ ਰੱਖਿਆ ਹੈ। ਸਮਾਜ ਦੇ ਹਰ ਖੇਤਰ (ਵਿੱਦਯਾ, ਸਮਾਜਿਕ, ਧਾਰਮਿਕ ਆਦਿ) ਵਿੱਚ ਉਨ੍ਹਾਂ ਦਾ ਨਾਂ ਕਾਬਲੇ-ਤਾਰੀਫ਼ ਰਿਹਾ ਹੈ। ਉਨ੍ਹਾਂ ਅੰਦਰ ਗੁਰਬਾਣੀ ਪ੍ਰਤੀ ਜਾਗਰੂਕਤਾ, ਗੰਭੀਰਤਾ, ਸਹਿਣਸ਼ਕਤੀ ਬੜੀ ਹੀ ਭਰੋਸੇਯੋਗ ਸੀ। ਦੁਨੀਆ 'ਚ ਪ੍ਰਸਿੱਧ ਖਾਲਸਾ ਕਾਲਜ ਦੇ ਉਹ ਉਮਰਭਰ ਮੈਂਬਰ ਰਹੇ ਅਤੇ ਅੱਜ ਤੀਕ ਵੀ ਉਨ੍ਹਾਂ ਦੇ ਨਾਂ 'ਤੇ ਹਰ ਸਾਲ ਗੋਲਡ ਮੈਡਲ ਦਿੱਤਾ ਜਾਂਦਾ ਹੈ। ਉਸ ਕਾਲਜ ਵਿੱਚ ਹਰ ਤਰ੍ਹਾਂ ਦੇ ਕੋਰਸਾਂ ਦੀਆਂ ਕਲਾਸਾਂ ਲਗਦੀਆਂ ਹਨ ਅਤੇ ਹੋਰ ਵੀ ਇਸ ਦੀਆਂ ਅਨੇਕਾਂ ਸ਼ਾਖਾਵਾਂ ਖੁੱਲ੍ਹ ਗਈਆਂ ਹਨ। ਹਰ ਸਾਲ 21 ਅਪ੍ਰੈਲ ਉਨ੍ਹਾਂ ਦੇ ਜਨਮ ਦਿਹਾੜੇ 'ਤੇ ਲਗਾਤਾਰ ਅਪੀਲ ਕੀਤੀ ਜਾਂਦੀ ਹੈ ਕਿ ਸਿੱਖ ਸੰਸਥਾਵਾਂ, ਕਮੇਟੀਆਂ, ਸਰਕਾਰਾਂ ਅਤੇ ਸ਼ਘਫਛ ; ਉਨ੍ਹਾਂ ਦੀ ਯਾਦ ਅਤੇ ਸਿੱਖਿਆਵਾਂ ਨੂੰ ਵੱਡੇ ਪੱਧਰ 'ਤੇ ਸੰਗਤਾਂ ਸਾਹਮਣੇ ਲਿਆਵੇ ਤਾਂ ਜੋ ਸਿੱਖ ਭਾਈਚਾਰਾ ਅਤੇ ਸਮਾਜ; ਵਧੇਰੇ ਲਾਭ ਉੱਠਾ ਸਕੇ। ਭਾਈ ਦਿੱਤ ਸਿੰਘ ਪੱਤ੍ਰਿਕਾ ਆਪਣੇ ਸੀਮਤ ਸਾਧਨਾ ਨਾਲ ਆਪਣੇ ਪੱਧਰ 'ਤੇ ਹਰ ਸਾਲ 'ਫਖ਼ਰ-ਏ-ਸਿੱਖ ਕੌਮ ਗਿਆਨੀ ਦਿੱਤ ਸਿੰਘ' ਅਵਾਰਡ ਦਿੰਦੀ ਆ ਰਹੀ ਹੈ ਤੇ ਸੀਮਤ ਸਾਧਨਾ ਨਾਲ ਹੋਰ ਕਾਰਜ ਵੀ ਕਰਦੀ ਹੈ। ਜਨਮ ਦਿਹਾੜੇ ਦੀ ਵਧਾਈ ਦੇ ਨਾਲ ਨਾਲ ਸਾਰਿਆਂ ਨੂੰ ਬੇਨਤੀ ਹੈ ਕਿ ਕੌਮ ਦੇ ਮਹਾਨ ਸਪੂਤ ਗਿਆਨੀ ਦਿੱਤ ਸਿੰਘ ਜੀ ਬਾਰੇ ਵੱਧ ਤੋਂ ਵੱਧ ਜਾਣਨ ਦੀ ਚਾਹਤ ਪੈਦਾ ਕੀਤੀ ਜਾਵੇ।

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ




# ਸਿੱਖ ਰਾਜ ਕਿਵੇਂ ਬਣਿਆ?

ਲੇਖਕ : ਗਿ: ਸੋਹਨ ਸਿੰਘ 'ਸੀਤਲ'

ਕਿਸ਼ਤ - 68

## ਛੇਵਾਂ ਕਾਂਡ

ਸਰਹਿੰਦ ਫ਼ਤਹਿ ਕਰਕੇ ਤਰਨਾ ਦਲ ਤਾਂ ਮਾਝੇ ਨੂੰ ਚਲਾ ਗਿਆ ਤੇ ਬੁੱਢਾ ਦਲ...

### ਬੁੱਢਾ ਦਲ ਦਾ ਜਮਨਾ ਪਾਰ ਹਮਲਾ:

ਦਲ ਸ. ਜੱਸਾ ਸਿੰਘ ਆਹਲੂ ਦੀ ਜਥੇਦਾਰੀ ਥੱਲੇ (ਮੱਧ ਫ਼ਰਵਰੀ, ੧੭੬੪ ਈ.) ਬੂੜੀਆ ਘਾਟ ਤੋਂ ਜਮਨਾ ਟੱਪ ਪਿਆ। ਸ. ਜੱਸਾ ਸਿੰਘ ਆਹਲੂ, ਸ. ਖ਼ੁਸ਼ਹਾਲ ਸਿੰਘ, ਸ. ਬਘੇਲ ਸਿੰਘ, ਸ. ਕਰੋੜਾ ਸਿੰਘ, ਸ. ਸ਼ਾਮ ਸਿੰਘ, ਸ. ਤਾਰਾ ਸਿੰਘ ਘੇਬਾ, ਸ. ਗੁਰਬਖ਼ਸ਼ ਸਿੰਘ, ਸ. ਭੰਗਾ ਸਿੰਘ, ਸ. ਕਰਮ ਸਿੰਘ, ਸ. ਰਾਏ ਸਿੰਘ ਆਦਿ ਦੀ ਸਰਦਾਰੀ ਵਿਚ ਇਹ ਚਾਲੀ ਹਜ਼ਾਰ ਸਿੰਘਾਂ ਦਾ ਜਥਾ ਸੀ। ੨੦ ਫ਼ਰਵਰੀ, ੧੭੬੪ ਈ. ਨੂੰ ਸਿੰਘਾਂ ਨੇ ਸਹਾਰਨਪੁਰ ਜਾ ਲੁੱਟਿਆ। ਫਿਰ ਸ਼ਾਮਲੀ, ਕੰਧੇਲਾ, ਅੰਬਲੀ, ਮੀਰਾਂਪੁਰ, ਦੇਵਬੰਦ, ਮੁਜ਼ੱਫ਼ਰ ਨਗਰ, ਜਵਾਲਾਪੁਰ, ਕਨਖਲ ਲੰਢੌਰਾ, ਨਜੀਬਾਬਾਦ, ਨਗੀਨਾ, ਮੁਰਾਦਾਬਾਦ, ਚੰਦੌਸੀ, ਅਨੂਪ ਸ਼ਹਿਰ, ਗੜ੍ਹ ਮੁਕਤੇਸ਼ਵਰ, ਆਦਿ ਲੁੱਟੇ ਗਏ। ਇਸ ਬਾੜੇ ਦੇ ਸੱਯਦਾਂ ਦੇ ਇਲਾਕੇ ਵਿਚੋਂ ਲੱਖਾਂ ਰੁਪੈ ਦਾ ਮਾਲ ਸਿੰਘਾਂ ਲੁੱਟ ਲਿਆਂਦਾ। ਨਾਲ ਹੀ ਬਹੁਤ ਸਾਰੇ ਨਾਮਵਰ ਆਦਮੀ ਫੜ ਕੇ ਲਿਆਂਦੇ, ਜੋ ਨਜ਼ਰਾਨੇ ਲੈ ਕੇ ਛੱਡੇ। ਇਹ ਇਲਾਕਾ ਨਜੀਬੁੱਦੌਲਾ ਦਾ ਸੀ। ਉਹ ਖ਼ਬਰ ਸੁਣ ਕੇ ਸਿੰਘਾਂ ਦੇ ਟਾਕਰੇ 'ਤੇ ਆਇਆ। ਕਿਤੇ-ਕਿਤੇ ਮਾਮੂਲੀ ਝੜਪਾਂ ਹੋਈਆਂ। ਸ. ਸ਼ਾਮ ਸਿੰਘ ਦਾ ਮੁਖ਼ਤਿਆਰ—ਕਰੋੜਾ ਸਿੰਘ—ਵੈਰੀ ਦੀ ਗੋਲੀ ਨਾਲ ਮਾਰਿਆ ਗਿਆ*। ਸਿੰਘ ਵਾਪਸ ਫੇਰ ਸਰਹਿੰਦ ਆ ਬੈਠੇ ਤੇ ਲੱਗੇ ਗੁਰੂ-ਮਾਰੀ ਦੀਆਂ ਨੀਹਾਂ ਪੁੱਟਣ।

ਅਮਰ ਸਿੰਘ ਨੇ ਅੰਮ੍ਰਿਤ ਛਕਿਆ:

ਏਥੇ ਸ. ਆਲਾ ਸਿੰਘ ਪਟਿਆਲਾ ਆਪਣੇ ਪੋਤਰੇ—ਅਮਰ ਸਿੰਘ—ਨੂੰ ਲੈ ਕੇ ਹਾਜ਼ਰ ਹੋਇਆ। ਸ. ਜੱਸਾ ਸਿੰਘ ਆਹਲੂ ਕੋਲੋਂ ਅਮਰ ਸਿੰਘ ਨੇ ਅੰਮ੍ਰਿਤ ਛਕਿਆ। ਏਸ ਖ਼ੁਸ਼ੀ ਵਿਚ ਸ. ਆਲਾ ਸਿੰਘ ਨੇ ਈਸੜੂ ਦਾ ਪਰਗਣਾ ਸ. ਜੱਸਾ ਸਿੰਘ ਦੀ ਭੇਟਾ ਕੀਤਾ।

### ਤਰਨਾ ਦਲ ਦੁਆਬਾ ਵਿਚ:

ਤਰਨਾ ਦਲ, ਸਰਹਿੰਦ ਫ਼ਤਹਿ ਕਰ ਕੇ, ਦੁਆਬਾ, ਜਲੰਧਰ ਵਿਚ ਆ ਵੜਿਆ। ਇਲਾਕੇ ਦਾ ਹਾਕਮ ਨੱਸ ਗਿਆ ਤੇ ਸਿੰਘਾਂ ਨੇ ਸਾਰੇ ਇਲਾਕੇ ਉੱਤੇ ਕਬਜ਼ਾ ਕਰ ਲਿਆ।

### ਲਾਹੌਰ ਨੂੰ ਘੇਰਾ:

ਏਥੋਂ ਸਿੱਧੇ ਚੱਲ ਕੇ ਤਰਨਾ ਦਲ ਨੇ ਲਾਹੌਰ ਨੂੰ ਜਾ ਘੇਰਾ ਪਾਇਆ (ਫ਼ਰਵਰੀ, ੧੭੬੪ ਈ.)। ਲਾਹੌਰ ਦਾ ਸਾਰਾ ਉਦਾਲਾ ਸਿੰਘਾਂ ਨੇ ਲੁੱਟ ਲਿਆ, ਪਰ ਸੂਬੇਦਾਰ ਕਾਬਲੀ ਮੱਲ ਸ਼ਹਿਰੋਂ ਬਾਹਰ ਨਾ ਨਿਕਲਿਆ, ਸਗੋਂ ਉਸ ਨੇ ਸ਼ਹਿਰ ਦੇ ਦਰਵਾਜ਼ੇ ਇੱਟਾਂ ਨਾਲ ਬੰਦ ਕਰ ਦਿੱਤੇ। ਸਿੰਘਾਂ ਨੇ ਕਾਬਲੀ ਮੱਲ ਅੱਗੇ ਤਿੰਨ ਸ਼ਰਤਾਂ ਰੱਖੀਆਂ : (੧) ਸ਼ਹਿਰ ਦੇ ਸਾਰੇ ਬੁੱਚੜ (ਗਾਈਆਂ ਮਾਰਨ ਵਾਲੇ) ਸਾਡੇ ਹਵਾਲੇ ਕਰੋ, (੨) ਅੱਗੇ ਵਾਸਤੇ ਗਊ-ਹੱਤਿਆ ਬੰਦ ਕਰੋ ਤੇ (੩) ਪੰਥ ਨੂੰ ਨਜ਼ਰਾਨਾ ਦਿਓ। ਕਾਬਲੀ ਮੱਲ ਨਾ ਮੰਨਿਆ, ਤਾਂ ਸਿੰਘ ਦਿੱਲੀ ਦਰਵਾਜ਼ਾ ਤੋੜ ਕੇ ਅੰਦਰ ਜਾ ਵੜੇ ਤੇ ਸ਼ਹਿਰ ਦਾ ਉਹ ਹਿੱਸਾ ਲੁੱਟ ਲਿਆ।

### ਕਾਬਲੀ ਮੱਲ ਨੇ ਸਿੰਘਾਂ ਦੀਆਂ ਸ਼ਰਤਾਂ ਮੰਨ ਲਈਆਂ:

ਕਾਬਲੀ ਮੱਲ ਨੇ ਡਰ ਕੇ ਸਿੰਘਾਂ ਦੀਆਂ ਤਿੰਨੇ ਸ਼ਰਤਾਂ ਮੰਨ ਲਈਆਂ ਤੇ ਸੁਲ੍ਹਾ ਕਰ ਲਈ। ਉਹਨੇ ਕੁਝ ਬੁੱਚੜ, ਸਿੰਘਾਂ ਦੇ ਹਵਾਲੇ ਕਰ ਦਿਤੇ ਤੇ ਨਜ਼ਰਾਨਾ ਤਾਰ ਦਿੱਤਾ। ਤਰਨਾ ਦਲ ਦੇ ਜਥੇਦਾਰ ਸ. ਹਰੀ ਸਿੰਘ ਭੰਗੀ ਨੇ ਆਪਣਾ ਨੁਮਾਇੰਦਾ—ਟੇਕ ਚੰਦ—ਲਾਹੌਰ ਦਰਬਾਰ ਵਿਚ ਨੀਯਤ ਕਰ ਦਿੱਤਾ, ਜੋ ਸਰਕਾਰੋਂ ਦਸ ਰੁਪੈ ਰੋਜ਼ ਲੈਂਦਾ ਤੇ ਕਾਬਲੀ ਮੱਲ ਨੂੰ ਹਰ ਕੰਮ ਵਿਚ ਸਲਾਹ ਦੇਂਦਾ। ਇਹ ਪ੍ਰਬੰਧ ਕਰ ਕੇ ਸਿੰਘਾਂ ਨੇ ਲਾਹੌਰ ਦਾ ਘੇਰਾ ਉਠਾ ਲਿਆ।

### ਸੋਭਾ ਸਿੰਘ ਨੇ ਨਿਆਜ਼ ਬੇਗ ਮੱਲ ਲਿਆ:

ਏਸੇ ਸਮੇਂ ਸ. ਸੋਭਾ ਸਿੰਘ ਨੇ ਪਰਗਣਾ ਨਿਆਜ਼ ਬੇਗ (ਲਾਹੌਰੋਂ ਅੱਠ ਮੀਲ) ਮੱਲ ਲਿਆ। ਉਹ ਉਸ ਪਾਸਿਓਂ ਆਉਣ ਵਾਲਾ ਮਾਲ ਲੁੱਟ ਲੈਂਦਾ। ਕਾਬਲੀ ਮੱਲ ਨੇ ਪਰਵਾਨ ਕਰ ਲਿਆ, ਕਿ ਸ. ਸੋਭਾ ਸਿੰਘ ਮਾਲ ਨਾ ਲੁੱਟੇ ਤੇ ਸ਼ਾਹਾਲਮੀ ਦਰਵਾਜ਼ੇ ਅੱਗੇ ਆਪਣਾ ਨੁਮਾਇੰਦਾ ਬਿਠਾ ਕੇ ਮਸੂਲ ਲੈ ਲਵੇ। ਇਹ ਸਾਰੀਆਂ ਖ਼ਬਰਾਂ ਅਹਿਮਦ ਸ਼ਾਹ ਅਬਦਾਲੀ ਨੂੰ ਪੁੱਜੀਆਂ, ਤਾਂ ਉਹ ਪੰਜਾਬ ਵੱਲ ਫੇਰ ਤਿਆਰ ਹੋ ਪਿਆ (ਫ਼ਰਵਰੀ, ੧੭੬੪ ਈ.)। ਉਹਨੇ ਆਪਣੇ ਜਰਨੈਲ ਜਹਾਨ ਖ਼ਾਂ ਨੂੰ ਅੱਗੇ ਤੋਰਿਆ ।

### ਜਹਾਨ ਖ਼ਾਂ ਹਾਰ ਕੇ ਮੁੜ ਗਿਆ:

ਜਹਾਨ ਖ਼ਾਂ ਸਿਆਲਕੋਟ ਪੁੱਜਾ, ਤਾਂ ਸਿੰਘਾਂ ਨੇ ਉਸ ਨੂੰ ਘੇਰਾ ਪਾ ਲਿਆ। ਲੜਾਈ ਵਿਚ ਜਹਾਨ ਖ਼ਾਂ ਦਾ ਘੋੜਾ ਗੋਲੀ ਨਾਲ ਮਰ ਗਿਆ ਤੇ ਸਣੇ ਅਸਵਾਰ ਭੁਇੰ 'ਤੇ ਡਿਗ ਪਿਆ। ਸਿੰਘਾਂ ਸਮਝਿਆ, ਕਿ ਜਹਾਨ ਖ਼ਾਂ ਮਰ ਗਿਆ ਹੈ। ਸੋ ਉਹ ਜੈਕਾਰੇ ਛੱਡਦੇ ਤਲਵਾਰਾਂ ਧੂਹ ਕੇ ਵੈਰੀ ਉੱਤੇ ਟੁੱਟ ਪਏ। ਜਹਾਨ ਖ਼ਾਂ ਤਾਂ ਜਾਨ ਬਚਾ ਕੇ ਪਿਸ਼ਾਵਰ ਨੂੰ ਨੱਸ ਗਿਆ, ਪਰ ਉਹਦੀ ਬਹੁਤ ਸਾਰੀ ਫ਼ੌਜ ਸਿੰਘਾਂ ਦੀ ਤਲਵਾਰ ਭੇਟਾ ਹੋ ਗਈ। ਸਿੰਘਾਂ ਨੇ ਵੈਰੀ ਦਾ ਡੇਰਾ ਲੁੱਟ ਲਿਆ। ਅਬਦਾਲੀ ਦੀ ਚੜ੍ਹਾਈ ਦੀ ਖ਼ਬਰ ਮਿਲ ਗਈ ਸੀ। ਸੋ ਸਿੰਘਾਂ ਨੇ ਆਪਣੇ ਪਰਿਵਾਰ ਜੰਮੂ ਭੇਜ ਦਿੱਤੇ ਤੇ ਆਪ ਵੈਰੀ ਦੇ ਟਾਕਰੇ ਲਈ ਤਿਆਰ ਹੋ ਪਏ।

### ਅਬਦਾਲੀ ਦਾ ਸੱਤਵਾਂ ਹਮਲਾ:

ਜਹਾਨ ਖ਼ਾਂ ਹਾਰ ਕੇ ਮੁੜਿਆ ਵੇਖ ਕੇ ਅਬਦਾਲੀ ਨੂੰ ਅੱਗ ਲੱਗ ਉਠੀ। ਉਹ ਸਿਆਲਕੋਟ, ਪਸਰੂਰ ਦੇ ਰਾਹ ਸਿੱਧਾ ਚੱਲ ਕੇ ਕਲਾਨੌਰ ਜਾ ਪੁੱਜਾ। ਓਥੋਂ ਅੱਗੇ ਵਧਿਆ, ਤਾਂ ਦੀਨਾ

– ਚਲਦਾ

# ਪੁਰਤਗਾਲ ਦੇ ਸ਼ਹਿਰ ਮੋਇਤਾ ਵਿਖੇ ਪਹਿਲਾਂ ਨਵਾਂ ਗੁਰਦੁਆਰਾ ਸਾਹਿਬ 'ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ'

ਸਰਬਜੀਤ ਸਿੰਘ ਜਰਮਨੀ
Tirthsingh3@yahoo.com




ਪੁਰਤਗਾਲ ਦੇ ਸ਼ਹਿਰ ਮੋਇਤਾ ਵਿਖੇ ਕੁਝ ਮਹੀਨੇ ਪਹਿਲਾਂ ਨਵਾਂ ਗੁਰਦੁਆਰਾ ਸਾਹਿਬ 'ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਜੀ' ਦੀ ਖੋਲ੍ਹਿਆ ਗਿਆ ਹੈ। 'ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਜੀ' ਦੀ ਸਥਾਪਨਾ ਕਰਨ ਸਮੇਂ ਇੱਕ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ ਜਿਸ ਵਿੱਚ ਸਾਰੇ ਸਿੰਘ ਅੰਮ੍ਰਿਤਧਾਰੀ ਹੋਣ ਦੇ ਨਾਲ ਨਾਲ ਸਿੱਖ ਪ੍ਰਚਾਰਕ, ਕਥਾ ਵਾਚਕ, ਢਾਡੀ ਕਵੀਸ਼ਰ, ਕੀਰਤਨੀਏ ਵੀ ਹਨ ਤੇ ਪੂਰਨ ਤੌਰ ਤੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਸਮਰਪਿਤ ਹਨ। ਧੰਨ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਇਲਾਵਾ ਹੋਰ ਕਿਸੇ ਮੜੀ ਮਸੀਤ, ਡੇਰੇ ਜਾਂ ਬਾਬੇ ਦੀ ਮਾਨਤਾ ਨਹੀਂ ਕਰਦੇ। ਗੁਰਬਾਣੀ ਦੇ ਸਿਧਾਂਤਾਂ ਅਨੁਸਾਰ ਜੀਵਨ ਪ੍ਰਵਾਹ ਕਰਦੇ ਹਨ। ਗੁਰਦੁਆਰਾ ਸਾਹਿਬ ਦੀ ਸ਼ੁਰੂਆਤ ਕਰਨ ਸਮੇਂ ਸ਼੍ਰੋਮਣੀ ਪ੍ਰਬੰਧਕ ਕਮੇਟੀ ਨੂੰ ਸੂਚਿਤ ਕਰਕੇ ਮਨਜ਼ੂਰੀ ਲਈ ਗਈ ਹੈ ਤੇ ਅਕਾਲ ਤਖ਼ਤ ਸਾਹਿਬ ਜੀ ਦੇ ਸਿਧਾਂਤਾਂ ਨੂੰ ਨਵੇਂ ਗੁਰਦੁਆਰਾ 'ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਜੀ' ਵਿਖੇ ਅਧਾਰ ਬਣਾਇਆ ਗਿਆ ਹੈ।

'ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਜੀ' ਮੋਇਤਾ ਦੀ ਪ੍ਰਬੰਧਕੀ ਕਮੇਟੀ ਵਿੱਚ ਭਾਈ ਬਲਜੀਤ ਸਿੰਘ ਜੀ, ਹੈੱਡ ਗ੍ਰੰਥੀ ਸਾਹਿਬ ਹਨ। ਭਾਈ ਸੰਦੀਪ ਸਿੰਘ ਜੀ, ਬਾਬਾ ਬਕਾਲਾ ਮੁੱਖ ਸੇਵਾਦਾਰ ਹਨ। ਢਾਡੀ ਅਮਰਜੀਤ ਸਿੰਘ ਜੀ, ਪਿੰਡ ਤਲਵੰਡੀ ਸੰਘੇੜਾ ਸਹਾਇਕ ਮੁੱਖ ਸੇਵਾਦਾਰ। ਭਾਈ ਹਰਚੰਦ ਸਿੰਘ ਜੀ ਲਾਡੀ, ਸਕੱਤਰ। ਭਾਈ ਮਨਪ੍ਰੀਤ ਸਿੰਘ ਜੀ ਟਾਂਡੀ, ਲੰਗਰ ਇੰਚਾਰਜ। ਇਸ ਤਰ੍ਹਾਂ ਇਹ ਪੰਜ ਸਿੰਘ ਰਲ ਮਿਲ ਕੇ ਗੁਰਦੁਆਰਾ ਸਾਹਿਬ ਜੀ ਦੀ ਸੇਵਾ ਸੰਭਾਲ ਕਰ ਰਹੇ ਹਨ।

'ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਜੀ' ਮੋਇਤਾ ਸਿਰਫ਼ ਸਿੱਖ ਸੰਗਤਾਂ ਲਈ ਇਬਾਦਤ ਦਾ ਸਥਾਨ ਹੀ ਨਹੀਂ, ਸਗੋਂ ਸਿੱਖ ਭਾਈਚਾਰੇ ਲਈ ਇਕ ਆਤਮਕ ਕੇਂਦਰ ਵਜੋਂ ਉਭਰ ਰਿਹਾ ਹੈ।

ਇੱਥੇ ਰੋਜ਼ਾਨਾ ਗੁਰਬਾਣੀ ਪਾਠ ਦਾ ਨਿਤਨੇਮ, ਕੀਰਤਨ ਅਤੇ ਅਰਦਾਸ ਹੁੰਦੀ ਹੈ ਤੇ ਨਾਲ ਹੀ ਰੋਜ਼ਾਨਾ ਲੰਗਰ ਸੇਵਾ ਚੱਲਦੀ ਰਹਿੰਦੀ ਹੈ। ਸਿੱਖ ਸੰਗਤ ਰੋਜ਼ਾਨਾ ਇਕੱਠੇ ਹੋ ਕੇ ਨਾਮ ਸਿਮਰਨ ਕਰਦੀਆਂ ਹਨ ਅਤੇ ਆਪਸੀ ਪਿਆਰ ਤੇ ਪੰਜਾਬੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੀਆਂ ਹਨ।

'ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਜੀ' ਮੋਇਤਾ ਸਥਾਨਕ ਪੰਜਾਬੀ ਭਾਈਚਾਰੇ ਲਈ ਬਹੁਤ ਫਾਇਦੇਮੰਦ ਸਾਬਤ ਹੋ ਰਿਹਾ ਹੈ। ਇੱਥੇ ਧਾਰਮਿਕ ਸਮਾਗਮਾਂ ਦੇ ਨਾਲ ਨਾਲ ਪੰਜਾਬੀ ਭਾਸ਼ਾ ਦੀਆਂ ਕਲਾਸਾਂ, ਬੱਚਿਆਂ ਲਈ ਗੁਰਮਤਿ ਸਿੱਖਿਆਵਾਂ ਦੀਆਂ ਕਲਾਸਾਂ, ਬੱਚਿਆਂ ਨੂੰ ਗੁਰਬਾਣੀ ਨਾਲ ਜੋੜਨ ਲਈ ਕੀਰਤਨ ਤੇ ਗੁਰਬਾਣੀ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਇਸ ਤਰ੍ਹਾਂ ਦੇ ਵਿਸ਼ੇਸ਼ ਉਪਰਾਲਿਆਂ ਨਾਲ ਨਵੀਂ ਪੀੜ੍ਹੀ ਨੂੰ ਆਪਣੇ ਧਰਮ, ਮਾਂ ਬੋਲੀ ਪੰਜਾਬੀ, ਪੰਜਾਬੀ ਸੱਭਿਆਚਾਰ, ਸੰਸਕ੍ਰਿਤੀ ਅਤੇ ਧਾਰਮਿਕ ਵਿਰਾਸਤ ਨਾਲ ਜੋੜਿਆ ਜਾ ਰਿਹਾ ਹੈ।


'ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਜੀ' ਮੋਇਤਾ ਦੀ ਪ੍ਰਬੰਧਕੀ ਕਮੇਟੀ ਵਿੱਚ ਸਾਰੇ ਅੰਮ੍ਰਿਤਧਾਰੀ ਸਿੰਘਾਂ ਦਾ ਹੋਣਾ ਇਸ ਨੂੰ ਹੋਰ ਵੀ ਵਿਸ਼ੇਸ਼ ਬਣਾਉਂਦਾ ਹੈ, ਆਮ-ਤੌਰ ਤੇ ਅਸੀਂ ਵਿਦੇਸ਼ਾਂ ਵਿੱਚ ਦੇਖਦੇ ਹਾਂ ਕਿ ਗੁਰਦੁਆਰਾ ਸਾਹਿਬ ਦਾ ਮੁੱਖ ਸੇਵਾਦਾਰ ਆਪਣੇ ਆਪ ਨੂੰ ਪ੍ਰਧਾਨ ਕਹਾਉਂਦਾ ਹੈ ਤੇ ਮੀਟ ਸ਼ਰਾਬ ਦੇ ਸੇਵਨ ਦੇ ਨਾਲ ਨਾਲ ਮੌਨਾਂ ਘੋਨਾ ਵੀ ਹੁੰਦਾ ਹੈ।

ਅਜਿਹੇ ਵਿੱਚ ਮਨ ਵਿੱਚ ਸਵਾਲ ਉੱਠਦਾ ਹੈ ਕਿ ਜੇਕਰ ਕਦੇ ਗ੍ਰੰਥੀ ਸਿੰਘ ਦੀ ਸਿਹਤ ਨਾ ਠੀਕ ਹੋਵੇ ਜਾਂ ਕਿਧਰੇ ਅਚਾਨਕ ਜਾਣਾ ਪੈ ਜਾਵੇ ਤਾਂ ਸਵੇਰੇ ਧੰਨ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕੌਣ ਕਰੇਗਾ ? ਇਸ ਕਮੇਟੀ ਵਿੱਚ ਇਹ ਸਾਰੇ ਵੀਰ ਧੰਨ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ-ਸੰਭਾਲ ਲਈ ਪੂਰਨ ਮਰਿਆਦਾ ਜਾਣਦੇ ਹਨ ਤੇ ਵਚਨਬੱਧ ਹਨ।

ਗੁਰਦੁਆਰਾ ਸਾਹਿਬ ਜੀ ਦਾ ਆਪਣਾ ਇੱਕ ਸੰਵਿਧਾਨ ਬਣਾਇਆ ਗਿਆ ਹੈ ਜਿਸ ਵਿੱਚ ਗੁਰੂ ਮਰਿਆਦਾ ਅਨੁਸਾਰ ਸਾਰੀਆਂ ਹਦਾਇਤਾਂ ਲਿਖੀਆਂ ਗਈਆਂ ਹਨ ਤੇ ਇਸ ਦੀ ਇੱਕ ਕਾਪੀ ਸਿੱਖਾਂ ਦੀ ਸਰਵਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਸੌਂਪੀ ਗਈ ਹੈ।

'ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਜੀ' ਮੋਇਤਾ ਵਿਖੇ 28/02/26 ਤੋਂ 01/03/26 ਨੂੰ ਗੁਰਮਤਿ ਸਮਾਗਮ ਹੋ ਰਹੇ ਹਨ ਜਿਸ ਵਿੱਚ ਬਹੁਤ ਸਾਰੇ ਸਿੱਖ ਪ੍ਰਚਾਰਕ ਹਾਜ਼ਰੀ ਭਰਨਗੇ। ਜੇਕਰ ਆਪ ਜੀ ਪਹੁੰਚਣਾ ਚਾਹੁੰਦੇ ਹੋ ਤਾਂ ਆਪ ਜੀ ਵਧੇਰੇ ਜਾਣਕਾਰੀ ਲਈ +351 935 149 614 ਨੰਬਰ ਤੇ ਕਾਲ ਕਰ ਸਕਦੇ ਹੋ ਜਾ gsgrmoitaportugal@gmail.com ਤੇ ਈਮੇਲ ਕਰ ਸਕਦੇ ਹੋ ਜੀ।

ਧੰਨ ਗੁਰੂ ਗ੍ਰੰਥ ਸਾਹਿਬ ਜੀ ਹਮੇਸ਼ਾ 'ਗੁਰਦੁਆਰਾ ਸ੍ਰੀ ਗੁਰੂ ਰਾਮਦਾਸ ਜੀ' ਮੋਇਤਾ ਨੂੰ ਦੁਨੀਆ ਭਰ ਵਿੱਚ ਸਿੱਖੀ ਦੀ ਸ਼ਾਨ ਬਣਾਏ ਤੇ ਸਾਰੀ ਪ੍ਰਬੰਧਕੀ ਕਮੇਟੀ ਦੇ ਨਾਲ ਨਾਲ ਸਿੱਖ ਸੰਗਤਾਂ ਨੂੰ ਪਿਆਰ ਤੇ ਸੇਵਾ ਭਾਵਨਾ ਬਖਸ਼ਿਸ਼ ਕਰਨ ਤੇ ਹਮੇਸ਼ਾ ਚੜ੍ਹਦੀ ਕਲਾ ਵਿੱਚ ਰੱਖਣ।



Queen's UNIVERSITY
Graduate Diploma in Immigration and Citizenship Law
ਆਪਣੇ ਕੈਨੇਡੀਅਨ ਇਮੀਗ੍ਰੇਸ਼ਨ ਸਲਾਹਕਾਰ ਕਰੀਅਰ ਦੀ ਸ਼ੁਰੂਆਤ ਕਰੋ। ਦੁਨੀਆ ਭਰ ਦੇ ਗਾਹਕਾਂ ਨੂੰ ਪ੍ਰਾਪਤ ਕਰੋ।
immigrationdiploma.ca




Math
TUTORING
SESSIONS
"Providing support for students in Grades 10 to 12, including Advanced Functions. If math feels confusing – whether it's algebra, equations, or functions – I'm here to help you build strong understanding and real confidence!"
Don't just learn math - Master it!
DR. JAGJIT SINGH
778-802-4304
ONLINE SESSIONS AVAILABLE




SCOTT-75 MEDICAL CLINIC SURREY
DOCTORS AVAILABLE
English speaking only
Clinic Hours: Monday To Friday
9:00 AM To 4:00 PM
7500-120th Street , Unit 113 Surrey, B.C. V3W 3N1
BOOK YOUR VISIT ONLINE
Go to fleetwood.cortico.ca ⇨ Scott 75 medical ⇨ Dr. Marotta walk in
⇨Enter your info ⇨ Book your meet and greet visit.
YOUR HEALTH IS OUR PRIORITY
Ph:604-503-1159
E-mail : fleetwoodmedical102@gmail.com

# PINE LIGHTING

## WE CARRY ALL MAJOR BRANDS

## YOU WILL SAVE MONEY

**Gurpreet Dhillon**
gurpreet@pinelighing.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Christine Dear**
christine@pinelighing.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Michelle Trafford**
michelle@pinelighting.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Jass Sidhu**
Jaskaran@pinelighting.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

**Erin McNab**
erin@pinelighing.ca

6878 King George Blvd.
Surrey, B.C. V3W-4Z9

**Mon-Fri 9:00 - 5:00**
Close Weekends and Holidays

# 604-591-8895

ਸਾਡਾ ਸਟੋਰ ਹੁਣ ਨਾਲ ਵਾਲੇ ਯੂਨਿਟ 6878 ਵਿੱਚ ਚਲਾ ਗਿਆ ਹੈ।

**6878 King Gorge Blvd Same Building, Different Unit**

**6878 King Gorge Blvd. Surrey**

# ਅਮਰੀਕਾ ਵੱਲੋਂ ਕਿਊਬਾ ਦੀ ਆਰਥਿਕ ਨਾਕਾਬੰਦੀ

ਮਨਦੀਪ, ਸੰਪਰਕ: +1-4389242052



ਕੈਰੇਬਿਆਈ ਖਿੱਤੇ ਦਾ ਪ੍ਰਮੁੱਖ ਦੇਸ਼ ਕਿਊਬਾ ਇਸ ਸਮੇਂ ਟਰੰਪ ਪ੍ਰਸ਼ਾਸਨ ਦੇ ਆਰਥਿਕ ਹੱਲੇ ਦੀ ਮਾਰ ਹੇਠ ਹੈ। ਦੱਖਣੀ ਅਮਰੀਕਾ 'ਚ ਵੈਨੇਜ਼ੁਏਲਾ ਨੂੰ ਝੁਕਾਉਣ ਤੋਂ ਬਾਅਦ ਟਰੰਪ ਦਾ ਅਗਲਾ ਨਿਸ਼ਾਨਾ ਹੁਣ ਕਿਊਬਾ ਹੈ। ਅਮਰੀਕੀ ਨੀਤੀਆਂ ਦੇ ਰਾਹ ਦਾ ਰੋੜਾ ਬਣੇ ਵੈਨੇਜ਼ੁਏਲਾ ਦੇ ਖੱਬੇ-ਪੱਖੀ ਰਾਸ਼ਟਰਪਤੀ ਨਿਕੋਲਸ ਮਾਦੁਰੋ ਨੂੰ ਨਾਟਕੀ ਤੇ ਗ਼ੈਰਕਾਨੂੰਨੀ ਤਰੀਕੇ ਨਾਲ ਘਰੋਂ ਅਗਵਾ ਕਰਕੇ ਟਰੰਪ ਨੇ ਦੁਨੀਆ ਸਾਹਮਣੇ ਅਮਰੀਕੀ ਧੌਂਸ ਦੀ ਪੂਰੀ ਨੁਮਾਇਸ਼ ਕੀਤੀ। ਉਸ ਨੇ ਮਾਦੁਰੋ ਦੀ ਥਾਂ ਵੈਨੇਜ਼ੁਏਲਾ ਦੀ ਨਵੀਂ ਬਣੀ ਕਾਰਜਕਾਰੀ ਰਾਸ਼ਟਰਪਤੀ ਡੇਲਸੀ ਰੋਡਰਿਗਜ਼ ਨੂੰ ਡਰਾ-ਧਮਕਾ ਕੇ ਵੈਨੇਜ਼ੁਏਲਾ ਦੇ ਤੇਲ ਸਰੋਤਾਂ ਦੇ ਬੂਹੇ ਪ੍ਰਾਈਵੇਟ ਅਮਰੀਕੀ ਕੰਪਨੀਆਂ ਲਈ ਖੋਲ੍ਹਣ ਲਈ ਸਹਿਮਤ ਕਰ ਲਿਆ। ਵੈਨੇਜ਼ੁਏਲਾ ਦੇ ਤੇਲ ਉੱਤੇ ਅਮਰੀਕੀ ਕੰਟਰੋਲ ਸਥਾਪਤ ਹੋਣ ਤੋਂ ਤੁਰੰਤ ਬਾਅਦ ਟਰੰਪ ਪ੍ਰਸ਼ਾਸਨ ਨੇ ਕਿਊਬਾ ਨੂੰ ਹੋ ਰਹੀ ਤੇਲ ਦੀ ਬਰਾਮਦ 'ਤੇ ਰੋਕ ਲਗਾ ਦਿੱਤੀ। ਨਾਲ ਹੀ ਟਰੰਪ ਨੇ ਕਿਊਬਾ ਨੂੰ ਅਸਿੱਧੇ ਤੌਰ 'ਤੇ ਤੇਲ ਵੇਚਣ ਵਾਲੇ ਦੇਸ਼ਾਂ ਨੂੰ ਟੈਰਿਫ ਦੀ ਧਮਕੀ ਦੇ ਕੇ ਕਿਊਬਾ ਦੀ ਪੂਰੀ ਤਰ੍ਹਾਂ ਘੇਰਾਬੰਦੀ ਕਰ ਦਿੱਤੀ। ਟਰੰਪ ਪ੍ਰਸ਼ਾਸਨ ਵੱਲੋਂ ਊਰਜਾ ਸਰੋਤਾਂ ਉੱਤੇ ਨਵੀਆਂ ਆਰਥਿਕ ਪਾਬੰਦੀਆਂ ਲਗਾਉਣ ਨਾਲ ਕਿਊਬਾ ਡੂੰਘੇ ਆਰਥਿਕ ਤੇ ਸਮਾਜਿਕ ਸੰਕਟ ਵਿੱਚ ਘਿਰ ਗਿਆ ਹੈ। ਇਹ ਆਪਣੀਆਂ ਘਰੇਲੂ ਤੇਲ ਲੋੜਾਂ ਦੀ ਪੂਰਤੀ ਲਈ ਵੈਨੇਜ਼ੁਏਲਾ ਅਤੇ ਮੈਕਸਿਕੋ ਤੋਂ ਲਗਭਗ 75 ਫ਼ੀਸਦੀ ਤੇਲ ਮੰਗਵਾਉਂਦਾ ਸੀ। ਘਰੇਲੂ ਤੇਲ ਪੈਦਾਵਾਰ ਨਾਂ-ਮਾਤਰ ਹੈ। ਤੇਲਬੰਦੀ ਤੋਂ ਬਾਅਦ ਕਿਊਬਾ ਦਾ ਅਰਥਚਾਰਾ ਕੁਝ ਕੁ ਦਿਨਾਂ 'ਚ ਬੁਰੀ ਤਰ੍ਹਾਂ ਡਾਵਾਂਡੋਲ ਹੋ ਗਿਆ। ਤੇਲ ਕੀਮਤਾਂ ਵਿੱਚ ਚਾਰ ਸੌ ਫ਼ੀਸਦੀ ਵਾਧਾ ਹੋਣ ਨਾਲ ਸਰਕਾਰੀ ਟਰਾਂਸਪੋਰਟ ਤੇ ਉਦਯੋਗ ਅਚਾਨਕ ਠੱਪ ਹੋ ਗਏ ਹਨ। ਹਸਪਤਾਲ ਅਤੇ ਖੇਤੀਬਾੜੀ ਖੇਤਰ ਲੰਮੇ ਬਿਜਲੀ ਕੱਟਾਂ ਕਾਰਨ ਕਾਲ ਵਰਗੀ ਸਥਿਤੀ ਵਿੱਚ ਚਲੇ ਗਏ ਹਨ। ਕਈ ਰਿਹਾਇਸ਼ੀ ਇਲਾਕਿਆਂ ਵਿੱਚ ਬਿਜਲੀ ਪੂਰੀ ਤਰ੍ਹਾਂ ਗੁੱਲ ਹੋ ਗਈ ਹੈ ਤੇ ਕੌਮਾਂਤਰੀ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਮਹਿੰਗਾਈ ਰਿਕਾਰਡ ਤੋੜ ਦਰ ਨਾਲ ਵਧ ਰਹੀ ਹੈ ਤੇ ਊਰਜਾ ਸੰਕਟ ਨਾਲ ਸਿੱਝਣ ਲਈ ਸਕੂਲਾਂ-ਯੂਨੀਵਰਸਿਟੀਆਂ ਸਮੇਤ ਕਈ ਸਰਕਾਰੀ ਅਦਾਰੇ ਅਸਥਾਈ ਤੌਰ 'ਤੇ ਬੰਦ ਕਰ ਦਿੱਤੇ ਗਏ ਹਨ। ਆਮ ਲੋਕਾਂ ਲਈ ਦਵਾਈਆਂ ਤੇ ਭੋਜਨ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਈ ਹੈ ਤੇ ਕਿਊਬਾ ਦੇ ਲੋਕਾਂ ਦੀ ਆਮਦਨ ਦਾ ਸਰੋਤ ਸੈਰ-ਸਪਾਟਾ ਉਦਯੋਗ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਕੌਮਾਂਤਰੀ ਉਡਾਣਾਂ ਰੱਦ ਹੋਣ ਨਾਲ ਸੈਰ-ਸਪਾਟਾ ਮਾਲੀਏ ਨੂੰ ਧੱਕਾ ਲੱਗਾ ਹੈ ਤੇ ਵਿਦੇਸ਼ੀ ਮੁਦਰਾ ਦੀ ਘਾਟ ਕਾਰਨ ਅਮਰੀਕੀ ਡਾਲਰ ਮੁਕਾਬਲੇ ਕਿਊਬਨ ਪੈਸੋ ਵਿੱਚ ਗਿਰਾਵਟ ਤੇਜ਼ ਹੋ ਗਈ ਹੈ।

ਕਿਊਬਾ ਵਿਰੁੱਧ 1960ਵਿਆਂ ਤੋਂ ਸ਼ੁਰੂ ਹੋਈ ਅਮਰੀਕੀ ਆਰਥਿਕ ਨਾਕਾਬੰਦੀ ਆਧੁਨਿਕ ਇਤਿਹਾਸ ਵਿੱਚ ਸਭ ਤੋਂ ਲੰਮੇ ਸਮੇਂ ਤੱਕ ਚੱਲਣ ਵਾਲੀਆਂ ਪਾਬੰਦੀਆਂ ਵਿੱਚੋਂ ਇੱਕ ਹੈ। ਕਿਊਬਨ ਆਰਥਿਕ ਨਾਕਾਬੰਦੀ ਅਮਰੀਕੀ ਵਿਦੇਸ਼ ਨੀਤੀ ਦਾ ਇੱਕ ਵਿਸ਼ੇਸ਼ ਹਥਿਆਰ ਹੈ, ਜੋ ਸਾਮਰਾਜੀ ਦਾਬੇ ਦਾ ਪ੍ਰਤੱਖ ਪ੍ਰਮਾਣ ਹੈ। ਦੂਸਰਾ, ਮੁਨਰੋ ਸਿਧਾਂਤ ਤਹਿਤ ਟਰੰਪ ਪ੍ਰਸ਼ਾਸਨ ਪੱਛਮੀ ਗੋਲਾਕਾਰ ਵਿੱਚ ਰੂਸ-ਚੀਨ ਦੇ ਪ੍ਰਭਾਵ ਨੂੰ ਖ਼ਤਮ ਕਰਕੇ ਅਮਰੀਕੀ ਸਰਦਾਰੀ ਦੀ ਬਹਾਲੀ ਹਿੱਤ ਲਾਤੀਨੀ ਅਮਰੀਕੀ ਮਹਾਦੀਪ ਵਿੱਚ ਹੋਰ ਵੱਧ ਹਮਲਾਵਰ ਰੁਖ਼ ਅਖ਼ਤਿਆਰ ਕਰ ਰਿਹਾ ਹੈ। 'ਕੌਮੀ ਸੁਰੱਖਿਆ ਰਣਨੀਤੀ' ਵਿੱਚ ਕਿਊਬਾ ਸਮੇਤ ਅਮਰੀਕਾ ਵਿਰੋਧੀ ਸੁਰ ਵਾਲੇ ਲਾਤੀਨੀ ਮੁਲਕਾਂ ਨੂੰ ਗੋਡੇ ਟੇਕਣ ਲਈ ਮਜਬੂਰ ਕਰਨਾ ਉਚੇਚੇ ਤੌਰ 'ਤੇ ਸ਼ਾਮਲ ਹੈ। ਤੀਸਰਾ, ਕਿਊਬਨ ਇਨਕਲਾਬ (1959) ਤੇ ਕਿਊਬਨ ਮਿਜ਼ਾਈਲ ਸੰਕਟ (1962) ਤੋਂ ਬਾਅਦ ਅਮਰੀਕਾ ਕਿਊਬਾ ਨੂੰ ਵਿਚਾਰਧਾਰਕ ਦੁਸ਼ਮਣ ਤੇ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਮੰਨਦਾ ਆ ਰਿਹਾ ਹੈ। ਮੌਜੂਦਾ ਸਮੇਂ ਵੀ ਟਰੰਪ ਪ੍ਰਸ਼ਾਸਨ ਕਿਊਬਾ ਸਰਕਾਰ ਉੱਤੇ ਹਿਜ਼ਬੁੱਲਾ ਤੇ ਹਮਾਸ ਵਰਗੇ ਦਹਿਸ਼ਤੀ ਗਰੁੱਪਾਂ ਨੂੰ ਸ਼ਹਿ ਦੇਣ ਦਾ ਦੋਸ਼ ਲਾ ਰਿਹਾ ਹੈ। ਵਿਸ਼ਵ ਵਪਾਰ ਵਿੱਚ ਡਾਲਰ ਦਾ ਏਕਾਧਿਕਾਰ ਹੋਣ ਕਰਕੇ ਅਮਰੀਕਾ ਆਪਣੇ ਡਾਲਰ, ਤੇਲ ਸਿਆਸਤ ਅਤੇ ਆਲਮੀ ਵਿੱਤੀ ਤੰਤਰ ਨੂੰ ਕਮਜ਼ੋਰ ਦੇਸ਼ਾਂ ਨੂੰ ਦਬਕਾਉਣ ਲਈ ਵਰਤਦਾ ਆ ਰਿਹਾ ਹੈ। ਇਸ ਤੋਂ ਇਲਾਵਾ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦਾ ਕਿਊਬਾ ਨਾਲ ਜਮਾਂਦਰੂ ਨਾਤਾ ਹੈ। ਉਸ ਦਾ ਪਿਤਾ ਓਰਲਾਂਡੋ ਰੂਬੀਓ ਕਿਊਬਨ ਮੂਲ ਦਾ ਸੀ, ਜੋ ਸੱਠਵਿਆਂ ਵਿੱਚ ਕਮਿਊਨਿਸਟ ਵਿਰੋਧੀ ਸੁਰ ਕਰ ਕੇ ਕਿਊਬਾ ਛੱਡ ਕੇ ਅਮਰੀਕਾ ਵਸ ਗਿਆ ਸੀ। ਮਾਰਕੋ ਰੂਬੀਓ ਆਪਣੇ ਪਿਤਾ ਦੀ ਵਿਰਾਸਤ ਨੂੰ ਅੱਗੇ ਤੋਰਦਿਆਂ ਅਨੇਕਾਂ ਵਾਰ ਕਿਊਬਾ ਖਿਲਾਫ਼ ਸਖ਼ਤ ਟਿੱਪਣੀਆਂ ਅਤੇ ਵਿਉਂਤਬੰਦੀ ਕਰਦਾ ਆ ਰਿਹਾ ਹੈ। ਜਿਸ ਤਰ੍ਹਾਂ ਉਹ ਗਾਜ਼ਾ ਨੂੰ 'ਮੱਧ ਪੂਰਬ ਦਾ ਰਿਵੇਰਾ' ਬਣਾ ਕੇ ਰੀਅਲ ਅਸਟੇਟ ਦਾ ਵੱਡਾ ਕਾਰੋਬਾਰ ਖੜ੍ਹਾ ਕਰਨਾ ਚਾਹੁੰਦਾ ਹੈ, ਉਸੇ ਤਰਜ਼ 'ਤੇ ਕਿਊਬਾ ਵਰਗੇ ਟਾਪੂ ਨੂੰ ਦੱਬ ਕੇ ਇਸ ਨੂੰ ਸੈਰ-ਸਪਾਟੇ ਦਾ ਵਪਾਰਕ ਕੇਂਦਰ ਬਣਾਉਣਾ ਚਾਹੁੰਦਾ ਹੈ। ਇਸ ਦੇ ਨਾਲ ਹੀ ਉਹ ਲਾਤੀਨੀ ਅਮਰੀਕੀ ਮੁਲਕਾਂ ਅੱਗੇ ਇਹ ਮਿਸਾਲ ਕਾਇਮ ਕਰਨਾ ਚਾਹੁੰਦਾ ਹੈ ਕਿ ਅਮਰੀਕਾ ਦਾ ਵਿਰੋਧ ਕਰਨ ਦੀ ਸੂਰਤ ਵਿੱਚ ਉਨ੍ਹਾਂ ਦਾ ਹਸ਼ਰ ਵੈਨੇਜ਼ੁਏਲਾ-ਕਿਊਬਾ ਵਰਗਾ ਹੋਵੇਗਾ।

ਸੱਠਵਿਆਂ ਦੇ ਦਹਾਕੇ ਵਿੱਚ ਲਾਤੀਨੀ ਅਮਰੀਕਾ ਵਿੱਚ ਅਮਰੀਕੀ ਸਾਮਰਾਜ ਵਿਰੋਧੀ ਕੌਮੀ ਲਹਿਰਾਂ ਉੱਠਣੀਆਂ ਸ਼ੁਰੂ ਹੋ ਗਈਆਂ। ਫੀਦਲ ਕਾਸਤਰੋ ਤੇ ਚੀ ਗਵੇਰਾ ਦੀ ਅਗਵਾਈ ਵਾਲੀ 1959 ਦੀ ਕਿਊਬਨ ਕ੍ਰਾਂਤੀ ਨੇ ਅਮਰੀਕੀ ਸ਼ਹਿ ਪ੍ਰਾਪਤ ਤਾਨਾਸ਼ਾਹ ਫੁਲਗੇਂਸੀਓ ਬਤਿਸਤਾ ਨੂੰ ਉਖਾੜ ਸੁੱਟਿਆ ਸੀ। ਨਵੀਂ ਸਮਾਜਵਾਦੀ ਸਰਕਾਰ ਨੇ ਵੱਡੇ ਜ਼ਮੀਨੀ ਸੁਧਾਰ, ਵਿਸ਼ਵਵਿਆਪੀ ਸਿਹਤ ਸੰਭਾਲ ਅਤੇ ਸਿੱਖਿਆ ਪ੍ਰੋਗਰਾਮਾਂ ਤਹਿਤ ਕਿਊਬਨ ਨਾਗਰਿਕਾਂ ਨੂੰ ਮੁਫ਼ਤ ਸਹੂਲਤਾਂ ਦੇਣ, ਭੋਜਨ ਪਦਾਰਥਾਂ 'ਤੇ ਸਬਸਿਡੀ ਤੇ ਸਸਤੀ ਰਿਹਾਇਸ਼ ਦੇ ਨਾਲ-ਨਾਲ ਹੋਰ ਵਿਆਪਕ ਸਮਾਜਿਕ ਸੁਧਾਰ ਸ਼ੁਰੂ ਕੀਤੇ। ਨਵੀਂ ਇਨਕਲਾਬੀ ਸਰਕਾਰ ਨੇ ਅਮਰੀਕਾ ਸਮੇਤ ਹੋਰ ਵਿਦੇਸ਼ੀ ਉਦਯੋਗਾਂ ਦਾ ਕੌਮੀਕਰਨ ਕੀਤਾ ਤੇ ਊਰਜਾ, ਖੰਡ, ਸੈਰ-ਸਪਾਟਾ, ਦਰਾਮਦ-ਬਰਾਮਦ ਆਦਿ 'ਤੇ ਸਰਕਾਰ ਦਾ ਕੰਟਰੋਲ ਸਥਾਪਤ ਕੀਤਾ। ਇਨ੍ਹਾਂ ਤਿੱਖੇ ਸਾਮਰਾਜ ਵਿਰੋਧੀ ਸੁਧਾਰਾਂ ਨਾਲ ਕਿਊਬਾ-ਅਮਰੀਕਾ ਟਕਰਾਅ ਦਾ ਮੁੱਢ ਬੱਝ ਗਿਆ। ਸੋਵੀਅਤ ਯੂਨੀਅਨ ਦੀ ਸਹਾਇਤਾ ਪ੍ਰਾਪਤ ਇਹ ਇਨਕਲਾਬ ਕੈਰੇਬਿਆਈ ਅਤੇ ਲਾਤੀਨੀ ਅਮਰੀਕਾ ਵਿੱਚ ਅਮਰੀਕੀ ਦਬਦਬੇ ਲਈ ਵੱਡੀ ਚੁਣੌਤੀ ਸੀ। ਅਮਰੀਕਾ ਦੇ ਗੁਆਂਢ 'ਚ ਸੋਵੀਅਤ ਯੂਨੀਅਨ ਦੇ ਸਾਥ ਵਾਲੇ ਇਸ ਨਿੱਕੇ ਜਿਹੇ ਟਾਪੂ ਮੁਲਕ ਦੀ ਖ਼ੁਦਮੁਖਤਿਆਰ ਸਮਾਜਵਾਦੀ ਸਰਕਾਰ ਨੂੰ ਅਮਰੀਕਾ ਆਪਣੇ ਆਰਥਿਕ, ਰਾਸ਼ਟਰੀ ਸੁਰੱਖਿਆ ਅਤੇ ਭੂ-ਸਿਆਸੀ ਹਿੱਤਾਂ ਲਈ ਇੱਕ ਖ਼ਤਰੇ ਵਜੋਂ ਦੇਖਦਾ ਆ ਰਿਹਾ ਹੈ। ਕਿਊਬਨ ਡੈਮੋਕਰੇਸੀ ਐਕਟ (1992) ਤਹਿਤ ਅਮਰੀਕਾ ਅਤੇ ਕਿਊਬਾ ਵਿਚਕਾਰ ਲਗਭਗ ਸਾਰੇ ਵਪਾਰ ਅਤੇ ਵਿੱਤੀ ਲੈਣ-ਦੇਣ 'ਤੇ ਪਾਬੰਦੀ ਲਾਈ ਗਈ। ਹੈਲਮਜ਼-ਬਰਟਨ ਐਕਟ (1996) ਨੇ ਪਾਬੰਦੀਆਂ ਨੂੰ ਹੋਰ ਸਖ਼ਤ ਕਰਦਿਆਂ ਕਿਊਬਾ ਨਾਲ ਵਪਾਰ ਕਰਨ ਵਾਲੀਆਂ ਵਿਦੇਸ਼ੀ ਕੰਪਨੀਆਂ 'ਤੇ ਜੁਰਮਾਨੇ ਥੋਪ ਦਿੱਤੇ। ਅਮਰੀਕੀ ਆਰਥਿਕ ਹਮਲਿਆਂ ਦਾ ਸ਼ਿਕਾਰ ਨਿੱਕਾ ਜਿਹਾ ਇਹ ਮੁਲਕ ਸੋਵੀਅਤ ਸਹਾਇਤਾ ਕਰਕੇ ਦਿਓਕੱਦ ਤਾਕਤ ਅਮਰੀਕਾ ਅੱਗੇ ਟਿਕਿਆ ਰਿਹਾ। ਪਰ 1991 ਵਿੱਚ ਸੋਵੀਅਤ ਯੂਨੀਅਨ ਦੇ ਢਹਿ-ਢੇਰੀ ਹੋਣ ਨਾਲ ਇਹ ਆਰਥਿਕ ਨਿਘਾਰ, ਗੰਭੀਰ ਭੋਜਨ ਸੰਕਟ, ਮੁਦਰਾ ਸੰਕਟ ਅਤੇ ਹੋਰ ਵਿਆਪਕ ਸਮਾਜਿਕ ਮੁਸ਼ਕਲਾਂ ਵਿੱਚ ਘਿਰ ਗਿਆ। ਕੌਮਾਂਤਰੀ ਦਬਾਅ ਕਾਰਨ ਭੋਜਨ ਅਤੇ ਦਵਾਈਆਂ ਵਰਗੀਆਂ ਕੁਝ ਮਾਨਵਤਾਵਾਦੀ ਵਸਤਾਂ ਦੇ ਵਪਾਰ ਵਿੱਚ ਕੁਝ ਢਿੱਲ ਜ਼ਰੂਰ ਦਿੱਤੀ ਗਈ ਪਰ ਆਰਥਿਕ ਘੇਰਾਬੰਦੀ ਬੇਹੱਦ ਬੇਰਹਿਮ ਰਹੀ।

ਦਹਾਕਿਆਂ ਦੀਆਂ ਪਾਬੰਦੀਆਂ ਨੇ ਕਿਊਬਾ ਦੀ ਆਰਥਿਕਤਾ ਦਾ ਲੱਕ ਤੋੜ ਦਿੱਤਾ। ਇਨ੍ਹਾਂ ਨਾਕਾਬੰਦੀਆਂ ਨੇ ਖੰਡ ਦੀ ਬਰਾਮਦ, ਊਰਜਾ, ਡਾਕਟਰੀ ਸਪਲਾਈ, ਤਕਨੀਕ ਅਤੇ ਵਿਦੇਸ਼ੀ ਨਿਵੇਸ਼ ਵਿੱਚ ਰੁਕਾਵਟ ਪਾਈ, ਜਿਸ ਨਾਲ ਇਸ ਦੇ ਆਰਥਿਕ ਵਿਕਾਸ ਅਤੇ ਜਨਤਕ ਸੇਵਾਵਾਂ ਨੂੰ ਲਕਵਾ ਮਾਰ ਗਿਆ। ਸਮਾਜਵਾਦੀ ਕਿਊਬਾ ਮਹਿੰਗਾਈ ਤੇ ਗ਼ੁਰਬਤ ਵੱਸ ਪੈ ਗਿਆ ਤੇ ਇਨਕਲਾਬ ਦੀਆਂ ਬਰਕਤਾਂ ਦੇ ਦਿਨ ਪੁੱਗਣੇ ਸ਼ੁਰੂ ਹੋ ਗਏ। ਕਿਊਬਾ ਨੂੰ ਸਾਖ਼ਰਤਾ ਅਤੇ ਸਿਹਤ ਸੰਭਾਲ ਵਿੱਚ ਮਹੱਤਵਪੂਰਨ ਪ੍ਰਾਪਤੀਆਂ ਦੇ ਬਾਵਜੂਦ ਉਸ ਨੇ ਲਗਾਤਾਰ ਵਧਦੀ ਮਹਿੰਗਾਈ, ਦਵਾਈਆਂ ਦੀ ਘਾਟ ਅਤੇ ਖੁਰ ਰਹੇ ਬੁਨਿਆਦੀ ਢਾਂਚੇ ਦਾ ਸੰਤਾਪ ਲਗਾਤਾਰ ਝੱਲਣਾ ਪੈ ਰਿਹਾ ਹੈ।

ਆਰਥਿਕ ਰੁਕਾਵਟਾਂ ਤੇ ਬਾਹਰੀ ਸਾਮਰਾਜੀ ਦਾਬੇ ਦੇ ਨਾਲ-ਨਾਲ ਕਿਊਬਾ ਸਰਕਾਰ ਸਵੈ-ਨਿਰਭਰ, ਸਾਂਝਾ ਤੇ ਬਰਾਬਰੀ ਵਾਲਾ ਆਰਥਿਕ ਮਾਡਲ ਉਸਾਰਨ ਵਿੱਚ ਅਸਫਲ ਰਹੀ ਹੈ। ਇਸ ਨੇ ਠੋਸ ਬੁਨਿਆਦੀ ਸਮਾਜਵਾਦੀ ਤਬਦੀਲੀ ਵੱਲ ਧਿਆਨ ਨਹੀਂ ਦਿੱਤਾ ਤੇ ਨਾ ਹੀ ਦੇਸ਼ ਦੀ ਅਗਵਾਈ ਕਰਨ ਵਾਲੇ ਸਮਾਜਵਾਦੀ ਨੇਤਾ ਕਮਿਊਨਿਸਟ ਵਿਚਾਰਧਾਰਾ ਦੇ ਮੁੱਢਲੇ ਰਹਿਬਰਾਂ ਵਰਗੀ ਵਿਚਾਰਧਾਰਕ-ਸਿਆਸੀ ਪ੍ਰਤਿਭਾ ਤੇ ਮਿਆਰ ਦੇ ਮਾਲਕ ਸਨ।

ਤਾਜ਼ਾ ਆਰਥਿਕ ਪਾਬੰਦੀਆਂ ਨਾਲ ਕਿਊਬਾ ਨੂੰ ਇੱਕ ਗੰਭੀਰ ਊਰਜਾ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੰਪ ਦੀਆਂ ਟੈਰਿਫ ਧਮਕੀਆਂ ਦੇ ਡਰੋਂ ਵੈਨੇਜ਼ੁਏਲਾ ਅਤੇ ਮੈਕਸਿਕੋ ਤੋਂ ਤੇਲ ਬਰਾਮਦ ਬੰਦ ਹੋ ਗਈ ਹੈ। ਹਾਲਾਂਕਿ ਮੈਕਸਿਕੋ ਨੇ ਕਿਊਬਾ ਨਾਲ ਖੇਤਰੀ ਇਕਜੁੱਟਤਾ ਨੂੰ ਉਜਾਗਰ ਕਰਦੇ ਹੋਏ ਜ਼ਰੂਰੀ ਭੋਜਨ ਪਦਾਰਥਾਂ ਸਮੇਤ ਮਾਨਵਤਾਵਾਦੀ ਸਹਾਇਤਾ ਭੇਜੀ ਹੈ। ਸੰਯੁਕਤ ਰਾਸ਼ਟਰ, ਮਨੁੱਖੀ ਅਧਿਕਾਰ ਸੰਗਠਨਾਂ ਤੇ ਸਹਿਯੋਗੀ ਮੁਲਕਾਂ ਨੇ ਅਮਰੀਕਾ ਦੁਆਰਾ ਕਿਊਬਨ ਲੋਕਾਂ ਦੇ ਖਾਣਾ-ਪਾਣੀ, ਊਰਜਾ ਅਤੇ ਸਿਹਤ ਸੰਭਾਲ ਸਪਲਾਈ ਰੋਕਣ ਦੇ ਕਦਮਾਂ ਨੂੰ ਗ਼ੈਰਕਾਨੂੰਨੀ ਤੇ ਅਣਮਨੁੱਖੀ ਦੱਸਿਆ ਹੈ। ਦਹਾਕਿਆਂ ਤੋਂ ਅਮਰੀਕੀ ਪਾਬੰਦੀਆਂ ਦੀ ਸੰਯੁਕਤ ਰਾਸ਼ਟਰ ਮਹਾਸਭਾ ਨੇ ਨਿੰਦਾ ਕੀਤੀ ਹੈ।

ਟਰੰਪ ਪ੍ਰਸ਼ਾਸਨ ਦਾ ਮੌਜੂਦਾ ਫ਼ੈਸਲਾ ਕਿਊਬਾ ਦੀ ਪ੍ਰਭੂਸੱਤਾ, ਮਨੁੱਖੀ ਅਧਿਕਾਰਾਂ ਤੇ ਜਮਹੂਰੀ ਆਜ਼ਾਦੀਆਂ ਦੀ ਘੋਰ ਉਲੰਘਣਾ ਹੈ। ਅਮਰੀਕੀ ਨਾਕਾਬੰਦੀ ਆਰਥਿਕ ਦਬਦਬਾ ਬਣਾਈ ਰੱਖਣ ਅਤੇ ਸਮਾਜਵਾਦੀ ਵਿਚਾਰਧਾਰਾ ਨੂੰ ਦਬਾਉਣ ਲਈ ਇੱਕ ਅਰਾਜਕ ਸਾਮਰਾਜਵਾਦੀ ਰਣਨੀਤੀ ਵਜੋਂ ਕੰਮ ਕਰਦੀ ਹੈ। ਇਸ ਤਰ੍ਹਾਂ ਸਾਮਰਾਜੀ ਦੌਰ ਅੰਦਰ ਵੱਡੇ ਪੂੰਜੀਵਾਦੀ ਮੁਲਕ ਆਰਥਿਕ, ਰਾਜਨੀਤਕ ਅਤੇ ਫ਼ੌਜੀ ਤਾਕਤ ਦੇ ਜ਼ੋਰ 'ਤੇ ਕਮਜ਼ੋਰ ਦੇਸ਼ਾਂ ਨੂੰ ਦਬਾਉਂਦੇ ਆ ਰਹੇ ਹਨ।

ਦੂਜੇ ਪਾਸੇ ਕਿਊਬਾ ਅਮਰੀਕੀ ਦਬਦਬੇ ਖ਼ਿਲਾਫ਼ ਬਗ਼ਾਵਤ ਦੇ ਸਿੱਟੇ ਵਜੋਂ ਅਮਰੀਕੀ ਸਾਮਰਾਜ ਵਿਰੋਧੀ ਲਹਿਰਾਂ ਲਈ ਪ੍ਰੇਰਨਾ ਸਰੋਤ ਵੀ ਬਣਿਆ ਹੋਇਆ ਹੈ। ਕਿਊਬਾ ਨੂੰ ਦਬਕਾਉਣ ਪਿਛਲਾ ਅਮਰੀਕੀ ਉਦੇਸ਼ ਕੌਮਾਂਤਰੀ ਪੱਧਰ 'ਤੇ ਅਮਰੀਕਾ ਦੇ ਵਿਰੋਧ ਅਤੇ ਕਿਊਬਨ ਲੋਕਾਂ ਨਾਲ ਇਕਜੁੱਟਤਾ ਦੀ ਲੋੜ ਵੀ ਪੈਦਾ ਕਰਦਾ ਹੈ। ਟਰੰਪ ਦੀਆਂ ਆਰਥਿਕ ਨਾਕਾਬੰਦੀ ਦੀਆਂ ਧਮਕੀਆਂ ਬੇਦੋਸ਼ੇ ਕਿਊਬਨ ਲੋਕਾਂ ਨੂੰ ਅਣਮਨੁੱਖੀ ਸਜ਼ਾ ਦੇਣ ਅਤੇ ਆਰਥਿਕ ਨਸਲਕੁਸ਼ੀ ਦੇ ਬਰਾਬਰ ਹਨ। ਸੰਸਾਰ ਭਰ ਦੇ ਲੋਕਾਂ ਨੂੰ ਕਿਊਬਾ ਦੇ ਅੰਦਰੂਨੀ ਮਾਮਲਿਆਂ ਵਿੱਚ ਬਾਹਰੀ ਸਾਮਰਾਜੀ ਦਖਲਅੰਦਾਜ਼ੀ ਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਇਸ ਗੱਲ ਦੀ ਵਜਾਹਤ ਕਰਨੀ ਚਾਹੀਦੀ ਹੈ ਕਿ ਕਿਊਬਾ ਦੇ ਲੋਕਾਂ ਨੂੰ ਆਪਣਾ ਖ਼ੁਦਮੁਖਤਿਆਰ ਸਮਾਜਿਕ, ਰਾਜਨੀਤਕ ਅਤੇ ਆਰਥਿਕ ਰਾਹ ਤੈਅ ਕਰਨ ਦਾ ਅਧਿਕਾਰ ਹੋਵੇ।

# ਫ਼ੈਸਲੇ



ਐਡਵੋਕੇਟ ਗੁਰਤੇਜ ਸਿੰਘ ਖੁਡਾਲ
ਸੰਪਰਕ: 94641-29118

ਕਾਲਾ ਝਿਊਰ ਦਾ ਲੜਕਾ ਬਹੁਤ ਬਿਮਾਰ ਸੀ। ਹਾਲਤ ਵਿੱਚ ਸੁਧਾਰ ਨਾ ਹੁੰਦਾ ਵੇਖ ਕਿਸਾਨ ਜੰਟਾ ਸਿੰਘ ਨੇ ਉਸ ਨੂੰ ਸਲਾਹ ਦਿੱਤੀ, "ਚੰਡੀਗੜ੍ਹ ਦਿਖਾ ਆਉਨੇ ਆਂ।" ਝਿਊਰ ਦਾ ਹੱਥ ਤੰਗ ਹੋਣ ਕਰਕੇ ਉਸ ਲਈ ਇਹ ਸਫ਼ਰ ਕਰਨਾ ਸੁਖਾਲਾ ਨਹੀਂ ਸੀ। ਪਰ ਉਹ ਜੰਟਾ ਸਿੰਘ ਦੇ ਸਮਝਾਉਣ 'ਤੇ ਲੜਕੇ ਨੂੰ ਚੰਡੀਗੜ੍ਹ ਲਿਜਾਣ ਲਈ ਰਾਜ਼ੀ ਹੋ ਗਿਆ। ਸਵੇਰੇ ਜਦੋਂ ਜੰਟਾ ਸਿੰਘ, ਕਾਲਾ ਤੇ ਉਸ ਦਾ ਲੜਕਾ ਸਰਕਾਰੀ ਬੱਸ ਚੜ੍ਹੇ ਤੇ ਜੰਟਾ ਸਿੰਘ ਨੇ ਤਿੰਨਾਂ ਦੀ ਟਿਕਟ ਕਟਾਈ। ਸਫ਼ਰ ਲੰਬਾ ਹੋਣ ਕਰ ਕੇ ਟਿਕਟ ਮਹਿੰਗੀ ਸੀ ਪਰ ਜੰਟਾ ਸਿੰਘ ਨੂੰ ਕਾਲੇ ਤੋਂ ਪੈਸੇ ਲੈਣੇ ਸਹੀ ਨਾ ਲੱਗੇ।

ਅਗਲੇ ਸਟੌਪ ਤੋਂ ਪਿੰਡ ਦੇ ਜ਼ੈਲਦਾਰਾਂ ਦੀ ਨੂੰਹ, ਜੋ ਚੰਡੀਗੜ੍ਹ ਡਾਕਟਰ ਲੱਗੀ ਹੈ, ਚੜ੍ਹੀ ਤੇ ਬਿਨਾ ਟਿਕਟ ਲਿਆਂ ਬੈਠ ਗਈ। ਅਗਲੇ ਪਿੰਡੋਂ ਪਟਿਆਲੇ ਪ੍ਰੋਫੈਸਰ ਲੱਗੀ ਬੰਤ ਸਿੰਘ ਦੀ ਧੀ ਤੇ ਪਵਨ ਕੁਮਾਰ ਮਾਸਟਰ ਦੀ ਘਰਵਾਲੀ, ਜੋ ਬੈਂਕ ਵਿੱਚ ਕੰਮ ਕਰਦੀ ਹੈ, ਇਕੱਠੀਆਂ ਚੜ੍ਹੀਆਂ। ਜੰਟਾ ਸਿੰਘ ਸੋਚਦਾ ਹੋਇਆ ਕਾਲੇ ਨੂੰ ਕਹਿਣ ਲੱਗਾ, "ਇਹ ਤਿੰਨੇ ਸਰਕਾਰੀ ਨੌਕਰੀ ਕਰਦੀਆਂ ਹਨ, ਤਨਖ਼ਾਹਾਂ ਵੀ ਲੱਖ ਸਵਾ ਲੱਖ ਤੋਂ ਹੇਠਾਂ ਨਹੀਂ ਹੋਣਗੀਆਂ, ਘਰ ਬਾਰ ਵੀ ਵਧੀਆ ਹੈ ਪਰ ਸਰਕਾਰ ਇਨ੍ਹਾਂ ਤੋਂ ਟਿਕਟ ਦੇ ਪੈਸੇ ਨਹੀਂ ਲੈਂਦੀ। ਦੂਜੇ ਪਾਸੇ ਤੇਰੇ-ਮੇਰੇ ਵਰਗੇ ਲੋਕ ਹਨ, ਜਿਨ੍ਹਾਂ ਕੋਲ ਕਈ ਵਾਰ ਦੂਜੇ ਡੰਗ ਦੀ ਰੋਟੀ ਦਾ ਰਾਸ਼ਨ ਵੀ ਨਹੀਂ ਹੁੰਦਾ। ਇਹ ਬਿਮਾਰੀ ਲਈ ਦਵਾ ਦਾਰੂ ਲੈਣ ਜਾਣ ਤੋਂ ਵੀ ਸੰਕੋਚ ਕਰਦੇ ਹਨ।"

ਕਾਲੇ ਝਿਊਰ ਨੇ ਸਿਰ ਤੋਂ ਲੱਥਦਾ ਜਾ ਰਿਹਾ ਪਰਨਾ ਮੁੜ ਸਵਾਰ ਕੇ ਬੰਨ੍ਹਦਿਆਂ ਕਿਹਾ, 'ਛੱਡ ਸਰਦਾਰਾ, ਇਹ ਸਰਕਾਰਾਂ ਲੋੜ ਦੇਖ ਕੇ ਨ੍ਹੀਂ ਸਗੋਂ ਵੋਟ ਦੇਖ ਦੇ ਸਹੂਲਤਾਂ ਦਿੰਦੀਆਂ ਨੇ।"

ਯੂਕਰੇਨ ਵਿੱਚ ਜੰਗ – ਇੱਕ ਇਤਿਹਾਸ

# ਅਮਰੀਕਾ ਨੇ ਉੱਤਰ-ਸੋਵੀਅਤ ਵਿਵਸਥਾ ਵਿੱਚ ਪਈਆਂ ਦਰਾੜਾਂ ਦਾ ਕਿਵੇਂ ਫਾਇਦਾ ਉਠਾਇਆ

ਲੇਖਕ: ਥੌਮਸ ਆਈ. ਪੇਲੀ
ਅੰਗਰੇਜ਼ੀ ਤੋਂ ਅਨੁਵਾਦ: ਸੁਖਵੰਤ ਹੁੰਦਲ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਇੱਕ ਪਾਸੇ, ਇਸ ਦੇ ਹਜ਼ਾਰਾਂ ਲੋਕ ਮਾਰੇ ਗਏ ਹਨ ਅਤੇ ਬਹੁਤ ਸਾਰੇ ਫੌਜੀ ਸਾਜ਼ੋ-ਸਮਾਨ (ਹਾਰਡਵੇਅਰ) ਦੀ ਤਬਾਹੀ ਹੋਈ ਹੈ। ਪਾਬੰਦੀਆਂ ਕਾਰਨ ਅਤੇ ਯੂਰੋਪ ਨਾਲ ਵਪਾਰਕ ਮੌਕਿਆਂ ਦੇ ਕੱਟੇ ਜਾਣ ਕਾਰਨ ਇਸ ਨੂੰ ਆਰਥਿਕ ਮੌਕਿਆਂ ਦਾ ਨੁਕਸਾਨ ਵੀ ਝੱਲਣਾ ਪਿਆ ਹੈ, ਅਤੇ ਪੱਛਮ ਵੱਲੋਂ ਇਸ ਦੇ ਵਿਦੇਸ਼ੀ ਮੁਦਰਾ ਰਿਜ਼ਰਵਾਂ ਨੂੰ ਜ਼ਬਤ ਕਰਨ ਦਾ ਅਨਸੁਲਝਿਆ ਮੁੱਦਾ ਵੀ ਹੈ। ਦੂਜੇ ਪਾਸੇ, ਇਸ ਨੇ ਰੂਸ ਦੀ ਸੁਰੱਖਿਆ ਨੂੰ ਹੌਲੀ ਹੌਲੀ ਖਤਮ ਕਰਨ ਵਾਲੇ ਵੱਧ ਰਹੇ ਰਣਨੀਤਕ ਖਤਰੇ ਦੇ ਅਮਰੀਕਾ ਦੇ ਪ੍ਰੋਜੈਕਟ ਨੂੰ ਰੋਕਣ ਦਾ ਟੀਚਾ ਹਾਸਲ ਕੀਤਾ ਹੈ, ਅਤੇ ਇਸ ਨੇ ਯੂਕਰੇਨ ਵਲੋਂ ਨੇਟੋ ਵਿੱਚ ਸ਼ਾਮਲ ਹੋਣ ਨਾਲ ਪੈਦਾ ਹੋਣ ਵਾਲੇ ਸੁਰੱਖਿਆ ਖਤਰੇ ਨੂੰ ਖਤਮ ਕਰਨ ਦਾ ਟੀਚਾ ਵੀ ਕਾਫ਼ੀ ਹੱਦ ਤੱਕ ਹਾਸਲ ਕਰ ਲਿਆ ਹੈ। ਯੁੱਧ ਨੇ ਰੂਸੀ ਫੌਜ ਨੂੰ ਆਪਣੀ ਸਹੀ ਸਥਿਤੀ ਦਾ ਜਾਇਜ਼ਾ ਲੈਣ ਲਈ ਇੱਕ ਮੌਕਾ ਵੀ ਪ੍ਰਦਾਨ ਕੀਤਾ ਹੈ ਜੋ ਭਵਿੱਖ ਵਿੱਚ ਫੌਜੀ ਸੁਧਾਰਾਂ ਦੀ ਸੰਭਾਵਨਾ ਪ੍ਰਦਾਨ ਕਰਦਾ ਹੈ ।

ਇਸ ਤੋਂ ਇਲਾਵਾ, ਰੂਸ ਨੂੰ ਮਹੱਤਵਪੂਰਨ ਆਰਥਿਕ ਲਾਭ ਹੋ ਸਕਦੇ ਹਨ, ਕਿਉਂਕਿ ਯੁੱਧ ਨੇ ਪੁਤਿਨ ਨੂੰ ਭ੍ਰਿਸ਼ਟਾਚਾਰ ਉੱਤੇ ਸਖ਼ਤੀ ਕਰਨ ਅਤੇ ਓਲੀਗਾਰਕਾਂ (ਅਲਪਤੰਤਰ ਦਾ ਹਿੱਸਾ ਬਹੁਤ ਹੀ ਅਮੀਰ ਵਿਅਕਤੀਆਂ) ਦੀ ਤਾਕਤ ਘਟਾਉਣ ਲਈ ਸਿਆਸੀ ਸੱਤਾ ਦਿੱਤੀ ਹੈ। ਇਸ ਨੂੰ ਫੌਜੀ ਕੇਨਜ਼ੀਅਨਿਜ਼ਮ ਅਤੇ ਸਮਾਜਿਕ ਲੋਕਤੰਤਰੀ ਕੇਨਜ਼ੀਅਨਿਜ਼ਮ ਵਿਚਕਾਰ ਆਰਥਿਕ ਫਲਕ੍ਰਮ (ਪਿਵਟ) ਤੋਂ ਵੀ ਫਾਇਦਾ ਹੋ ਰਿਹਾ ਹੈ। ਜਿਵੇਂ ਕਿ ਜੇਮਜ਼ ਕੇ. ਗੈਲਬ੍ਰੈਥ ਨੇ ਦਲੀਲ ਦਿੱਤੀ ਹੈ, ਪਾਬੰਦੀਆਂ ਦਾ ਨਿਜ਼ਾਮ ਨੀਤੀ ਦੇ ਖੇਤਰ ਵਿੱਚ ਇੱਕ ਤਰ੍ਹਾਂ ਦਾ ਤੋਹਫ਼ਾ ਰਿਹਾ ਹੈ, ਜਿਸ ਨੇ ਰੂਸ ਨੂੰ ਵਿਕਾਸ-ਪੱਖੀ ਨੀਤੀ ਲਾਗੂ ਕਰਨ ਦੇ ਸਮਰੱਥ ਬਣਾਇਆ ਅਤੇ ਅਜਿਹਾ ਕਰਨ ਲਈ ਪ੍ਰੇਰਿਤ ਕੀਤਾ ਜਿਸ ਨੂੰ ਉਹ ਸ਼ਾਇਦ ਇਸ ਦੇ ਬਿਨਾਂ ਰਾਜਨੀਤਿਕ ਤੌਰ ਉੱਤੇ ਲਾਗੂ ਨਾ ਕਰ ਸਕਦਾ। ਇੱਕ ਖੁੱਲ੍ਹਾ ਮੁੱਦਾ ਇਹ ਹੈ ਕਿ ਕੀ ਚੀਨ ਅਤੇ ਹੋਰ ਦੇਸ਼ ਉੱਤਮ ਤਕਨਾਲੋਜੀ (ਐਡਵਾਂਸਡ ਟੈਕਨੌਲੌਜੀ) ਦੀਆਂ ਉਹ ਵਸਤਾਂ ਸਪਲਾਈ ਕਰ ਸਕਦੇ ਹਨ ਜਿਹਨਾਂ ਨੂੰ ਸਪਲਾਈ ਕਰਨ ਤੋਂ ਅਮਰੀਕਾ/ਨੇਟੋ ਬਲਾਕ ਨੇ ਇਨਕਾਰ ਕੀਤਾ ਹੈ।

ਸ਼ੌਰਟ ਟਰਮ (ਅਲਪਕਾਲ) ਵਿੱਚ ਅਮਰੀਕਾ ਲੜਾਈ ਦਾ ਮੁੱਖ ਜੇਤੂ ਹੈ, ਜਿਸ ਤੋਂ ਬਾਈਡਨ ਪ੍ਰਸ਼ਾਸਨ ਵਲੋਂ ਲੜਾਈ ਨੂੰ ਲਮਕਾਉਣ ਅਤੇ ਵਧਾਉਣ ਦੇ ਦ੍ਰਿੜ੍ਹ ਇਰਾਦੇ ਦੀ ਸਮਝ ਲਗਦੀ ਹੈ। ਇਸ ਨੂੰ ਲੜਾਈ ਤੋਂ ਯੁੱਧ ਖੇਤਰ ਨਾਲ ਸੰਬੰਧਿਤ ਕੋਈ ਸਿੱਧਾ ਨੁਕਸਾਨ ਨਹੀਂ ਹੋਇਆ, ਜਦੋਂ ਕਿ ਰੂਸ ਨੂੰ ਲਗਾਤਾਰ ਫੌਜੀ ਨੁਕਸਾਨ ਝੱਲਣੇ ਪੈ ਰਹੇ ਹਨ। ਅਮਰੀਕਾ ਦਾ ਆਰਥਿਕ ਨੁਕਸਾਨ ਸਿਰਫ਼ 2022 ਵਿੱਚ ਕੁਝ ਅਸਥਾਈ ਤੌਰ 'ਤੇ ਵਧੀ ਮਹਿੰਗਾਈ ਤੱਕ ਸੀਮਤ ਰਿਹਾ ਹੈ, ਅਤੇ ਇਸ ਦਾ ਘਾਟਾ ਯੂਕਰੇਨ ਨੂੰ ਹਥਿਆਰ ਸਪਲਾਈ ਕਰਨ ਨਾਲ ਫੌਜੀ ਕੇਨਜ਼ੀਅਨ ਨੂੰ ਮਿਲੇ ਹੁਲਾਰੇ ਨਾਲ ਹੋਏ ਲਾਭਾਂ ਨਾਲ ਪੂਰਾ ਹੋ ਗਿਆ ਹੈ। ਸਭ ਤੋਂ ਮਹੱਤਵਪੂਰਨ ਤੱਥ ਇਹ ਹੈ ਕਿ ਅਮਰੀਕਾ ਨੇ ਯੂਰਪ ਨੂੰ ਊਰਜਾ ਸਪਲਾਈ ਕਰਨ ਲਈ ਰੂਸ ਦੀ ਜਗ੍ਹਾ ਲੈ ਲਈ ਹੈ। ਇਸ ਨਾਲ ਅਮਰੀਕਾ ਦੇ ਊਰਜਾ ਨਿਰਯਾਤ ਵਧੇ ਹਨ ਅਤੇ ਇਸ ਦੇ ਖਾੜੀ ਤੱਟ ਦੇ ਸੂਬਿਆਂ (ਗਲਫ ਕੋਸਟ ਸਟੇਟਸ) ਦੀਆਂ ਆਰਥਿਕਤਾਵਾਂ ਨੂੰ ਲਾਭ ਪਹੁੰਚਿਆ ਹੈ। ਭੂ-ਰਾਜਨੀਤਿਕ (ਜੀਓਪੁਲੀਟੀਕਲ) ਤੌਰ ਉੱਤੇ, ਇਸ ਨੇ ਯੂਰਪ ਨੂੰ ਰੂਸ ਤੋਂ ਵੱਖ ਕਰਕੇ ਅਮਰੀਕੀ ਊਰਜਾ ਉੱਤੇ ਨਿਰਭਰ ਬਣਾ ਦਿੱਤਾ ਹੈ, ਜੋ ਅਮਰੀਕਾ ਦੇ ਵਿਸ਼ਵ ਸਰਦਾਰੀ ਦੇ ਪ੍ਰੋਜੈਕਟ ਦੇ ਫਿੱਟ ਬੈਠਦਾ ਹੈ। ਇਸ ਦੇ ਨਾਲ ਹੀ ਯੂਰਪ ਅਤੇ ਚੀਨ ਵਿਚਕਾਰ




ਆਰਥਿਕ ਤਣਾਅ ਵਧਾਉਣਾ ਵੀ ਉਸ ਪ੍ਰੋਜੈਕਟ ਦੀ ਸੇਵਾ ਕਰਦਾ ਹੈ, ਜਿਸ ਕਾਰਨ ਯੂਰਪ ਨੂੰ ਵਪਾਰ ਅਤੇ ਨਿਵੇਸ਼ ਨੁਕਸਾਨਾਂ ਤੋਂ ਵੱਡੇ ਖਰਚੇ ਝੱਲਣੇ ਪੈਂਦੇ ਹਨ।

ਲੰਬੇ ਸਮੇਂ ਵਿੱਚ, ਭੂ-ਰਣਨੀਤਕ (ਜੀਓਸਟਰੈਟੀਜਕ) ਕਾਰਨਾਂ ਕਰਕੇ ਅਮਰੀਕਾ ਦਾ ਵਹੀ ਖਾਤਾ ਖਰਾਬ ਲੱਗਦਾ ਹੈ। ਪਹਿਲਾ, ਨੇਟੋ ਅਤੇ ਅਮਰੀਕਾ ਨਾਲ ਜੁੜੇ ਸ਼ਾਂਤ ਮਹਾਂਸਾਗਰ ਨਾਲ ਲਗਦੇ ਦੇਸ਼ਾਂ (ਪੈਸਿਫਿਕ ਕੰਟਰੀਜ਼) ਨੂੰ ਛੱਡ ਕੇ, ਦੁਨੀਆ ਦੇ ਜ਼ਿਆਦਾਤਰ ਹਿੱਸੇ ਨੂੰ ਰੂਸ ਦੇ ਸੁਰੱਖਿਆ ਦਾਅਵਿਆਂ ਵਿੱਚ ਕੁਝ ਦਮ ਲਗਦਾ ਹੈ। ਦੂਜਾ, ਅਤੇ ਸਭ ਤੋਂ ਮਹੱਤਵਪੂਰਨ, ਅਮਰੀਕਾ ਚੀਨ-ਰੂਸ ਵਿਚਕਾਰ ਇੱਕ ਵਿਸ਼ਾਲ ਰਣਨੀਤਕ ਗਠਜੋੜ ਨੂੰ ਮਜ਼ਬੂਤ ਕਰਨ ਵਿੱਚ ਕਾਮਯਾਬ ਹੋਇਆ ਹੈ ਜੋ ਇਸ ਦੀ ਤਾਕਤ ਨੂੰ ਪੱਕੇ ਤੌਰ ਉੱਤੇ ਘਟਾਉਣ ਅਤੇ ਅਮਰੀਕਾ ਦੀ ਵਿਸ਼ਵ ਸਰਦਾਰੀ ਦੇ ਪ੍ਰੋਜੈਕਟ ਨੂੰ ਕਮਜ਼ੋਰ ਕਰਨ ਵਾਲਾ ਹੈ। ਬਦਕਿਸਮਤੀ ਨਾਲ, ਲੰਬੇ ਸਮੇਂ ਦੇ ਇਹਨਾਂ ਮਾੜੇ ਪ੍ਰਭਾਵਾਂ ਦਾ ਲੜਾਈ ਉੱਤੇ ਬਹੁਤ ਘੱਟ ਅਸਰ ਹੈ ਕਿਉਂਕਿ ਉਹ ਜ਼ਿਆਦਾਤਰ ਤੌਰ 'ਤੇ ਅਟੱਲ ਹਨ, ਜਦੋਂ ਕਿ ਸ਼ੌਰਟ ਟਰਮ (ਅਲਪਕਾਲ) ਦੇ ਲਾਭ ਲਗਾਤਾਰ ਹਾਸਲ ਹੋ ਰਹੇ ਹਨ। ਇਹ ਸਥਿਤੀ ਅਮਰੀਕਾ ਦੀ ਸਥਾਪਤੀ ਨੂੰ ਯੁੱਧ ਜਾਰੀ ਰੱਖਣ ਲਈ ਪ੍ਰੇਰਨਾ ਦਿੰਦੀ ਹੈ।

ਯੂਕਰੇਨ ਵਿੱਚ, ਲੋਕਤੰਤਰ ਨੂੰ ਮੁਅੱਤਲ ਕੀਤਾ ਗਿਆ ਹੈ ਅਤੇ ਯੁੱਧ ਦੇ ਅੰਦਰੂਨੀ ਵਿਰੋਧ ਨੂੰ ਦਬਾਇਆ ਜਾ ਰਿਹਾ ਹੈ। ਕੌਮਵਾਦੀ ਅੱਤਵਾਦੀ (ਨੈਸ਼ਨਲਿਸਟ ਐਕਸਟਰੀਮਿਸਟ) ਫੌਜ ਨੂੰ ਕੰਟਰੋਲ ਕਰਦੇ ਹਨ ਅਤੇ ਮੁੱਖ ਰਾਜਨੀਤਿਕ ਤਾਕਤ ਹਨ, ਜਦੋਂ ਕਿ ਰਾਸ਼ਟਰਪਤੀ ਵੋਲੋਦੀਮਿਰ ਜ਼ੇਲੈਂਸਕੀ ਸਿਰਫ਼ ਨਾਂ ਦਾ ਮੁਖੀ ਹੈ। ਇਸ ਦਾ ਮਤਲਬ ਹੈ ਕਿ ਯੂਕਰੇਨ ਵੀ ਲੜਾਈ ਵਿੱਚ ਫਸਿਆ ਹੋਇਆ ਹੈ, ਕਿਉਂਕਿ ਕੌਮਵਾਦੀ (ਨੈਸ਼ਨਲਿਸਟ) ਸਮਝੌਤੇ ਲਈ ਤਿਆਰ ਨਹੀਂ ਹਨ।

ਰੂਸ ਹੌਲੀ-ਹੌਲੀ ਹਥਿਆਰਾਂ ਦੀ ਜਿੱਤ ਵੱਲ ਵਧ ਰਿਹਾ ਹੈ, ਨਾਲ ਹੀ ਨਿਊਕਲੀਅਰ ਘਟਨਾ ਹੋਣ ਦਾ ਖਤਰਾ ਹਮੇਸ਼ਾਂ ਮੌਜੂਦ ਹੈ। ਇਹ ਯੂਕਰੇਨ ਦੀ ਨੇਟੋ ਮੈਂਬਰਸ਼ਿਪ ਨੂੰ ਆਪਣੀ ਹੋਂਦ ਦੀ ਸੁਰੱਖਿਆ ਲਈ ਧਮਕੀ ਮੰਨਦਾ ਹੈ, ਅਤੇ ਯੁੱਧ ਨੇ ਇਸ ਦੇ ਡਰਾਂ ਨੂੰ ਕਾਫ਼ੀ ਹੱਦ ਤੱਕ ਸਹੀ ਸਾਬਤ ਕਰ ਦਿੱਤਾ ਹੈ। ਇਸ ਨੇ ਆਪਣੇ ਯੁੱਧ ਦੇ ਲਾਭਾਂ ਲਈ ਬਹੁਤ ਖ਼ੂਨ ਵਹਾਇਆ ਹੈ ਅਤੇ ਖਜ਼ਾਨਾ ਖਰਚ ਕੀਤਾ ਹੈ, ਜਿਨ੍ਹਾਂ ਨੂੰ ਇਹ ਨਹੀਂ ਛੱਡੇਗਾ।

ਉੱਪਰ ਦੇ ਮੁਲਾਂਕਣ ਤੋਂ ਲੱਗਦਾ ਹੈ ਕਿ ਸ਼ਾਂਤੀ ਦੀ ਸੰਭਾਵਨਾ ਅਤੇ ਅਸਾਰ ਬਹੁਤ ਘੱਟ ਹਨ, ਅਤੇ ਲੜਾਈ ਸੰਭਵ ਤੌਰ ਉੱਤੇ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਜਾਂ ਤਾਂ ਯੁੱਧ-ਖੇਤਰ ਦਾ ਨਤੀਜਾ ਪੱਕੇ ਤੌਰ ਉੱਤੇ ਤੈਅ ਨਹੀਂ ਹੋ ਜਾਂਦਾ ਜਾਂ ਪੱਛਮੀ ਜਨਤਕ ਰਾਏ ਨਹੀਂ ਬਦਲ ਜਾਂਦੀ। ਇਹ ਜੰਗ ਕਦੇ ਵੀ ਨਹੀਂ ਹੋਣੀ ਚਾਹੀਦੀ ਸੀ। ਅਮਰੀਕਾ ਨੇ ਯੂਕਰੇਨ ਨੂੰ ਉਨ੍ਹਾਂ ਸਥਿਤੀਆਂ ਨੂੰ ਅਪਣਾਉਣ ਲਈ ਹਰੀ ਝੰਡੀ ਦਿੱਤੀ ਜੋ ਲੜਾਈ ਵੱਲ ਲੈ ਕੇ ਜਾਣ ਵਾਲੀਆਂ ਸਨ, ਅਤੇ ਫਿਰ ਉਸ ਨੇ ਸ਼ੁਰੂ ਹੋ ਰਹੀ ਲੜਾਈ ਨੂੰ ਰੋਕਣ ਦੀਆਂ ਸਾਰੀਆਂ ਕੋਸ਼ਿਸ਼ਾਂ ਨੂੰ ਰੋਕ ਦਿੱਤਾ। ਅਮਰੀਕਾ ਹੁਣ ਵੀ ਯੂਕਰੇਨ ਨੂੰ ਤਬਾਹ ਹੋਏ ਹਥਿਆਰਾਂ ਦੀ ਮੁੜ ਸਪਲਾਈ ਕਰਕੇ, ਵਾਧੂ ਉੱਨਤ ਹਥਿਆਰ ਦੇ ਕੇ, ਤਕਨੀਕੀ ਸਹਾਇਤਾ ਅਤੇ ਫੌਜੀ ਖੁਫੀਆ ਜਾਣਕਾਰੀ ਪ੍ਰਦਾਨ ਕਰਕੇ ਲੜਨ ਲਈ ਸਮਰੱਥ ਬਣਾ ਰਿਹਾ ਹੈ।

ਸੰਨ 2014 ਦੇ ਫੈਸਲਾਕੁਨ ਮੇਡਨ ਰਾਜਪਲਟੇ ਨੇ ਲੜਾਈ ਦੇ ਅਮਲ ਨੂੰ ਸ਼ੁਰੂ ਕੀਤਾ। ਮਿੰਸਕ ਸ਼ਾਂਤੀ ਪ੍ਰਕਿਰਿਆ ਨੇ ਇੱਕ ਬਚਾਅ ਦਾ ਰਾਹ ਪੇਸ਼ ਕੀਤਾ ਸੀ, ਪਰ ਹੁਣ ਇਹ ਖੁਲਾਸਾ ਹੋ ਚੁੱਕਾ ਹੈ ਕਿ ਅਮਰੀਕਾ ਅਤੇ ਨੇਟੋ ਨੂੰ ਤਣਾਅ ਘਟਾਉਣ ਦੇ ਇਸ ਅਮਲ ਵਿੱਚ ਕੋਈ ਦਿਲਚਸਪੀ ਨਹੀਂ ਸੀ। ਇਸ ਦੀ ਥਾਂ ਫਰਾਂਸ ਅਤੇ ਜਰਮਨੀ ਨੇ ਪ੍ਰਕਿਰਿਆ ਵਿੱਚ ਰੁਕਾਵਟਾਂ ਪਾਈਆਂ ਤਾਂ ਜੋ ਅਮਰੀਕਾ ਨੂੰ ਯੂਕਰੇਨ ਨੂੰ ਹਥਿਆਰਬੰਦ ਕਰਨ ਲਈ ਸਮਾਂ ਮਿਲ ਜਾਵੇ, ਜਿਸ ਦਾ ਟੀਚਾ ਡੋਨਬਾਸ ਖੇਤਰ ਦੇ ਵੱਖਵਾਦੀਆਂ ਨੂੰ ਹਰਾਉਣਾ ਸੀ। ਨਵੰਬਰ 2021 ਵਿੱਚ ਰੂਸ ਵੱਲੋਂ ਫੌਜ ਅਤੇ ਨੇਟੋ-ਰਹਿਤ ਯੂਕਰੇਨ ਉੱਤੇ ਕੇਂਦਰਿਤ ਯੂਕਰੇਨ ਨਾਲ ਸੰਧੀ ਦੇ ਸਮਝੌਤੇ (ਯੂਕਰੇਨ ਟ੍ਰੀਟੀ ਸੈਟਲਮੈਂਟ) ਦਾ ਪ੍ਰਸਤਾਵ ਸ਼ਾਂਤੀਪੂਰਨ ਹੱਲ ਲਈ ਆਖਰੀ ਮੌਕਾ ਸੀ, ਪਰ ਉਸ ਪ੍ਰਸਤਾਵ ਨੂੰ ਬਾਈਡਨ ਪ੍ਰਸ਼ਾਸਨ ਵੱਲੋਂ ਨਿਰਾਦਰ ਨਾਲ ਰੱਦ ਕਰ ਦਿੱਤਾ ਗਿਆ। ਮਾਰਚ 2022 ਵਿੱਚ ਇਸਤੰਬੋਲ ਵਿੱਚ ਰੂਸ ਅਤੇ ਯੂਕਰੇਨ ਵਿਚਕਾਰ ਸ਼ਾਂਤੀ ਗੱਲਬਾਤ ਦੌਰਾਨ ਯੁੱਧ ਨੂੰ ਤੁਰੰਤ ਖਤਮ ਕਰਨ ਦਾ ਮੌਕਾ ਪੈਦਾ ਹੋਇਆ ਸੀ, ਪਰ ਉਸ ਨੂੰ ਵੀ ਨੇਟੋ ਵੱਲੋਂ ਰੋਕ ਦਿੱਤਾ ਗਿਆ, ਜਿਸ ਵਿੱਚ ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਅਮਰੀਕਾ ਦੇ ਪ੍ਰਤੀਨਿਧ ਸਨ।

ਜੰਗ ਨੇ ਰਵੱਈਏ ਨਹੀਂ ਬਦਲੇ, ਪਰ ਗੱਲਬਾਤ ਦੀਆਂ ਸੰਭਾਵਨਾਵਾਂ ਘੱਟ ਅਤੇ ਵਿਗੜ ਗਈਆਂ ਹਨ। 2014 ਦੇ ਮੇਡਨ ਰਾਜਪਲਟੇ ਤੋਂ ਪਹਿਲਾਂ, ਇੱਕ ਮੋਡਸ ਵਿਵੈਂਡੀ (ਸਹਿ-ਹੋਂਦ) ਸੰਭਵ ਸੀ, ਜਿਸ ਵਿੱਚ ਯੂਕਰੇਨ ਆਪਣੀਆਂ 1922 ਵਾਲੀਆਂ ਸਰਹੱਦਾਂ ਬਰਕਰਾਰ ਰੱਖਦਾ ਅਤੇ 2010 ਦੀ ਖਾਰਕਿਵ ਦੀ ਸੰਧੀ ਅਨੁਸਾਰ ਰੂਸ ਕੋਲ ਸੇਵਾਸਤੋਪੋਲ ਨੇਵਲ ਬੇਸ ਦੀ ਲੀਜ਼ ਰਹਿੰਦੀ। 2014 ਦੇ ਰਾਜਪਲਟੇ ਨੇ ਉਸ ਨੂੰ ਪੱਕੇ ਤੌਰ ਉੱਤੇ ਟੇਬਲ ਤੋਂ ਲਾਂਭੇ ਕਰ ਦਿੱਤਾ। ਰੂਸ ਨੇ ਕ੍ਰੀਮੀਆ ਵਾਪਸ ਲੈ ਲਿਆ ਜੋ ਖਰੁਸ਼ਚੇਵ ਨੇ 1954 ਵਿੱਚ ਯੂਕਰੇਨ ਨੂੰ ਤੋਹਫ਼ੇ ਵਜੋਂ ਦਿੱਤਾ ਸੀ। 1922 ਵਿੱਚ ਯੂਕਰੇਨ ਵਿੱਚ ਸ਼ਾਮਲ ਕੀਤੇ ਗਏ ਡੋਨਬਾਸ ਦੇ ਪ੍ਰਾਂਤਾਂ ਨੂੰ ਰੂਸ ਵਲੋਂ ਜਿੱਤ ਲਏ ਜਾਣ ਨਾਲ 2022 ਦੀ ਜੰਗ ਨੇ ਸਥਿਤੀ ਨੂੰ ਹੋਰ ਬਦਲ ਦਿੱਤਾ ਹੈ।


2014 ਤੋਂ ਪਹਿਲਾਂ, ਯੂਕਰੇਨ ਅਸਾਨੀ ਨਾਲ ਰੂਸ ਨਾਲ ਇੱਕ ਸਮਝੌਤਾ ਕਰ ਸਕਦਾ ਸੀ। ਹੁਣ, ਅੰਦਰੂਨੀ ਅਤੇ ਬਾਹਰੀ ਕਾਰਨਾਂ ਕਰਕੇ ਉਹ ਸੰਭਾਵਨਾ ਕਾਫ਼ੀ ਹੱਦ ਤੱਕ ਖਤਮ ਹੋ ਗਈ ਹੈ। ਅੰਦਰੂਨੀ ਤੌਰ ਉੱਤੇ, ਯੂਕਰੇਨ ਦੇ ਅੱਤਵਾਦੀ ਕੌਮਵਾਦੀਆਂ (ਨੈਸ਼ਨਲਿਸਟਾਂ) ਨੇ ਰਾਜਨੀਤਿਕ ਅਤੇ ਫੌਜੀ ਤੌਰ 'ਤੇ ਪੂਰਨ ਕੰਟਰੋਲ ਹਾਸਲ ਕਰ ਲਿਆ ਹੈ, ਇਸ ਲਈ ਘਰੇਲੂ ਪੱਧਰ 'ਤੇ ਯੁੱਧ ਦੇ ਖਿਲਾਫ ਰਾਜਨੀਤਿਕ ਵਿਰੋਧ ਅਸੰਭਵ ਹੋ ਗਿਆ ਹੈ। ਉਹ ਅੱਤਵਾਦੀ ਆਖਰੀ ਯੂਕਰੇਨੀ ਤੱਕ ਲੜਨ ਲਈ ਤਿਆਰ ਹਨ। ਬਾਹਰੀ ਤੌਰ ਉੱਤੇ, ਯੂਕਰੇਨ ਦੇ ਕੌਮਵਾਦੀ (ਨੈਸ਼ਨਲਿਸਟ) ਅਮਰੀਕਾ ਦੇ ਅਹਿਸਾਨਾਂ ਹੇਠ ਦੱਬੇ ਹੋਏ ਹਨ, ਕਿਉਂਕਿ ਉਨ੍ਹਾਂ ਦੀ ਫੌਜੀ ਅਤੇ ਰਾਜਨੀਤਿਕ ਸਥਿਤੀ ਅਮਰੀਕਾ ਵਲੋਂ ਮਿਲ ਰਹੇ ਲਗਾਤਾਰ ਸਮਰਥਨ ਦੇ ਬਿਨਾਂ ਢਹਿ ਢੇਰੀ ਹੋ ਜਾਵੇਗੀ। ਉਹ ਨਿਰਭਰਤਾ ਅਮਰੀਕਾ ਨੂੰ ਪ੍ਰਭਾਵ ਪਾਉਣ ਲਈ ਵੱਡੀ ਤਾਕਤ ਦਿੰਦੀ ਹੈ, ਅਤੇ ਅਮਰੀਕਾ ਚਾਹੁੰਦਾ ਹੈ ਕਿ ਜੰਗ ਜਾਰੀ ਰਹੇ, ਕਿਉਂਕਿ ਇਸ ਨੂੰ ਇਸ ਦਾ ਬਹੁਤ ਘੱਟ ਖਰਚਾ ਪੈਂਦਾ ਹੈ ਅਤੇ ਇਹ ਰੂਸ ਦੇ ਕੀਤੇ ਜਾ ਰਹੇ ਨੁਕਸਾਨ ਵਿੱਚ ਲਾਭ ਵੇਖਦਾ ਹੈ।

ਅਸਲ ਵਿੱਚ, ਯੂਕਰੇਨ ਦੇ ਕੌਮਵਾਦੀਆਂ (ਨੈਸ਼ਨਲਿਸਟਾਂ) ਨੇ ਯੂਕਰੇਨ ਨੂੰ ਅਮਰੀਕਾ ਦੇ ਵਿਸ਼ਵ ਸਰਦਾਰੀ ਦੇ ਪ੍ਰੋਜੈਕਟ ਵਿੱਚ ਇੱਕ "ਬਲੀ ਦਾ ਬੱਕਰਾ" ਬਣਾ ਦਿੱਤਾ ਹੈ। ਇਹ ਭੂਮਿਕਾ ਹੁਣ ਸਾਧਾਰਨ ਯੂਕਰੇਨੀਆਂ ਨੂੰ ਰੂਸ ਵਿਰੁੱਧ ਉਸ ਨੂੰ ਹੰਭਾ ਦੇਣ ਦੀ ਜੰਗ (ਵਾਰ ਆਫ ਅਟ੍ਰਿਸ਼ਨ) ਲੜਨ ਲਈ ਮਜਬੂਰ ਕਰ ਰਹੀ ਹੈ, ਜਿਸ ਉੱਤੇ ਉਨ੍ਹਾਂ ਦਾ ਕੋਈ ਕੰਟਰੋਲ ਨਹੀਂ। ਜੰਗ ਉਦੋਂ ਹੀ ਖਤਮ ਹੋਵੇਗੀ ਜਦੋਂ ਰੂਸ ਯੁੱਧ ਖੇਤਰ ਵਿੱਚ ਜਿੱਤ ਜਾਵੇਗਾ, ਜਾਂ ਜੰਗ ਨਿਊਕਲੀਅਰ ਹੋ ਜਾਵੇਗੀ, ਜਾਂ ਅਮਰੀਕਾ ਦੇ ਨੀਤੀ ਘਾੜੇ ਜੰਗ ਦੇ ਲਾਭਾਂ ਬਾਰੇ ਮੁੜ ਵਿਚਾਰ ਕਰਨਗੇ। ਬਦਕਿਸਮਤੀ ਨਾਲ, ਨਿਉਕਨਜ਼ਰਵੇਟਿਵਾਂ ਨੂੰ ਵਿਚਾਰਧਾਰਕ ਤੌਰ ਉੱਤੇ ਸਮਝੌਤਾ ਕਰਨ ਜਾਂ ਪਿੱਛੇ ਹਟਣ ਵਿੱਚ ਮੁਸ਼ਕਿਲ ਆਉਂਦੀ ਹੈ, ਕਿਉਂਕਿ ਇਹ ਅਮਰੀਕਾ ਦੀ ਸਰਦਾਰੀ ਦਾ ਅਸਿੱਧਾ ਸਮਰਪਣ ਮੰਨਿਆ ਜਾਵੇਗਾ। ਨਤੀਜੇ ਵਜੋਂ, ਜੇ ਨਿਉਕਨਜ਼ਰਵੇਟਿਵ ਪੁਜੀਸ਼ਨ ਕਾਇਮ ਰਹਿੰਦੀ ਹੈ, ਤਾਂ ਇਹ ਅਮਰੀਕਾ ਨੂੰ ਲੜਾਈ ਜਾਰੀ ਰੱਖਣ ਲਈ ਬੰਨ੍ਹ ਦੇਵੇਗੀ। ਇਸ ਦਾ ਮਤਲਬ ਹੈ ਕਿ ਜੰਗ ਨੂੰ ਖਤਮ ਕਰਨ ਲਈ ਪੱਛਮੀ ਜਨਤਕ ਰਾਏ ਨੂੰ ਬਦਲਣਾ ਜ਼ਰੂਰੀ ਹੈ ਤਾਂ ਜੋ ਅਮਰੀਕਾ ਨੂੰ ਰੂਸ ਨਾਲ ਸਮਝੌਤਾ ਕਰਨ ਲਈ ਮਜਬੂਰ ਕੀਤਾ ਜਾ ਸਕੇ।

ਇਸ ਲੇਖ ਵਿੱਚ, ਮੈਂ ਯੂਕਰੇਨ ਦੀ ਜੰਗ ਦੇ ਡੂੰਘੇ ਕਾਰਨਾਂ ਨੂੰ ਘੋਖਿਆ ਹੈ ਅਤੇ ਦਲੀਲ ਦਿੱਤੀ ਹੈ ਕਿ ਜੰਗ ਦੇ ਅੰਦਰੂਨੀ ਅਤੇ ਬਾਹਰੀ ਦੋਵੇਂ ਕਾਰਨ ਹਨ। ਅੰਦਰੂਨੀ ਕਾਰਨਾਂ ਦੀਆਂ ਜੜ੍ਹਾਂ ਸੋਵੀਅਤ ਯੂਨੀਅਨ ਦੇ ਟੁੱਟਣ ਦੇ ਤਰੀਕੇ ਨਾਲ ਜੁੜੀਆਂ ਹੋਈਆਂ ਹਨ। ਬਾਹਰੀ ਕਾਰਨ ਇਸ ਗੱਲ ਨਾਲ ਸੰਬੰਧਿਤ ਹਨ ਕਿ ਸਯੁੰਕਤ ਰਾਜ ਅਮਰੀਕਾ ਨੇ ਵਿਸ਼ਵ ਪੱਧਰ ਉੱਤੇ ਆਪਣੀ ਸਰਦਾਰੀ ਕਾਇਮ ਕਰਨ ਦੇ ਨਿਉਕਨਜ਼ਰਵੇਟਿਵ ਅਜੰਡੇ ਨੂੰ ਅੱਗੇ ਵਧਾਉਣ ਲਈ ਉੱਤਰ ਸੋਵੀਅਤ ਵਿਵਸਥਾ ਵਿੱਚ ਪੈਦਾ ਹੋਈਆਂ ਦਰਾਂੜਾਂ ਦਾ ਫਾਇਦਾ ਕਿਸ ਤਰ੍ਹਾਂ ਉਠਾਇਆ।

ਇਸ ਜੰਗ ਨੇ ਯੂਕਰੇਨ ਨੂੰ ਤਬਾਹ ਕਰ ਦਿੱਤਾ ਹੈ। ਇਸ ਨੇ ਯੂਕਰੇਨ ਦੀ ਆਰਥਿਕ ਬੁਨਿਆਦ ਨੂੰ ਢਾਹ ਲਾਈ ਹੈ, ਵੱਡੇ ਪੱਧਰ ਤੇ ਆਬਾਦੀ ਦੇ ਪਲਾਇਣ ਨੂੰ ਸ਼ੁਰੂ ਕੀਤਾ ਹੈ, ਹਜ਼ਾਰਾਂ ਮੌਤਾਂ ਦਾ ਕਾਰਨ ਬਣੀ ਹੈ ਅਤੇ ਰਾਜਨੀਤਿਕ ਅਤੇ ਫੌਜੀ ਸੱਤਾ 'ਤੇ ਫਾਸ਼ੀਵਾਦੀ ਕੌਮਵਾਦੀਆਂ (ਫਾਸ਼ਿਸਟ ਨੈਸ਼ਨਲਿਸਟਾਂ) ਦੀ ਪਕੜ ਨੂੰ ਮਜ਼ਬੂਤ ਕੀਤਾ ਹੈ। ਸੰਯੁਕਤ ਰਾਜ ਅਮਰੀਕਾ ਦੀ ਮਦਦ ਨਾਲ ਯੂਕਰੇਨੀ ਕੌਮਵਾਦੀਆਂ (ਨੈਸ਼ਨਲਿਸਟਾਂ) ਨੇ ਯੂਕਰੇਨ ਦੀ ਰਾਜਨੀਤੀ ਤੇ ਕਬਜ਼ਾ ਕਰ ਲਿਆ ਹੈ ਅਤੇ ਉੱਤਰ-ਸੋਵੀਅਤ ਯੂਕਰੇਨ ਦੀ ਰਾਜਨੀਤਿਕ ਅਤੇ ਵਸੋਂ ਨਾਲ ਸਬੰਧਿਤ ਗੁੰਝਲਦਾਰ ਹਕੀਕਤ ਨਾਲ ਸਮਝੌਤਾ ਕਰਨ ਤੋਂ ਇਨਕਾਰ ਕੀਤਾ ਹੈ। ਇਸ ਤਰ੍ਹਾਂ ਕਰਦਿਆਂ, ਉਨ੍ਹਾਂ ਨੇ ਅਮਰੀਕਾ ਦੇ ਵਿਸ਼ਵ ਸਰਦਾਰੀ ਕਾਇਮ ਕਰਨ ਵਾਲੇ ਪ੍ਰੋਜੈਕਟ ਵਿੱਚ ਯੂਕਰੇਨ ਨੂੰ ਇੱਕ ਬਲੀ ਦਾ ਬੱਕਰਾ ਬਣਾ ਦਿੱਤਾ ਹੈ, ਜਿਸ ਦੇ ਵੱਡੇ ਤਬਾਹਕਾਰੀ ਨਤੀਜੇ ਨਿਕਲੇ ਹਨ ਜੋ ਹਾਲੇ ਹੋਰ ਬਦਤਰ ਹੋ ਸਕਦੇ ਹਨ। ਯੂਰਪ ਨੇ ਵੀ ਆਪਣੇ ਲਈ ਵੱਡੀ ਕੀਮਤ 'ਤੇ ਇਸ ਮੂਰਖਤਾ ਨੂੰ ਸਮਰਥਨ ਦਿੱਤਾ ਹੈ।

ਇਸ ਲੇਖ ਵਿੱਚ ਵਰਤੀ ਜਾਣਕਾਰੀ ਦੇ ਸ੍ਰੋਤਾਂ ਬਾਰੇ ਜਾਣਨ ਲਈ ਅਨੁਵਾਦਕ ਨਾਲ sukhwanthundal123@gmail.com 'ਤੇ ਸੰਪਰਕ ਕੀਤਾ ਜਾ ਸਕਦਾ ਹੈ।




# ਹੱਲਾਸ਼ੇਰੀ

ਪ੍ਰਿੰ. ਹਰੀ ਕ੍ਰਿਸ਼ਨ ਮਾਇਰ, ਸੰਪਰਕ: 97706-67686

ਰੂੜੀ ਉੱਤੇ ਮੁਰਗੇ ਨੇ ਬਾਂਗ ਦਿੱਤੀ ਤਾਂ ਮਾਵਾਂ ਆਪਣੇ ਬੱਚਿਆਂ ਨੂੰ ਜਗਾਉਣ ਲੱਗ ਪਈਆਂ ਸਨ। ਮੁਰਗੀ ਦੇ ਪਿੱਛੇ ਤੁਰੇ ਚੂਚੇ ਵੀ ਰੂੜੀ 'ਤੇ ਠੂੰਗੇ ਮਾਰ ਰਹੇ ਸਨ। "ਆਹ ਦੇਖ ਮੁਰਗੀ ਦੇ ਚੂਚੇ ਵੀ ਜਾਗ ਪਏ, ਤੂੰ ਲੰਮੀਆਂ ਤਾਣੀ ਪਿਆਂ।" ਜੀਤੇ ਦੀ ਮਾਂ ਬੋਲੀ। ਜੀਤਾ ਰਜਾਈ ਦਾ ਪੱਲਾ ਦੱਬਦਿਆਂ ਬੋਲਿਆ, "ਇਨ੍ਹਾਂ ਨੇ ਕਿਹੜਾ ਸਕੂਲੇ ਜਾਣਾ।" ਮਾਂ ਜੀਤੇ ਦੇ ਮੂੰਹ ਵੱਲ ਵੇਖਦੀ ਰਹੀ। ਮੂੰਹ ਵਿਚ ਬੁੜਬੁੜਾਈ,"ਅੱਜ ਦੇ ਜੁਆਕ ਕਿਹੜਾ ਸਿੱਧੇ ਨੇ, ਮੂੰਹੋਂ ਗੱਲ ਕੱਢੋ ਤਾਂ ਸਹੀ, ਜਵਾਬ ਪਹਿਲਾਂ ਘੜੀ ਬੈਠੇ ਹੁੰਦੇ ਨੇ।" ਮਾਂ ਨੇ ਗੁੱਸੇ 'ਚ ਰਜਾਈ ਪਰ੍ਹਾਂ ਵਗਾਹ ਮਾਰੀ। ਅੱਖਾਂ ਮਲਦਾ ਜੀਤਾ ਉੱਠ ਕੇ ਬਾਥਰੂਮ ਵੱਲ ਚਲਾ ਗਿਆ। ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰੇ। ਕਮਰੇ 'ਚੋਂ ਆਪਣਾ ਬੈਗ ਚੁੱਕ ਕੇ ਬਾਹਰ ਲੈ ਆਇਆ। ਲੱਗਾ ਫਰੋਲਾ ਫਰਾਲੀ ਕਰਨ। ਬੋਲਿਆ,"ਮਾਂ ਮੇਰੀ ਅੰਗਰੇਜ਼ੀ ਦੀ ਕਾਪੀ ਕਿੱਥੇ ਆ?" "ਤੈਨੂੰ ਪਤਾ ਹੋਣਾ।" ਮਾਂ ਬੋਲੀ। "ਲੱਭਦੀ ਨਹੀਂ ਬੈਗ 'ਚੋਂ।" "ਕਿਸੇ ਨੇ ਤੈਥੋਂ ਲੈ ਲਈ ਹੋਣੀ ਆ।" "ਨਹੀਂ ਕਿਸੇ ਨੇ ਨਹੀਂ ਲਈ।" "ਫੇਰ ਕਿੱਥੇ ਚਲੀ ਗਈ?" "ਕਿਤੇ ਗੀਤੂ ਕੋਲ ਨਾ ਹੋਵੇ। ਉਸ ਨੇ ਹੋਮ ਵਰਕ ਦੀਆਂ ਕਾਪੀਆਂ ਕੱਠੀਆਂ ਕੀਤੀਆਂ ਸਨ।" "ਮੈਂ ਫੋਨ ਕਰਕੇ ਹੁਣੇ ਪੁੱਛ ਲੈਨੀ ਆਂ।" ਮਾਂ ਨੇ ਗੀਤੂ ਦੇ ਘਰ ਫੋਨ ਮਿਲਾ ਲਿਆ। ਗੀਤੂ ਦੀ ਮਾਂ ਬੋਲੀ, "ਹਾਂ ਕੌਣ?" "ਜੀਤੇ ਦੀ ਮੰਮੀ।" "ਸੁਣਾ ਭੈਣੇ ਕਿਵੇਂ ਚੇਤੇ ਕੀਤਾ?" "ਗੀਤੂ ਕਿੱਥੇ ਆ?" "ਮੇਰੇ ਕੋਲ ਹੀ ਬੈਠਾ।"

"ਕਰਾਇਓ ਜ਼ਰਾ ਉਸ ਨਾਲ ਗੱਲ।" ਗੀਤੂ ਦੀ ਮਾਂ ਨੇ ਫੋਨ ਗੀਤੂ ਨੂੰ ਫੜਾ ਦਿੱਤਾ। "ਚਾਚੀ, ਸਤਿ ਸ੍ਰੀ ਅਕਾਲ।" ਗੀਤੂ ਬੋਲਿਆ। "ਜੁੱਗ ਜੁੱਗ ਜੀ ਪੁੱਤਰ, ਦੇਖੀਂ ਜੀਤੇ ਦੀ ਅੰਗਰੇਜ਼ੀ ਦੀ ਕਾਪੀ ਤੇਰੇ ਬੈਗ 'ਚ ਤਾਂ ਨਹੀਂ ਆ ਗਈ?"

"ਦੇਖਦਾਂ ਚਾਚੀ।" "ਉਹ ਤਾਂ ਢੇਰੀ ਢਾਹੀ ਬੈਠਾ, ਆਂਹਦਾ ਮੈਂ ਨੀਂ ਸਕੂਲ ਜਾਣਾ ਅੱਜ।" ਗੀਤੂ ਆਪਣਾ ਬੈਗ ਫਰੋਲਦਾ ਹੈ। ਜੀਤੇ ਦੀ ਕਾਪੀ ਉਸ ਦੇ ਬੈਗ 'ਚੋਂ ਨਿਕਲ ਆਉਂਦੀ ਹੈ। ਗੀਤੂ ਫੋਨ 'ਤੇ ਬੋਲਿਆ,"ਹਾਂ, ਮੇਰੇ ਹੀ ਬੈਗ ਵਿਚ ਆ ਗਈ ਸੀ, ਮੈਂ ਹੋਮ-ਵਰਕ ਚੈੱਕ ਹੋਣ ਤੋਂ ਬਾਅਦ ਕਾਪੀਆਂ ਵੰਡੀਆਂ ਸਨ।"

"ਤੂੰ ਤਾਂ ਮੇਰੇ ਮਨ ਤੋਂ ਬੋਝ ਲਾਹ ਦਿੱਤਾ ਪੁੱਤ, ਪਰ ਜੀਤੇ ਨੇ ਤਾਂ ਅੱਜ ਹੋਮ-ਵਰਕ ਨਹੀਂ ਕੀਤਾ।" ਜੀਤੇ ਦੀ ਮਾਂ ਬੋਲੀ। "ਥੋੜ੍ਹੀ ਦੇਰ ਪਹਿਲਾਂ ਜਾ ਕੇ, ਮੇਰੀ ਕਾਪੀ ਤੋਂ ਉਤਾਰ ਲਵੇ।" ਗੀਤੂ ਨੇ ਸਲਾਹ ਦਿੱਤੀ। "ਥੋਡਾ ਅੰਗਰੇਜ਼ੀ ਵਾਲਾ ਮਾਸਟਰ ਬੜਾ ਕੱਬਾ ਸੁਣੀਂਦਾ। ਕੁੱਟਦਾ ਤਾਂ ਲੱਤ ਬਾਂਹ ਨਹੀਂ ਦੇਖਦਾ। ਅੱਜ ਕੱਲ੍ਹ ਜੁਆਕਾਂ 'ਚ ਜਾਨ ਕਿਹੜੀ ਹੁੰਦੀ ਆ। ਮਾਵਾਂ ਬਿਸਕੁਟ ਹੱਥ ਫੜਾ ਕੇ ਸਕੂਲ ਤੋਰ ਦਿੰਦੀਆਂ ਨੇ।" ਜੀਤੇ ਦੀ ਮਾਂ ਬੋਲੀ। ਗੀਤੂ ਉੱਚੀ ਉੱਚੀ ਹੱਸਣ ਲੱਗਾ। ਬੋਲਿਆ,"ਚਾਚੀ ਕੁੱਟ ਤਾਂ ਜੀਤੇ ਦੇ ਵੀ ਪਈ ਆ ਕਈ ਵਾਰੀ।" "ਤੇਰੇ ਨਹੀਂ ਪਈ, ਕਦੀ?" ਜੀਤੇ ਦੀ ਮਾਂ ਨੇ ਪੁੱਛਿਆ। "ਮੈਂ ਕਿਹੜਾ ਉਸ ਦਾ ਨੇੜਿਓਂ ਆਂ, ਮੈਨੂੰ ਵੀ ਬੜ੍ਹਕਾ ਦਿੰਦਾ।" "ਤੂੰ ਆਪਣੀ ਮਾਂ ਨੂੰ ਨਹੀਂ ਦੱਸਿਆ ਕਦੇ?" "ਨਹੀਂ।" "ਕਿਉਂ?" "ਉਹ ਤਾਂ ਥਾਣੇਦਾਰਨੀ ਬਣ ਕੇ ਮਾਸਟਰ ਮੂਹਰੇ ਜਾ ਕੇ ਖਲੋ ਜਾਵੇਗੀ। ਆਖੂ ਮੇਰੇ ਗੀਤੂ ਨੂੰ ਹੱਥ ਲਾਉਣ ਵਾਲਾ ਤੂੰ ਹੁੰਦਾ ਕੌਣ ਏਂ?" "ਤੁਸੀਂ ਠੀਕ ਤਰ੍ਹਾਂ ਪੜ੍ਹਦੇ ਨਹੀਂ, ਜਿਹੜਾ ਥੋਨੂੰ ਸਜ਼ਾ ਮਿਲਦੀ ਹੈ?" "ਬਥੇਰਾ ਪੜ੍ਹਦੇ ਆਂ।" "ਥੋਨੂੰ ਨਹੀਂ ਜੀਤੇ ਨੇ ਦੱਸਿਆ?" "ਬਥੇਰੀ ਵਾਰ।" "ਤੁਸੀਂ ਸਕੂਲ ਕਿਉਂ ਨਹੀਂ ਗਏ?" "ਮੈਂ ਕਿਹਾ ਐਂਵੇਂ ਪਿੱਛੇ ਪੈਜੂ ਮਾਸਟਰ।" "ਥੋਨੂੰ ਗੁੱਸਾ ਨਹੀਂ ਆਉਂਦਾ।" "ਮਾਸਟਰ ਜੇ ਸਖ਼ਤੀ ਨਾ ਕਰਨ ਤਾਂ ਤੁਸੀਂ ਪੜ੍ਹੋਗੇ ਕਿਵੇਂ?" "ਇਹ ਤਾਂ ਤੁਹਾਡੀ ਗੱਲ ਠੀਕ ਹੈ, ਚਾਚੀ।" "ਡਰ ਬਿਨਾਂ ਕਿੱਥੇ ਭਗਤੀ ਹੁੰਦੀ ਹੈ?"



"ਮੈਂ ਤਾਂ ਗੱਲਾਂ ਵਿਚ ਰੁੱਝ ਗਈ, ਮੈਂ ਹੁਣ ਫੋਨ ਰੱਖਦੀ ਹਾਂ।" ਜੀਤੇ ਦੀ ਮਾਂ ਨੇ ਫੋਨ ਬੰਦ ਕਰ ਦਿੱਤਾ। ਕਾਪੀ ਲੱਭ ਜਾਣ 'ਤੇ ਜੀਤਾ ਖ਼ੁਸ਼ ਸੀ। ਸਭ ਤੋਂ ਵੱਧ ਖ਼ੁਸ਼ੀ ਉਸ ਨੂੰ ਗੀਤੂ ਦੀ ਕਾਪੀ ਤੋਂ ਹੋਮ ਵਰਕ ਉਤਾਰਨ ਦੀ ਸੀ। ਉਹ ਵੀਹ ਮਿੰਟਾਂ ਵਿਚ ਤਿਆਰ ਹੋ ਕੇ ਸਕੂਲ ਨੂੰ ਚੱਲ ਪਿਆ। ਸਕੂਲ ਪਹੁੰਚਿਆ ਤਾਂ ਗੀਤੂ ਪਹਿਲਾਂ ਹੀ ਉੱਥੇ ਖੜ੍ਹਾ ਉਸ ਦੀ ਉਡੀਕ ਕਰ ਰਿਹਾ ਸੀ। ਜੀਤੇ ਨੂੰ ਕਾਪੀ ਫੜਾਉਂਦਿਆਂ ਗੀਤੂ ਨੇ ਕਿਹਾ,"ਅੱਜ ਪ੍ਰੇਅਰ 'ਚ ਨਾ ਜਾਈਂ, ਕੋਈ ਬਹਾਨਾ ਮਾਰ ਕੇ ਕਲਾਸ 'ਚ ਬੈਠਾ ਰਹੀਂ ਤੇ ਹੋਮ ਵਰਕ ਉਤਾਰ ਲਵੀਂ।" ਫਿਰ ਪ੍ਰੇਅਰ ਹੋਣ ਲੱਗੀ। ਕਮਰਾ ਲਾਗੇ ਹੋਣ ਕਰਕੇ ਇੱਥੇ ਸਭ ਕੁਝ ਸੁਣਾਈ ਦਿੰਦਾ ਸੀ। ਪਹਿਲਾਂ ਕੌਮੀ ਗੀਤ ਗਾਇਆ ਗਿਆ। ਫੇਰ ਮੁੱਖ ਅਧਿਆਪਕ ਨੇ ਲੈਕਚਰ ਦੇਣਾ ਸ਼ੁਰੂ ਕੀਤਾ: "ਮੇਰੇ ਸਕੂਲ ਦੇ ਪਿਆਰੇ ਬੱਚਿਓ! ਇਕ ਅਧਿਆਪਕ ਤੇ ਦੂਜਾ ਮਾਪੇ ਦੋ ਹੀ ਸੱਚੇ ਸਾਥੀ ਹੁੰਦੇ ਨੇ ਬੱਚੇ ਦੇ। ਦੋਵੇਂ ਰਲ ਕੇ ਉਸ ਦੀ ਸ਼ਖ਼ਸੀਅਤ ਉਸਾਰਦੇ ਹਨ। ਇਨ੍ਹਾਂ ਦੋਹਾਂ ਕੋਲੋਂ ਬੱਚੇ ਨੂੰ ਕੁਝ ਲਕੋਣਾ ਨਹੀਂ ਚਾਹੀਦਾ। ਕੋਈ ਦੁੱਖ ਜਾਂ ਪ੍ਰੇਸ਼ਾਨੀ ਹੈ, ਸਾਫ਼ ਦੱਸ ਦਿਓ। ਇਹ ਆਪੇ ਉਸ ਪਰੇਸ਼ਾਨੀ ਦਾ ਹੱਲ ਲੱਭਣਗੇ। ਸੱਚ ਬੋਲੋਗੇ ਤਾਂ ਮੇਰੇ ਸਕੂਲ ਦਾ ਕੋਈ ਵੀ ਅਧਿਆਪਕ ਤੁਹਾਨੂੰ ਸਜ਼ਾ ਨਹੀਂ ਦੇਵੇਗਾ। ਸੱਚਾਈ ਤੁਹਾਨੂੰ ਮੰਜਲਿ ਦਾ ਰਾਹ ਦਿਖਾਵੇਗੀ।" ਜੀਤੇ ਨੇ ਹੁਣ ਅੱਧਾ ਹੋਮ ਵਰਕ ਤਾਂ ਕਾਪੀ 'ਤੇ ਉਤਾਰ ਲਿਆ ਸੀ। ਹੁਣ ਉਸ ਦਾ ਹੱਥ ਵਿਚਾਲੇ ਹੀ ਰੁਕ ਗਿਆ ਸੀ। ਮੁੱਖ ਅਧਿਆਪਕ ਦੇ ਕਹੇ ਬੋਲ ਉਸ ਦੇ ਦਿਮਾਗ਼ 'ਚ ਗੂੰਜਣ ਲੱਗੇ, "ਪ੍ਰੇਸ਼ਾਨੀ ਹੈ ਤਾਂ ਸੱਚ ਆਖ ਦਿਓ। ਥੋਡੀ ਗ਼ਲਤੀ ਨਹੀਂ ਤਾਂ ਅਧਿਆਪਕ ਤੁਹਾਨੂੰ ਸਜ਼ਾ ਨਹੀਂ ਦੇਵੇਗਾ।" ਉਸ ਦੇ ਮਨ 'ਚੋਂ ਆਵਾਜ਼ ਆਈ,"ਜਦੋਂ ਮੇਰੀ ਕਾਪੀ ਹੀ ਗੀਤੂ ਕੋਲ ਸੀ, ਤਾਂ ਹੀ ਤਾਂ ਮੈਂ ਸਕੂਲ ਦਾ ਕੰਮ ਨਹੀਂ ਸੀ ਕਰ ਸਕਿਆ।" "ਤੂੰ ਡਰ ਨਾ ਜੀਤੇ, ਕੁਝ ਨਹੀਂ ਹੁੰਦਾ।" ਉਸ ਦੇ ਅੰਦਰੋਂ ਆਵਾਜ਼ ਆਈ। ਉਸ ਨੇ ਕਾਪੀ ਬੰਦ ਕਰਕੇ ਬੈਗ ਵਿਚ ਪਾ ਲਈ। ਉਸ ਦੇ ਮਨ ਅੰਦਰੋਂ ਕੁਝ ਵਿਰੋਧੀ ਆਵਾਜ਼ਾਂ ਵੀ ਉੱਭਰੀਆਂ:

"ਫੇਰ ਤੂੰ ਬਿਮਾਰੀ ਦਾ ਬਹਾਨਾ ਲਗਾ ਕੇ, ਕਲਾਸ ਰੂਮ 'ਚ ਕਿਉਂ ਬੈਠਾ? ਜੇ ਅਧਿਆਪਕ ਨੇ ਤੇਰਾ ਅੱਧਾ ਕੀਤਾ ਕੰਮ ਦੇਖ ਲਿਆ। ਤੂੰ ਗੀਤੂ ਦੀ ਗੱਲ ਮੰਨ ਕੇ ਉਸ ਦੀ ਕਾਪੀ ਤੋਂ ਹੋਮ ਵਰਕ ਕਿਉਂ ਉਤਾਰਨ ਲੱਗ ਪਿਆ।" ਉਸ ਦੇ ਮਨ ਅੰਦਰ ਦੋ ਵਿਰੋਧੀ ਆਵਾਜ਼ਾਂ ਵਿਚਕਾਰ ਜੰਗ ਛਿੜ ਗਈ ਸੀ। ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਉਹ ਕਿਹੜਾ ਰਾਹ ਚੁਣੇ? ਪਤਾ ਨਹੀਂ ਉਸ ਦੇ ਮਨ ਵਿਚ ਕੀ ਆਈ ਕਿ ਉਹ ਉੱਠ ਕੇ ਕਲਾਸ ਰੂਮ ਤੋਂ ਬਾਹਰ ਆ ਗਿਆ। ਚਪੜਾਸੀ ਕੋਲ ਆ ਕੇ ਬੋਲਿਆ,"ਅੰਕਲ ਮੈਂ ਮੰਮੀ ਨਾਲ ਫੋਨ 'ਤੇ ਗੱਲ ਕਰਨੀ ਆ।" "ਆਜਾ ਕਰਾ ਦਿੰਨੇ ਆ ਸ਼ੇਰਾ।" ਚਪੜਾਸੀ ਉਸ ਨੂੰ ਨਾਲ ਲੈ ਕੇ ਦਫ਼ਤਰ ਵਿਚ ਆ ਗਿਆ। ਉਸ ਨੇ ਫੋਨ ਮਿਲਾ ਕੇ ਜੀਤੇ ਨੂੰ ਫੜਾ ਦਿੱਤਾ। ਜੀਤਾ ਬੋਲਿਆ,"ਮੰਮੀ ਕੀ ਮੈਂ ਸਰ ਨੂੰ ਸੱਚੋ ਸੱਚ ਦੱਸ ਦਿਆਂ ਕਿ ਮੇਰੀ ਕਾਪੀ ਤਾਂ ਗੀਤੂ ਕੋਲ ਸੀ। ਉਹ ਮੈਨੂੰ ਮਾਰਨਗੇ ਤਾਂ ਨਹੀਂ?" "ਨਹੀਂ ਮਾਰਨਗੇ। ਸੱਚ ਨੂੰ ਆਂਚ ਨਹੀਂ ਆਉਂਦੀ।" ਮੰਮੀ ਬੋਲੀ। "ਚੰਗਾ ਮੰਮੀ।" "ਹਾਂ ਪੁੱਤ, ਡਰੀਂ ਨਾ, ਮੈਂ ਤੇਰੇ ਲਈ ਪਾਠ ਕਰਾਂਗੀ।" ਮੰਮੀ ਨਾਲ ਫੋਨ 'ਤੇ ਗੱਲ ਕਰਕੇ ਜੀਤਾ ਦ੍ਰਿੜ ਇਰਾਦੇ ਅਤੇ ਊਰਜਾ ਨਾਲ ਭਰ ਗਿਆ ਸੀ। ਉਸ ਨੂੰ ਸੱਚ ਬੋਲਣ ਲਈ ਇਕ ਹੱਲਾਸ਼ੇਰੀ ਮਿਲ ਗਈ ਸੀ। ਉਹ ਆਪਣੀ ਕਲਾਸ ਵਿਚ ਜਾ ਬੈਠਾ। ਪ੍ਰੇਅਰ ਖ਼ਤਮ ਹੋ ਚੁੱਕੀ ਸੀ। ਕਲਾਸਾਂ ਲਾਈਨਾਂ ਬਣਾ ਕੇ ਆਪੇ ਆਪਣੇ ਕਮਰਿਆਂ ਵੱਲ ਜਾ ਰਹੀਆਂ ਸਨ।

# ਹੰਕਾਰ

ਲਿਖਤ : ਗੀਤਾਂਜਲੀ, ਫੋਨ 6283964386

ਜੇ ਅਸੀ ਹੰਕਾਰ ਕਰਦੇ ਹਾਂ ਤਾਂ ਅੰਤ ਵਿੱਚ ਸਾਡਾ ਹੰਕਾਰ ਹਮੇਸ਼ਾ ਹੀ ਟੁੱਟਦਾ ਹੈ। ਇੱਕ ਅਜਿਹੀ ਹੀ ਕਹਾਣੀ ਮੇਰੀ ਜ਼ਿੰਦਗੀ ਦੀ ਸੱਚੀ ਘਟਨਾ ਹੈ। ਮੈਂ ਜਦੋਂ ਪੰਜਵੀ ਜਮਾਤ ਵਿੱਚ ਪੜਚਦੀ ਸੀ ਤਾਂ ਮੇਰੇ ਅਧਿਆਪਕ ਸਾਨੂੰ ਕਹਿੰਦੇ ਕਿ ਨਵੋਦਿਆ ਵਿਦਿਆਲਾ ਦੀ ਭਰਤੀ ਲਈ ਕੰਪੀਟੀਸ਼ਨ ਪੇਪਰ ਹੋਣਾ ਹੈ, ਇਸ ਵਿੱਚੋਂ ਜਿਹੜਾ ਬੱਚਾ ਪਾਸ ਹੋ ਗਿਆ, ਉਸਨੂੰ ਨਵੋਦਿਆ ਵਿਦਿਆਲਾ ਵਿੱਚ ਦਾਖਲਾ ਮਿਲ ਜਾਏਗਾ, ਰਹਿਣਾ ਖਾਣਾ ਸਭ ਮੁਫ਼ਤ ਹੈ, ਉਹ ਹੋਸਟਲ ਵਿੱਚ ਰਹੇਗਾ। ਮੈਨੂੰ ਇਹ ਸੁਣਕੇ ਬਹੁਤ ਖੁਸ਼ੀ ਹੋਈ ਤੇ ਮੈਂ ਸੁਪਨੇ ਬੁਣਨ ਲੱਗੀ, ਉਸ ਸਮੇਂ ਮੇਰੇ ਅੰਦਰ ਬਹੁਤ ਹੰਕਾਰ ਸੀ ਕਿਉਂਕਿ ਮੈਂ ਹਰ ਵਾਰ ਜਮਾਤ ਚੋਂ ਪਹਿਲੇ ਸਥਾਨ ਤੇ ਹੀ ਆਉਂਦੀ ਸੀ। ਮੈਨੂੰ ਲੱਗਾ ਕਿ ਨਵੋਦਿਆ ਦਾ ਦਾਖਲਾ ਪੇਪਰ ਮੇਰੇ ਲਈ ਕਿੰਨੀ ਕੁ ਵੱਡੀ ਗੱਲ ਹੈ, ਇਸ ਵਿੱਚੋਂ ਤਾਂ ਜੇ ਮੈਂ ਨਾ ਵੀ ਪੜਾਂ ਤਾਂ ਵੀ ਪਾਸ ਹੋ ਜਾਣਾ ਹੈ, ਮੈਂ ਇੰਨੀ ਹੁਸਿਆਰ ਜੋ ਹਾਂ, ਮੇਰੇ ਅਧਿਆਪਕਾਂ ਨੇ ਮੈਨੂੰ ਬਹੁਤ ਸਮਝਾਇਆ ਕਿ "ਬੇਟਾ ਤੂੰ ਪੜ ਲੈ ! ਨਵੋਦਿਆ ਦੇ ਪੇਪਰ ਚੋਂ ਪਾਸ ਹੋ ਜਾਵੇਂਗੀ। ਤੇਰੀ ਜੰਿਦਗੀ ਬਣ ਜਾਵੇਗੀ।" ਪਰ ਮੈਂ ਬਹੁਤੀ ਪਰਵਾਹ ਨਹੀਂ ਕੀਤੀ,ਮੈਂ ਤਾਂ ਬਸ ਉਸ ਦਿਨ ਦਾ ਇੰਤਜ਼ਾਰ ਕਰਨ ਲੱਗੀ ਜਿਸ ਦਿਨ ਨਵੋਦਿਆ ਦੀ ਦਾਖਲਾ ਪ੍ਰੀਖਿਆ ਹੋਣੀ ਸੀ । ਆਖ਼ਰ 6 ਅਪਰੈਲ 2019 ਨੂੰ ਸਾਡਾ ਇਹ ਪੇਪਰ ਹੋ ਗਿਆ, ਮੈਂ ਆਪਣੀ ਸਮਝ ਅਨੁਸਾਰ ਪੇਪਰ ਬਹੁਤ ਵਧੀਆ ਕੀਤਾ, ਪਰ ਜਦੋਂ ਨਤੀਜਾ ਆਇਆ ਤਾਂ ਮੇਰੇ ਚਿਹਰੇ 'ਤੇ ਗ਼ਮੀ ਛਾ ਗਈ ਕਿਉਂਕਿ ਇਸ ਪ੍ਰੀਖਿਆ ਵਿੱਚੋਂ ਪਾਸ ਮੈਂ ਨਹੀਂ, ਮੇਰੀ ਜਮਾਤ ਦੀ ਲੜਕੀ ਜੋਤੀ ਹੋ ਗਈ , ਮੈਂ ਪੂਰਾ ਇੱਕ ਮਹੀਨਾ ਰੋਂਦੀ ਰਹੀ, ਪਛਤਾਉਂਦੀ ਰਹੀ, ਪਰ ਹੁਣ ਕੀ ਹੋ ਸਕਦਾ ਸੀ, ਕੁਝ ਵੀ ਨਹੀਂ ਜਦੋਂ ਹੱਥ ਵਿੱਚੋਂ ਸੁਨਿਹਰੀ ਵਕਤ ਹੀ ਨਿਕਲ ਚੁੱਕਾ ਸੀ। ਫਿਰ ਇੱਕ ਵਾਰ ਫ਼ੇਰ ਮੇਰੇ ਚਾਵਾਂ ਨੂੰ ਖੰਭ ਜਿਹੇ ਉੱਘੜ ਪਏ ਜਦੋਂ ਮੇਰੇ ਮੇਰੇ ਅਧਿਆਪਕ ਨੇ ਮੈਨੂੰ ਆ ਕੇ ਪੁੱਛਿਆ, "ਗੀਤਾਂਜਲੀ ਕੀ ਤੇਰੇ ਘਰ ਕੋਈ ਚਿੱਠੀ ਵੀ ਆਈ ਹੈ ਨਵੋਦਿਆ ਸੰਗਠਨ ਵੱਲੋ ? ਮੈਂ ਖਿਆਲਾਂ ਦੀਆਂ ਉੱਚੀਆਂ ਉਡਾਰੀਆਂ ਲਗਾਉਂਦੀ ਚਾਈਂ-ਚਾਈਂ ਘਰ ਪੁੱਜੀ, ਪਰੰਤੂ ਘਰ ਜਾ ਕੇ ਦੇਖਿਆ ਕਿ ਕੋਈ ਚਿੱਠੀ ਨਹੀਂ ਆਈ, ਕਈ ਦਿਨ ਉਡੀਕ ਕੀਤੀ, ਹੁਣ ਤਾਂ ਨਵੋਦਿਆ ਵਿਦਿਆਲਾ ਦੀਆਂ ਤਾਂ ਕਲਾਸਾਂ ਵੀ ਲੱਗਣੀਆਂ ਸ਼ੁਰੂ ਹੋ ਗਈਆਂ, ਪਰ ਮੇਰੀ ਚਿੱਠੀ ਨਹੀਂ ਆਈ, ਆਉਂਦੀ ਵੀ ਕਿਵੇਂ, ਪਾਸ ਅੰਕ ਹੀ ਨਹੀਂ ਆਏ। ਮੇਰੀ ਜੰਿਦਗੀ ਦਾ ਨਕਸ਼ਾ ਮੇਰੇ ਹੰਕਾਰ ਕਾਰਨ ਬਿਲਕੁਲ ਹੀ ਬਦਲ ਗਿਆ। ਮੈਨੂੰ ਤਾਂ ਜੰਿਦਗੀ ਵਿੱਚ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਪਰ ਮੈਂ ਬਾਕੀ ਸਾਰੇ ਬੱਚਿਆਂ ਨੂੰ ਇਹ ਸਲਾਹ ਹੀ ਦਿਆਂਗੀ ਕਿ 'ਹੰਕਾਰ' ਬਿਲਕੁਲ ਨਾ ਕਰਿਓ, ਨਹੀਂ ਤਾਂ ਬਾਅਦ ਵਿੱਚ ਪਛਤਾਉਣ ਦਾ ਕੋਈ ਫ਼ਾਇਦਾ ਨਹੀਂ, ਕਿਸਮਤ ਕਦੇ-ਕਦਾਈਂ ਹੀ ਦਰਵਾਜ਼ੇ 'ਤੇ ਦਸਤਕ ਦਿੰਦੀ ਹੈ, ਸੁਨਿਹਰੀ ਮੌਕਾ ਨਾ ਕਦੇ ਖੁੰਝਣ ਦਿਓ।


## ਕੀ ਤੁਸੀਂ ਹੇਠਾਂ ਦਿੱਤੀ ਸ਼ਬਦ ਪਹੇਲੀ ਨੂੰ ਹੱਲ ਕਰ ਸਕਦੇ ਹੋ?

| | | | | | | | | | |
|---|---|---|---|---|---|---|---|---|---|
| P | R | O | N | N | O | I | T | C | E |
| A | N | U | O | I | N | T | E | R | J |
| D | V | E | R | B | D | E | T | E | R |
| E | A | P | R | E | P | O | S | I | M |
| L | D | P | E | E | N | O | I | T | I |
| C | J | A | C | P | B | C | R | E | N |
| I | E | R | H | S | R | O | N | O | N |
| T | C | T | O | F | E | N | J | U | O |
| R | T | I | V | E | V | L | U | N | I |
| A | N | U | M | E | R | A | N | C | T |

Find all the words from the word list (ignore spaces and dashes, if any):

ADJECTIVE
ADVERB
ARTICLE
CONJUNCTION
DETERMINER
INTERJECTION
NOUN
NUMERAL
PART OF SPEECH
PREPOSITION
PRONOUN
VERB

## ਬਿੰਦੂ ਮਿਲਾਓ




## ਰਸਤਾ ਲੱਭੋ



## ਪਹੇਲੀ ਹੱਲ ਕਰੋ

ਕੀ ਤੁਸੀਂ ਦੱਸ ਸਕਦੇ ਹੋ ਕਿ ਹੇਠਾਂ ਦਿੱਤੀ ਪਹੇਲੀ ਵਿਚੋਂ ਹਰੇਕ ਵੱਖ ਵੱਖ ਚੀਜ਼ਾਂ ਦਾ ਭਾਰ ਦੱਸ ਸਕਦੇ ਹੋ?



# ਪੰਜਾਬੀ ਕਿਉਂ ਤੇ ਕਿਵੇਂ ਹਾਸ਼ੀਏ 'ਤੇ ਧੱਕੀ?

ਡਾ ਜੋਗਾ ਸਿੰਘ

ਆਓ, ਬੋਲੀ (ਭਾਸ਼ਾ) ਦੀਆਂ ਦੋ ਵੰਨਗੀਆਂ ਨਾਲ ਪੰਜਾਬੀ ਤੇ ਮਾਂ ਬੋਲੀਆਂ ਪ੍ਰਤੀ ਭਾਰਤੀ ਰਾਜ ਦੀ ਬੋਲੀ ਨੀਤੀ ਦੇ ਸੱਚ ਨੂੰ ਜਾਣੀਏ। ਪਹਿਲੀ ਵੰਨਗੀ- 'ਰਾਤ ਦੀ ਬੁੱਕਲੀ ਚ ਸੁੱਤੀ ਦੀ ਕੰਞਕਾ ਦੀ ਅੱਖ ਖੁੱਲ੍ਹੀ। ਕੱਛ-ਕੋਲ ਅਸ਼ਕੇਂ ਕੂਤੇ ਅਤਰੈ ਦੀ ਸ਼ੀਸ਼ੀ ਡੁੱਲ੍ਹੀ। ਕੰਞਕਾ ਨੇ ਮਾਊ ਗੀ ਪੁੱਛਿਆ...' ਇਹ ਡੋਗਰੀ ਕਵਿਤਾ ਏ। ਦੂਜੀ ਵੰਨਗੀ- 'ਅਜ ਹਮਾਰਿ ਯਾ ਪ੍ਰਾਚੀਨ ਅਰ ਸਮਿਰਥ ਭਾਸ਼ਾ ਹਰਚਣਿ ਚ ਕਿਲੈਕਿ ਹਮ ਅਪੜੀ ਭਾਸ਼ਾ ਪ੍ਰਯੋਗ ਨਿ ਕਰਣਾ ਛਾਂ। ਹਮਾਰਿ ਨੈ ਛਿਵਂਕ ਈਂ ਭਾਸ਼ਾਯੈਂ ਛਵਡਨ ਲਗੀਂ ਚ।' ਇਹ ਗੜ੍ਹਵਾਲੀ ਬੋਲੀ ਦੇ ਵਾਕ ਨੇ।

ਜਿਸ ਬੰਦੇ ਕੋਲ ਬੋਲੀ ਦੇ ਮਾਮਲਿਆਂ ਬਾਰੇ ਮਾੜੀ-ਮੋਟੀ ਜਿਹੀ ਵੀ ਜਾਣਕਾਰੀ ਹੋਵੇ ਤੇ ਉਸ ਦੇ ਦਿਲ ਵਿੱਚ ਰੱਤੀ ਭਰ ਵੀ ਨੇਕਨੀਤੀ ਹੋਵੇ ਉਹ ਪਹਿਲੀ ਵੰਨਗੀ ਨੂੰ ਪੰਜਾਬੀ ਦੀ ਬੋਲੜੀ (ਉਪਬੋਲੀ) ਮੰਨੇਗਾ ਤੇ ਦੂਜੀ ਨੂੰ ਹਿੰਦੀ ਦੀ ਬੋਲੜੀ ਬਿਲਕੁਲ ਨਹੀਂ ਮੰਨੇਗਾ। ਭਾਰਤ ਜਾਂ ਭਾਰਤ ਤੋਂ ਬਾਹਰ ਦਾ ਕੋਈ ਵੀ ਬੋਲੀ ਮਾਹਿਰ ਡੋਗਰੀ ਨੂੰ ਪੰਜਾਬੀ ਤੋਂ ਵੱਖਰੀ ਮੰਨਦਾ ਵੀ ਨਹੀਂ ਤੇ ਨਾ ਹੀ ਗੜ੍ਹਵਾਲੀ ਨੂੰ ਹਿੰਦੀ ਦੀ ਬੋਲੜੀ ਮੰਨਦਾ ਏ। ਪਰ ਭਾਰਤ ਸਰਕਾਰ ਨੇ ਡੋਗਰੀ ਨੂੰ ਨਿਵੇਕਲੀ ਬੋਲੀ ਤੇ ਗੜ੍ਹਵਾਲੀ ਨੂੰ ਹਿੰਦੀ ਦੀ ਬੋਲੜੀ ਐਲਾਨਿਆ ਹੋਇਆ ਏ। ਇਹ ਭਾਰਤੀ ਰਾਜ ਦੀ ਪੰਜਾਬੀ ਤੇ ਹਿੰਦੀ ਪ੍ਰਤੀ ਨੀਤੀ ਤੇ ਨੀਤ ਦੀ ਢੁੱਕਵੀਂ ਮਿਸਾਲ ਏ।


ਦੇਸ਼ ਵਿੱਚ ਬੋਲੀਆਂ ਦੀ ਗਿਣਤੀ ਬਾਰੇ ਭਾਰਤ ਸਰਕਾਰ ਦੇ ਅੰਕੜੇ ਭਾਰਤੀ ਰਾਜ ਦੇ ਬੋਲੀ ਬਾਰੇ ਸੱਚ ਨੂੰ ਹੋਰ ਵੀ ਉਘਾੜਦੇ ਨੇ। ਭਾਰਤ ਦੀ ਪਹਿਲੀ (1961) ਜਨਗਣਨਾ ਮੁਤਾਬਕ ਭਾਰਤ ਵਿੱਚ 1652 ਮਾਂ ਬੋਲੀਆਂ ਸਨ। ਇਹ ਸਚਾਈ ਦੇ ਵਾਹਵਾ ਨੇੜੇ ਵੇ, ਪਰ ਇਹ ਬੋਲੀਆਂ 1991 ਵਿੱਚ 114 ਹੋ ਗਈਆਂ ਤੇ ਹੁਣ (2011 ਦੀ ਗਿਣਤੀ) 124 ਨੇ। ਜੁੜਦਾ ਲੋੜੀਂਦਾ ਅੰਕੜਾ ਇਹ ਵੇ ਕਿ ਬੋਲੀ ਦੇ ਭਾਰਤੀ ਤੇ ਭਾਰਤ ਤੋਂ ਬਾਹਰਲੇ ਪੇਸ਼ੇਵਰ ਮਾਹਿਰ ਭਾਰਤ ਵਿੱਚ 1000 ਤੋਂ ਵੱਧ ਬੋਲੀਆਂ ਮੰਨਦੇ ਨੇ। ਯੂਨੈਸਕੋ ਦਾ ਅੰਕੜਾ 1369 ਏ।

ਇਹ ਉਤਲੀਆਂ ਮਿਸਾਲਾਂ ਭਾਰਤੀ ਰਾਜ ਦੇ ਬੋਲੀਆਂ ਦੇ ਮਾਮਲੇ ਬਾਰੇ ਭੰਬਲਭੂਸੇ ਤੇ ਹਿੰਦੀ ਨੂੰ ਛੱਡ ਕੇ ਪੰਜਾਬੀ ਤੇ ਹੋਰ ਬੋਲੀਆਂ ਪ੍ਰਤੀ ਇਸ ਦੀ ਮੰਦੀ ਨੀਤੀ ਦੀਆਂ ਮੂੰਹ ਬੋਲਦੀਆਂ ਮੂਰਤਾਂ ਨੇ। ਪੰਜਾਬੀ ਦੀ ਗਿਣਤੀ ਘਟਾਉਣ ਤੇ ਪੰਜਾਬੀ ਖਿੱਤੇ ਨੂੰ ਪੰਜਾਬ ਤੋਂ ਬਾਹਰ ਰੱਖਣ ਦਾ ਭਾਰਤੀ ਸੱਤਾ ਨੇ ਛਲੀਆ ਢੰਗ ਇਹ ਵਰਤਿਆ ਕਿ ਡੋਗਰੀ ਨੂੰ ਨਿਵੇਕਲੀ ਬੋਲੀ ਤੇ ਹਿਮਾਚਲ ਵਿਚਲੀਆਂ ਪੰਜਾਬੀ ਦੀਆਂ ਬੋਲੜੀਆਂ ਨੂੰ ਹਿੰਦੀ ਦੀਆਂ ਬੋਲੜੀਆਂ ਐਲਾਨ ਦਿਓ। ਭਾਰੂ ਪੰਜਾਬੀ ਵਰਗ ਵੀ ਇਸ ਛਲ ਦਾ ਹਿੱਸਾ ਬਣਿਆ।

ਭਾਰਤੀ ਸੱਤਾ ਨੇ ਹਿੰਦੀ ਦੀ ਗਿਣਤੀ ਵਧਾ ਕੇ ਇਸ ਨੂੰ ਭਾਰਤ ਦੀ ਵੱਡੀ ਬੋਲੀ ਵਿਖਾਉਣ ਤੇ ਦੂਜੀਆਂ ਮਾਂ ਬੋਲੀਆਂ ਨੂੰ ਮਾਰਨ ਦਾ ਬੜਾ ਸੌਖਾ ਢੰਗ ਇਹ ਕੱਢ ਲਿਆ ਕਿ ਗੜ੍ਹਵਾਲੀ ਵਾਂਗ ਨਿਵੇਕਲੀਆਂ ਬੋਲੀਆਂ ਨੂੰ ਹਿੰਦੀ ਦੀਆਂ ਬੋਲੜੀਆਂ ਐਲਾਨ ਦਿਓ। ਇਹ ਘਾਣ ਅਖੌਤੀ ਹਿੰਦੀ ਪੱਟੀ ਵਿੱਚ ਕੀਤਾ ਗਿਆ ਏ। ਇੱਥੋਂ ਦੀਆਂ ਹਿੰਦੀ ਤੋਂ ਵੀ ਪੁਰਾਣੀਆਂ ਬੋਲੀਆਂ ਨੂੰ ਵੀ ਹਿੰਦੀ ਦੀਆਂ ਬੋਲੜੀਆਂ ਆਖ ਤੇ ਲਿਖ ਦਿੱਤਾ ਗਿਆ ਏ। ਪੰਜਾਬ ਦੇ ਗੁਆਂਢ ਦੀ ਬੋਲੀ ਰਾਜਸਥਾਨੀ ਇਸ ਦੀ ਉੱਘੜਵੀਂ ਮਿਸਾਲ ਏ। ਕੋਈ ਅਸਚਰਜ ਨਹੀਂ ਕਿ ਭਾਰਤ ਦਾ ਇਹ ਅਖੌਤੀ ਹਿੰਦੀ ਖਿੱਤਾ ਹਰ ਤਰ੍ਹਾਂ ਦੀ ਸਮਾਜੀ ਦਲਦਲ ਵਿੱਚ ਵਧੇਰੇ ਫਸਿਆ ਹੋਇਆ ਏ।

## ਬਸਤੀਵਾਦੀ ਭਾਰਤੀ ਵਿਹਾਰ ਅਤੇ ਪੜ੍ਹਾਈ ਦਾ ਸੰਕਟ

ਬੋਲੀ ਵਿੱਦਿਆ, ਗਿਆਨ, ਜਾਣਕਾਰੀ, ਸੱਤਾ ਤੇ ਲਾਭ ਵਾਲੀਆਂ ਥਾਵਾਂ ਤੇ ਸਰੋਤਾਂ ਤੱਕ ਪਹੁੰਚ ਦਾ ਸਾਧਨ ਈ ਨਹੀਂ, ਇਹ ਕਿਸੇ ਧਿਰ ਨੂੰ ਇਸ ਸਾਰੇ ਕਾਸੇ ਤੋਂ ਬਾਹਰ ਰੱਖਣ ਦਾ ਸੰਦ ਵੀ ਏ। ਇਹਦਾ ਢੰਗ ਇਹ ਵੇ ਕਿ ਇਨ੍ਹਾਂ ਸਾਰੀਆਂ ਵਸਤਾਂ ਤੱਕ ਚੰਗੇਰੀ ਪਹੁੰਚ ਉਸ ਬੋਲੀ ਰਾਹੀਂ ਕਰ ਦਿਓ ਜਿਹੜੀ ਲੋਕਾਂ ਦੀ ਬੋਲੀ ਹੀ ਨਹੀਂ। ਭਾਰਤੀ ਸਰਕਾਰਾਂ ਤੇ ਭਾਰਤੀ ਭਾਰੂ ਵਰਗ ਪੰਜਾਬੀ ਤੇ ਹੋਰਨਾਂ ਮਾਂ ਬੋਲੀਆਂ ਨੂੰ ਪ੍ਰਭਾਵੀ ਪੜ੍ਹਾਈ, ਪ੍ਰਸ਼ਾਸਨ ਤੇ ਸਭ ਵਕਾਰੀ ਥਾਵਾਂ ਆਦਿ 'ਚੋਂ ਬਾਹਰ ਰੱਖ ਕੇ ਇਹ ਕੰਮ ਬੜੀ ਸਫਲਤਾ ਨਾਲ ਕਰਦੇ ਪਏ ਨੇ ਤੇ ਨਾਲ ਇਹ ਪਖੰਡ ਵੀ ਕੀਤਾ ਜਾਂਦਾ ਏ ਕਿ ਲੋਕ ਅੰਗਰੇਜ਼ੀ ਮਾਧਿਅਮ ਚਾਹੁੰਦੇ ਨੇ ਤੇ ਮਾਂ ਬੋਲੀਆਂ 'ਚ ਸਮੱਗਰੀ ਆਦਿ ਨਹੀਂ ਮਿਲਦੀ। ਜਿਵੇਂ ਲੋਕਾਂ ਨੇ ਮਾਂ ਬੋਲੀਆਂ ਬਾਹਰ ਕੱਢਣ ਦੇ ਸਰਕਾਰ ਨੂੰ ਮਤੇ ਘੱਲੇ ਹੋਣ ਜਾਂ ਆਮ ਲੋਕਾਂ ਨੇ ਬੋਲੀਆਂ ਦੀ ਵੱਖ-ਵੱਖ ਖੇਤਰਾਂ ਵਿੱਚ ਵਰਤੋਂ




ਤੋਂ ਬਿਨਾਂ ਹੀ ਕਿਸੇ ਜਾਦੂ-ਟੂਣੇ ਨਾਲ ਸਮੱਗਰੀ ਪੈਦਾ ਕਰਨੀ ਹੋਵੇ।

ਕੌਮਾਂ ਤੋਂ ਉਨ੍ਹਾਂ ਦੀ ਬੋਲੀ ਖੋਹ ਕੇ ਤੇ ਓਪਰੀ ਬੋਲੀ ਰਾਹੀਂ ਪੜ੍ਹਾਈ, ਗਿਆਨ, ਵਿਰਸਾ, ਇਤਿਹਾਸ, ਸੱਭਿਆਚਾਰ, ਸੱਤਾ ਤੇ ਲਾਭ ਵਾਲੀਆਂ ਥਾਵਾਂ ਆਦਿ ਦੇਣਾ ਕੌਮਾਂ ਨੂੰ ਮਾਰਨ ਦਾ ਸਿੱਕੇਬੰਦ ਬਸਤੀਵਾਦੀ ਢੰਗ ਰਿਹਾ ਏ। ਇਸ ਪੱਖੋਂ ਪੰਜਾਬੀ ਤੇ ਭਾਰਤੀ ਬੋਲੀਆਂ ਦੀ ਹਾਲਤ 'ਤੇ ਝਾਤੀ ਮਾਰੀਏ ਤਾਂ ਇਸ ਸਿੱਟੇ 'ਤੇ ਈ ਅੱਪੜੀਦਾ ਏ ਕਿ ਪੰਜਾਬੀ ਸਣੇ ਭਾਰਤ ਦੀਆਂ ਸਾਰੀਆਂ ਮਾਂ ਬੋਲੀਆਂ ਅੱਜ ਵੀ ਬੋਲੀ ਪੱਖੋਂ ਬਸਤੀਵਾਦੀ ਸੱਤਾ ਅਧੀਨ ਨੇ। ਜੇ ਹਿੰਦੀ ਖਿੱਤੇ ਵਿੱਚ ਹਿੰਦੀ ਦੇ ਅੰਗਰੇਜ਼ੀ ਹੱਥੋਂ ਹੁੰਦੇ ਘਾਣ ਨੂੰ ਵੇਖੀਏ ਤਾਂ ਇਹ ਗੱਲ ਹਿੰਦੀ ਬਾਰੇ ਵੀ ਸੱਚ ਆਖੀ ਜਾ ਸਕਦੀ ਏ। ਉਂਜ ਭਾਵੇਂ ਭਾਰਤ ਦੀਆਂ ਅੱਜ ਤੱਕ ਦੀਆਂ ਸਾਰੀਆਂ ਸਰਕਾਰਾਂ ਹਰ ਭਾਰਤੀ ਨੂੰ ਪੁੱਠੇ-ਸਿੱਧੇ ਹੀਲੇ ਹਿੰਦੀ ਸਿਖਾਉਣ 'ਤੇ ਲੱਗੀਆਂ ਰਹੀਆਂ ਨੇ।

ਅਜੋਕੇ ਵੇਲੇ ਬੋਲੀ ਦਾ ਸਭ ਤੋਂ ਸੰਗੀਨ ਖੇਤਰ ਪੜ੍ਹਾਈ ਦਾ ਖੇਤਰ ਏ। ਬੱਸ ਇਸ ਲਈ ਨਹੀਂ ਕਿ ਪੜ੍ਹਾਈ ਸਫਲਤਾ ਨਾਲ ਮਾਂ ਬੋਲੀ 'ਚ ਈ ਹੋ ਸਕਦੀ ਏ, ਬਲਕਿ ਇਸ ਕਰਕੇ ਵੀ ਕਿ ਅਜੋਕੇ ਵੇਲੇ ਉਹੀ ਬੋਲੀ ਬਚੀ ਰਹਿ ਸਕਦੀ ਏ ਜਿਹੜੀ ਪੜ੍ਹਾਈ ਦਾ ਮਾਧਿਅਮ ਹੋਵੇ। ਹਰੇਕ ਬਾਲ ਪਾਠਸ਼ਾਲਾ ਜਾਂਦਾ ਏ ਤੇ ਦੇਰ-ਸਵੇਰ ਪਾਠਸ਼ਾਲਾ ਦੀ ਬੋਲੀ ਹੀ ਉਹਦੀ ਪਹਿਲੀ ਬੋਲੀ ਬਣ ਜਾਂਦੀ ਏ ਤੇ ਜਦੋਂ ਚਾਰੇ ਪਾਸੇ ਮਾਂ ਬੋਲੀ ਰਾਹੀਂ ਕੁਝ ਵੀ ਹੱਥ ਨਾ ਆਉਂਦਾ ਹੋਵੇ, ਉਦੋਂ ਤਾਂ ਪੱਕਾ ਈ ਬਣ ਜਾਂਦੀ ਏ। ਜੇ ਇਸ ਪੱਖੋਂ ਪੰਜਾਬੀ 'ਤੇ ਝਾਤੀ ਮਾਰੀਏ ਤਾਂ ਹਾਲਤ ਅੱਗ ਲੱਗੀ ਵਾਲੀ ਏ। ਪਾਠਸ਼ਾਲਾ ਪੱਧਰ 'ਤੇ ਪੰਜਾਬ ਦੇ ਕੋਈ ਅੱਧੇ ਪਾੜ੍ਹੇ ਪੰਜਾਬੀ ਮਾਧਿਅਮ 'ਚ ਨਹੀਂ ਪੜ੍ਹਦੇ ਤੇ ਉਚੇਰੀ ਪੜ੍ਹਾਈ ਦੇ ਪੱਧਰ 'ਤੇ ਵੀ ਪੰਜਾਬੀ ਮਾਧਿਅਮ ਨਾਂ-ਮਾਤਰ ਏ। ਵਿਗਿਆਨਾਂ ਦੀ ਪੜ੍ਹਾਈ ਲਈ ਤਾਂ ਉੱਕਾ ਈ ਨਹੀਂ।

ਭਾਰਤ ਵਿੱਚ ਵੀ ਮੁਢਲੇ ਪੱਧਰ 'ਤੇ ਬੱਸ ਕੋਈ 30 ਕੁ ਬੋਲੀਆਂ ਵਿੱਚ ਹੀ ਪੜ੍ਹਾਈ ਕਰਾਈ ਜਾਂਦੀ ਏ ਤੇ ਇਹ ਗਿਣਤੀ ਵੀ ਦਿਨੋ-ਦਿਨ ਘਟਦੀ ਜਾਂਦੀ ਪਈ ਏ। ਨਵੀਂ ਪੜ੍ਹਾਈ ਨੀਤੀ 2020 ਵਿੱਚ ਮਾਂ ਬੋਲੀਆਂ ਦਾ ਗੁਣਗਾਣ ਤਾਂ ਬੜਾ ਕੀਤਾ ਗਿਆ ਏ, ਪਰ ਇਸ ਨੇ ਵੀ ਪਹਿਲੀ ਰੀਤ ਨੂੰ ਈ ਹੋਰ ਤਗੜਿਆਂ ਕੀਤਾ ਏ। ਇਸ ਪੜ੍ਹਾਈ ਨੀਤੀ ਦੇ ਆਉਣ ਤੋਂ ਪਿੱਛੋਂ ਅਜੇ ਤੱਕ ਕੋਈ ਮਿਸਾਲ ਨਹੀਂ ਆਈ ਕਿ ਕਿਸੇ ਨਵੀਂ ਬੋਲੀ 'ਚ ਪੜ੍ਹਾਈ ਆਰੰਭੀ ਗਈ ਹੋਵੇ। ਹਾਂ, ਹਜ਼ਾਰਾਂ ਹੋਰ ਪਾਠਸ਼ਾਲੇ ਮਾਂ ਬੋਲੀ ਮਾਧਿਅਮ ਤੋਂ ਅੰਗਰੇਜ਼ੀ ਮਾਧਿਅਮ 'ਚ ਕਰ ਦਿੱਤੇ ਗਏ ਨੇ। ਇਨ੍ਹਾਂ 'ਚ ਅਸਲ ਹਿੰਦੀ ਖੇਤਰ ਉੱਤਰ ਪ੍ਰਦੇਸ਼ ਦੇ ਹਿੰਦੀ ਮਾਧਿਅਮ ਵਾਲੇ ਪਾਠਸ਼ਾਲੇ ਵੀ ਬਥੇਰੇ ਨੇ। ਜਦਕਿ ਪੜ੍ਹਾਈ ਦੀ ਸਫਲਤਾ ਦੇ ਮਾਂ ਬੋਲੀ ਨਾਲ ਡੂੰਘੇ ਨਾਤੇ ਬਾਰੇ ਭੂ-ਮੰਡਲੀ ਮਾਹਿਰ ਰਾਇ ਤੇ ਸਫਲ ਵਿਹਾਰ ਬਾਰੇ ਸਾਰੀ ਜਾਣਕਾਰੀ ਲਗਭਗ ਹਰ ਭਾਰਤੀ ਦੇ ਬੋਝੇ ਵਾਲੇ ਜੰਤਰ ਵਿੱਚ ਪਈ ਏ।

ਕੋਈ ਅਸਚਰਜ ਨਹੀਂ ਕਿ ਭਾਰਤ ਦੇ ਪਾਠਸ਼ਾਲੇ ਤਾਂ ਕੀ ਜਗਤਵਿਦਿਆਲਾ ਵੀ ਇੱਕ ਹੀ ਜੱਗ ਦੇ ਪਹਿਲੇ 400 'ਚ ਆਉਂਦਾ ਏ ਉਹ ਵੀ 250-300 ਦੇ ਵਿਚਕਾਰ। ਨੀਦਰਲੈਂਡ ਦੇ ਇੱਕ ਜਗਤਵਿਦਿਆਲੇ ਦੇ ਸੱਜਰੇ ਮੁਲੰਕਣ ਮੁਤਾਬਕ ਤਾਂ ਭਾਰਤ ਦਾ ਪਹਿਲੇ 500 'ਚ ਵੀ ਕੋਈ ਨਹੀਂ ਆਉਂਦਾ। ਚੀਨੀ 'ਚ ਪੜ੍ਹਾਉਣ ਵਾਲੇ ਚੀਨ ਦੇ 101 (ਕੋਤਰ ਸੌ) ਪਹਿਲੇ 500 'ਚ ਨੇ। ਪਹਿਲੇ 10 'ਚੋਂ 7 ਵੀ ਚੀਨ ਦੇ ਨੇ। ਦੋ ਨੇ ਤਾਂ ਹਾਰਵਰਡ ਨੂੰ ਵੀ ਪਿੱਛੇ ਛੱਡ ਦਿੱਤਾ ਏ ਤੇ ਜੱਗ ਦੇ ਪਹਿਲੇ ਦੋ ਇਹ ਚੀਨੀ ਈ ਨੇ।

ਪ੍ਰਸ਼ਾਸਨ, ਨਿਆਂ ਪ੍ਰਣਾਲੀ, ਉਦਯੋਗੀ ਤੇ ਕਾਰੋਬਾਰੀ ਅਮਲ ਅਤੇ ਨੌਕਰੀਆਂ ਲਈ ਪਰਖਾਂ ਆਦਿ ਵਿੱਚ ਵੀ ਸੰਵਿਧਾਨ ਦੀ ਅੱਠਵੀਂ ਸੂਚੀ ਦਾ ਹਿੱਸਾ 22 ਭਾਰਤੀ ਬੋਲੀਆਂ ਦੀ ਹੀ ਅੱਧ-ਪਚੱਧੀ ਜਿਹੀ ਵਰਤੋਂ ਹੁੰਦੀ ਪਈ ਏ। ਉਹ ਵੀ ਬੜੇ ਲੋਕ-ਦਬਾਵਾਂ ਕਰਕੇ। ਬਾਕੀ ਕੋਈ ਹਜ਼ਾਰ ਤੋਂ ਵੱਧ ਨੂੰ ਇਨ੍ਹਾਂ ਖੇਤਰਾਂ ਦੇ ਨੇੜੇ ਵੀ ਨਹੀਂ ਫਟਕਣ ਦਿੱਤਾ ਜਾਂਦਾ। ਪੰਜਾਬੀ ਬੰਦਾ ਦੇਸ ਲਈ ਜਾਨ ਤੇ ਦੇ ਸਕਦਾ ਏ, ਪਰ ਪੰਜਾਬੀ ਨਾਲ ਉਹ ਫ਼ੌਜ ਦਾ ਅਫ਼ਸਰ ਨਹੀਂ ਬਣ ਸਕਦਾ। ਕੇਂਦਰ ਸਰਕਾਰ ਅਧੀਨ ਪੰਜਾਬ ਵਿਚਲੇ ਦਫ਼ਤਰਾਂ ਤੇ ਪਾਠਸ਼ਾਲਿਆਂ ਵਿੱਚ ਵੀ ਕੰਮ ਤੇ ਪੜ੍ਹਾਈ ਅੰਗਰੇਜ਼ੀ ਤੇ ਹਿੰਦੀ 'ਚ ਹੁੰਦੇ ਨੇ। ਕੰਮ ਤੇ ਹੁੰਦੇ ਈ ਨੇ, ਅਕਸਰ ਹਿੰਦੀ ਜਾਂ ਅੰਗਰੇਜ਼ੀ ਬੋਲ ਕੇ ਪੰਜਾਬ ਵਾਸੀਆਂ ਨੂੰ ਠਿੱਠ ਵੀ ਕੀਤਾ ਜਾਂਦਾ ਏ। ਬੋਲੀ ਨੂੰ ਖ਼ਾਸ ਵਰਗ ਦੀ ਧੌਂਸ ਲਈ ਵਰਤਣ ਦਾ ਇੱਕ ਹੋਰ ਢੰਗ ਇਹ ਵੇ ਕਿ ਬੋਲੀ ਦੇ ਰਸਮੀ ਰੂਪ ਨੂੰ ਆਮ ਲੋਕਾਂ ਦੀ ਬੋਲੀ ਤੋਂ ਚੋਖਾ ਦੂਰ ਕਰ ਦਿਓ ਤੇ ਇਸ ਨਾਲ ਰਲਦਾ ਈ ਇੱਕ ਢੰਗ ਇਹ ਵੇ ਕਿ ਕਿਸੇ ਬੋਲੀ ਵਿੱਚ ਭਾਰੂ ਬੋਲੀ ਦੇ ਏਨੇ ਬੋਲ ਤੇ ਬਣਤਰਾਂ ਵਾੜ ਦਿਓ ਕਿ ਉਹ ਲੋਕ ਬੋਲੀ ਤੋਂ ਦੂਰ ਹੋ ਜਾਵੇ ਤੇ ਨਾਲ ਦੀ ਨਾਲ ਉਹ ਭਾਰੂ ਬੋਲੀ ਦਾ ਅੰਗ ਲੱਗਣ ਲੱਗ ਜਾਵੇ। ਇਹ ਕੰਮ ਭਾਰਤੀ ਸੱਤਾ ਨੇ ਤਕਨੀਕੀ ਸ਼ਬਦਾਵਲੀ ਦੇ ਨਾਂ 'ਤੇ ਸੰਸਕ੍ਰਿਤ ਵਾੜ ਕੇ ਪੰਜਾਬੀ ਤੇ ਭਾਰਤ ਦੀਆਂ ਮਾਂ ਬੋਲੀਆਂ ਨਾਲ ਏਨਾ ਕੀਤਾ ਏ ਕਿ ਹੁਣ ਪੰਜਾਬੀ ਤੇ ਭਾਰਤੀ ਬੋਲੀਆਂ ਦੇ ਰਸਮੀ ਰੂਪ ਉਹ ਅਸਲ ਬੋਲੀਆਂ ਨਹੀਂ, ਕੋਈ ਹੋਰ ਬੋਲੀਆਂ ਈ ਲੱਗਦੇ ਨੇ।

ਬੋਲੀ ਸੰਚਾਰ ਦਾ ਸਾਧਨ ਜਾਂ ਜੀਵਨ ਦਾ ਆਧਾਰ?

ਪੰਜਾਬੀ ਤੇ ਹਿੰਦੀ ਨੂੰ ਛੱਡ ਕੇ ਹੋਰ ਭਾਰਤੀ ਬੋਲੀਆਂ ਦੀ ਵੀ ਦੁਖਦਾਈ ਹਾਲਤ ਦੇ ਕਾਰਨਾਂ ਦੀ ਥਾਹ ਪਾਉਣ ਲਈ ਸੱਤਾ 'ਤੇ ਭਾਰੂ ਵਰਗ ਦੀ ਨੀਤੀ ਤੇ ਨੀਤ ਦੇ ਨਾਲ-ਨਾਲ ਬੋਲੀ ਬਾਰੇ ਭਾਰੂ ਸਮਝ ਨੂੰ ਜਾਣਨਾ ਵੀ ਲੋੜੀਂਦਾ ਏ। ਆਹ ਵਾਕ ਇਸ ਦਾ ਸਾਖੀ ਏ- "ਗੱਲ ਈ ਕਰਨੀ ਏਂ ਭਾਵੇਂ ਕਿਸੇ ਬੋਲੀ ਵਿੱਚ ਕਰ ਲਵੋ।" ਇਹ ਵਾਕ ਪੰਜਾਬੀ ਦੇ ਇੱਕ ਵੱਡੇ ਚਿੰਤਨੀਏ ਨੇ ਕੋਈ ਤਿੰਨ ਦਹਾਕੇ ਪਹਿਲਾਂ ਉਦੋਂ ਬੋਲਿਆ ਸੀ ਜਦੋਂ ਮੈਂ ਪੁੱਛਿਆ ਪਈ ਨਿੱਤ ਵਧੀ ਜਾਂਦੇ ਅੰਗਰੇਜ਼ੀ ਮਾਧਿਅਮ ਬਾਰੇ ਉਨ੍ਹਾਂ ਦੀ ਰਾਇ ਕੀ ਸੀ।

ਇਹ ਗੱਲ ਮੈਨੂੰ ਬੜੀ ਅਨੋਖੀ ਲੱਗੀ। ਬੋਲੀ ਨੂੰ ਬੱਸ ਗੱਲਬਾਤ ਕਰਨ ਦਾ ਸੰਦ ਮਾਤਰ ਸਮਝਣ ਤੋਂ ਹੀ ਬੋਲੀ ਬਾਰੇ ਵੱਡੇ ਨੁਕਸਾਨਦੇਹ ਭਰਮਾਂ ਦਾ ਮੁੱਢ ਬੱਝਣ ਲੱਗਦਾ ਏ। ਸਦੀਆਂ ਤੱਕ ਅਜੋਕੀਆਂ ਭਾਰਤੀ ਮਾਂ ਬੋਲੀਆਂ ਦੇ ਸੱਤਾ, ਲਾਭ ਤੇ ਵੱਕਾਰ ਵਾਲੀਆਂ ਥਾਵਾਂ 'ਚੋਂ ਬਾਹਰ ਰਹਿਣ ਕਰਕੇ ਭਾਰਤ ਵਿੱਚ ਇਹ ਭਰਮ ਏਨੇ ਡੂੰਘੇ ਬੈਠੇ ਹੋਏ ਨੇ ਕਿ ਆਮ ਲੋਕਾਂ ਦੀ ਤਾਂ ਛੱਡੋ ਬਹੁਤੇ ਭਾਰਤੀ ਬੁੱਧੀਜੀਵੀ ਵੀ ਇਹ ਜਾਣਨ ਦੀ ਲੋੜ ਨਹੀਂ ਸਮਝਦੇ ਲੱਗਦੇ ਕਿ ਮਾਹਿਰ ਪੜਤਾਲਾਂ ਕੀ ਦੱਸਦੀਆਂ ਨੇ ਤੇ ਸਫਲ ਜਗਤ ਦਾ ਵਿਹਾਰ ਕੀ ਏ। ਅਜਿਹੀ ਹਾਲਤ ਵਿੱਚ ਬੋਲੀ ਦੀ ਸਚਾਈ ਤੇ ਇਸ ਸਮਝ ਦੀ ਸਚਾਈ ਨੂੰ ਜਾਣਨਾ ਬੜਾ ਲੋੜੀਂਦਾ ਏ।

## ਬੋਲੀ ਸੰਚਾਰ ਦਾ ਸੰਦ

ਸੰਚਾਰ ਦੇ ਸੰਦ ਵਜੋਂ ਬੋਲੀ ਦੇ ਇਹ ਮੂਲ ਕਾਰਜ ਨੇ: ਬਾਹਰੀ ਸੰਸਾਰ ਬਾਰੇ ਜਾਣਕਾਰੀ ਦੇਣਾ; ਬੋਲਣਹਾਰੇ ਦੀਆਂ ਭਾਵਨਾਵਾਂ, ਬਿਰਤੀਆਂ ਤੇ ਮਨ ਦੀਆਂ ਅਵਸਥਾਵਾਂ ਨੂੰ ਪ੍ਰਗਟਾਉਣਾ; ਆਦੇਸ਼ਾਂ, ਬੇਨਤੀਆਂ ਜਾਂ ਤਰਲਿਆਂ ਆਦਿ ਨਾਲ ਦੂਜੇ (ਸਰੋਤਾਂ ਆਦਿ) ਦੇ ਵਿਹਾਰ 'ਤੇ ਪ੍ਰਭਾਵ ਪਾਉਣਾ; ਸਮਾਜੀ ਸਬੰਧ ਬਣਾਉਣਾ, ਕਾਇਮ ਰੱਖਣਾ ਤੇ ਇਨ੍ਹਾਂ ਨੂੰ ਚਲਾਉਣਾ; ਸੁਹਜ ਦੀ ਸਿਰਜਣਾ ਕਰਨਾ ਜਿਵੇਂ ਸਾਹਿਤ ਵਿੱਚ ਅਤੇ ਬੋਲੀ ਰਾਹੀਂ ਬੋਲੀ ਬਾਰੇ ਈ ਗੱਲ ਕਰਨੀ। ਪਰ ਬੋਲੀ ਸੰਚਾਰ ਦਾ ਸੰਦ ਮਾਤਰ ਨਹੀਂ। ਇਹ ਸਮਾਜ ਦਾ ਤਾਣਾ-ਬਾਣਾ ਵੀ ਏ।

ਬੋਲੀ ਚੇਤਨਾ, ਸਮਾਜੀ ਤਾਣੇ-ਬਾਣੇ, ਪਛਾਣ ਤੇ ਸੱਤਾ ਦਾ ਆਧਾਰ

ਸਾਡੇ ਚੇਤੇ ਬੋਲੀ 'ਚ ਹੁੰਦੇ ਨੇ ਤੇ ਚੇਤੇ ਈ ਚੇਤਨਾ ਦੇ ਘਾੜੇ ਹੁੰਦੇ ਨੇ। ਬੋਲੀ ਸਾਡੇ ਅੰਦਰਲੇ ਤੇ ਬਾਹਰਲੇ ਦੁਹਾਂ ਜਗਤਾਂ ਨੂੰ ਮੁਹਾਂਦਰਾ ਦੇਂਦੀ ਏ। ਬੋਲੀ ਕਿਵੇਂ ਸਾਡੀਆਂ ਸੋਚਾਂ ਤੈਅ ਕਰਦੀ ਏ ਇਸ ਨੂੰ ਸਮਝਣ ਲਈ ਇੱਕ ਮਿਸਾਲ ਸਹਾਈ ਹੋਵੇਗੀ। ਪੰਜਾਬ ਦੀ ਵੰਡ ਵੇਲੇ ਪਾਕਿਸਤਾਨੋਂ ਉਜਾੜ ਕੇ ਭਾਰਤ ਲਿਆਂਦੇ ਲੋਕਾਂ ਨੂੰ ਰਾਜਸੀ ਕਥਨਾਂ ਵਿੱਚ ਸ਼ਰਨਾਰਥੀ ਆਖਿਆ ਗਿਆ, ਪ੍ਰਾਹੁਣੇ (ਅਤਿਥੀ) ਨਹੀਂ ਤੇ ਇਨ੍ਹਾਂ ਉਜਾੜਿਆਂ ਲਈ ਸ਼ਰਨਾਰਥੀ ਸੰਕਲਪ ਸੋਚਾਂ ਵਿੱਚ ਖੁਣ ਦਿੱਤਾ ਗਿਆ।

ਆਪਾਂ ਬੋਲਾਂ ਰਾਹੀਂ ਸੋਚਦੇ ਹਾਂ। ਬੋਲੀ ਸਾਡੇ ਅਨੁਭਵ ਨੂੰ ਰੂਪ ਦੇਂਦੀ ਏ ਤੇ ਸਾਡੇ ਤਰਕ-ਵਿਤਰਕ ਦੀ ਜੁਗਤ ਵੀ ਬੋਲੀ ਹੁੰਦੀ ਏ। ਸਾਡੀ ਬੋਲੀ, ਸਾਡਾ ਲਹਿਜਾ ਤੇ ਸਾਡੇ ਬੋਲ ਆਦਿ ਸਾਡੀ ਵਿਅਕਤੀ ਵਜੋਂ ਤੇ ਸਮਾਜੀ ਪਛਾਣ ਦਾ ਮੂਲ ਹਿੱਸਾ ਹੁੰਦੇ ਨੇ। ਇੰਜ ਬੋਲੀ ਸਾਡੇ ਗਿਆਨ ਤੇ ਮਨ ਦੇ ਜਗਤ ਘੜਨ ਵਿੱਚ ਤੈਅਕਾਰੀ ਹਿੱਸਾ ਪਾਉਂਦੀ ਏ। ਬੋਲੀ ਸਾਡੀਆਂ ਨਿੱਤਾਪ੍ਰਤੀ ਦੀਆਂ ਲੋੜਾਂ ਪੂਰੀਆਂ ਕਰਨ ਦਾ ਢੋਈਆ ਬਣਦੀ ਏ। ਵਿੱਦਿਆ, ਪ੍ਰਸ਼ਾਸਨ ਤੇ ਮਨੋਰੰਜਨ ਆਦਿ ਸਭ ਬੋਲੀ 'ਤੇ ਟਿਕੇ ਹੁੰਦੇ ਨੇ।

ਬੋਲੀ ਜੁੱਟ-ਅੰਦਰਲੇ ਤੇ ਜੁੱਟ-ਬਾਹਰਲੇ ਸਮੂਹਾਂ ਦੀਆਂ ਹੱਦਾਂ ਦੀਆਂ ਲਕੀਰਾਂ ਵਾਹੁੰਦੀ ਏ। ਬੋਲੀ ਦੇ ਕਿਸੇ ਖ਼ਾਸ ਵਰਗ ਦੇ ਰੂਪ (ਜਿਵੇਂ ਵੱਖ-ਵੱਖ ਪੇਸ਼ਿਆਂ ਤੇ ਪੀੜ੍ਹੀਆਂ ਦੇ ਬੋਲੀ ਰੂਪ) ਇੱਕਜੁੱਟਤਾ ਦਾ ਤੇ ਉਸ ਵਰਗ ਦਾ ਹਿੱਸਾ ਹੋਣ ਦਾ ਭਾਵ ਸਿਰਜਦੇ ਨੇ। ਇੰਜ ਬੋਲੀ ਸਮਾਜੀ ਸੁਮੇਲ ਤੇ ਪਛਾਣ ਦੇ ਕਾਰਜਾਂ ਦੀ ਢੋਈਆ ਬਣਦੀ ਏ। ਬੋਲੀ ਗਿਆਨ, ਇਤਿਹਾਸ, ਕਦਰਾਂ-ਕੀਮਤਾਂ, ਰਸਮਾਂ ਤੇ ਵਿਰਸੇ ਦੇ ਪੀੜ੍ਹੀਓ-ਪੀੜ੍ਹੀ ਪਰਵਾਹ ਦੀ ਮੂਲ ਢੋਈਆ ਏ।

ਜਿਵੇਂ ਪਿੱਛੇ ਦੱਸਿਆ ਗਿਆ ਏ ਬੋਲੀ ਗਿਆਨ, ਜਾਣਕਾਰੀ, ਸਰੋਤਾਂ ਤੇ ਲਾਭ ਤੇ ਸੱਤਾ ਦੀਆਂ ਥਾਵਾਂ ਆਦਿ ਤੋਂ ਕਿਸੇ ਧਿਰ ਨੂੰ ਵਾਂਝਿਆਂ ਰੱਖ ਸਕਦੀ ਏ ਤੇ ਇਨ੍ਹਾਂ ਤੱਕ ਪਹੁੰਚ ਬਣਾ ਵੀ ਸਕਦੀ ਏ। ਇੰਜ ਬੋਲੀ ਸਮਾਜ ਵਿੱਚ ਦਰਜਾਬੰਦੀਆਂ ਪੈਦਾ ਕਰ ਸਕਦੀ ਏ, ਵਿਦਮਾਨ ਦਰਜਾਬੰਦੀਆਂ ਨੂੰ ਹੋਰ ਡੂੰਘਾ ਕਰ ਸਕਦੀ ਏ ਤੇ ਦਰਜਾਬੰਦੀਆਂ ਨੂੰ ਘਟਾ ਤੇ ਮਿਟਾ ਵੀ ਸਕਦੀ ਏ।

ਬੋਲੀ ਛੋਟੇ-ਛੋਟੇ ਜੁੱਟਾਂ ਦੀ ਉਸਾਰੀ ਤੋਂ ਲੈ ਕੇ ਦੇਸ਼ਾਂ ਨੂੰ ਚਲਾਉਣ ਤੱਕ ਦੇ ਮੂਲ ਆਧਾਰਾਂ 'ਚ ਹੁੰਦੀ ਏ। ਕਾਨੂੰਨ, ਸਮਝੌਤੇ ਤੇ ਰਣਨੀਤਕ ਵਿਉਂਤਬੰਦੀਆਂ ਸਭ ਬੋਲੀ 'ਤੇ ਉੱਸਰਦੇ ਨੇ। ਬੋਲੀ ਮਨਾ ਸਕਦੀ ਏ, ਛਲ ਕਰ ਸਕਦੀ ਏ, ਪ੍ਰੇਰ ਸਕਦੀ ਏ, ਤਾੜ ਸਕਦੀ ਏ ਤੇ ਲਿਤਾੜ ਸਕਦੀ ਏ। ਵਿਚਾਰਾਂ ਤੇ ਵਿਹਾਰ ਨੂੰ ਆਪਣੇ ਹਿੱਤ ਵਿੱਚ ਘੜਨ ਲਈ ਰਾਜਸੀ ਵਾਕ-ਕਲਾ, ਪ੍ਰਚਾਰ ਘਾੜਤਾਂ, ਕਨੂੰਨੀ ਬਿਰਤਾਂਤ ਤੇ ਵਿਗਿਆਪਨਬਾਜ਼ੀ ਸਭ ਬੋਲੀ ਦੇ ਜੰਤਰ ਨੂੰ ਵਰਤਦੇ ਨੇ। ਇੰਜ ਅਸੀਂ ਵੇਖਦੇ ਹਾਂ ਕਿ ਬੋਲੀ ਨਿਰਾ ਗੱਲਬਾਤ ਦਾ ਸਾਧਨ ਨਹੀਂ, ਪੂਰੇ ਮਨੁੱਖਾ ਜੀਵਨ ਦਾ ਆਧਾਰ ਏ ਤੇ ਦਰਜਾਬੰਦੀਆਂ ਵਾਲੇ ਸਮਾਜ 'ਚ ਇਹ ਸੱਤਾ ਤੇ ਸਰੋਤਾਂ ਦੀ ਵੰਡ ਵਿੱਚ ਵੱਡੀ ਭੂਮਿਕਾ ਨਿਭਾਉਂਦੀ ਏ।

## ਪੰਜਾਬੀ ਬੋਲੀ ਦਾ ਭਵਿੱਖ ਤੇ ਮੌਤ ਦੀ ਅਵਸਥਾ

ਜਿਵੇਂ ਪਿੱਛੇ ਆਖਿਆ ਗਿਆ ਏ, ਪੰਜਾਬੀ ਤੇ ਭਾਰਤ ਦੀਆਂ ਸਾਰੀਆਂ ਮਾਂ ਬੋਲੀਆਂ ਸੱਤਾ, ਲਾਭ ਵਾਲੇ ਥਾਵਾਂ ਤੇ ਹੋਰ ਰਸਮੀ ਵਰਤੋਂ ਤੇ ਵਕਾਰ ਵਾਲੇ ਥਾਵਾਂ ਤੋਂ ਬਾਹਰ ਕੱਢੀਆਂ ਹੋਈਆਂ ਨੇ, ਬਹੁਤੀਆਂ ਪੂਰੀ ਤਰ੍ਹਾਂ ਤੇ ਕੁਝ ਕੁ ਥੋੜ੍ਹੀਆਂ ਘੱਟ, ਜਿਵੇਂ ਸੰਵਿਧਾਨ ਦੀ 8ਵੀਂ ਸੂਚੀ ਵਿਚਲੀਆਂ 22 ਬੋਲੀਆਂ। ਜਦੋਂ ਕੋਈ ਬੋਲੀ ਇੰਜ ਬਾਹਰ ਹੋ ਜਾਂਦੀ ਏ ਤਾਂ ਉਹ ਪਰਿਵਾਰੀ ਤੇ ਸੱਭਿਆਚਾਰ ਆਦਿ ਖੇਤਰਾਂ 'ਚੋਂ ਵੀ ਹੌਲੀ-ਹੌਲੀ ਬਾਹਰ ਹੋਣ ਲੱਗਦੀ ਏ। ਉਸ ਬੋਲੀ ਦੇ ਬੋਲਣ ਵਾਲਿਆਂ ਅੰਦਰ ਹੀਣਤਾ ਦਾ ਭਾਵ ਏਨਾ ਆ ਜਾਂਦਾ ਏ ਕਿ ਉਹ ਆਪਣੀ ਬੋਲੀ ਵਰਤਦਿਆਂ ਆਪਣੇ-ਆਪ ਨੂੰ ਆਪ ਈ ਮਾੜੇ ਤੇ ਘੱਟ ਸਿਆਣੇ ਸਮਝਣ ਲੱਗ ਜਾਂਦੇ ਨੇ ਤੇ ਹੋਰ ਬੋਲੀ ਵਰਤ ਕੇ ਆਪਣੇ-ਆਪ ਨੂੰ ਤਗੜੇ ਤੇ ਵੱਧ ਸਿਆਣੇ ਸਮਝਣ ਲੱਗਦੇ ਨੇ। ਬਹੁਤੇ ਪੰਜਾਬੀਆਂ ਤੇ ਭਾਰਤੀਆਂ ਦੇ ਬੂਹਿਆਂ 'ਤੇ ਰੋਮਨ (ਅੰਗਰੇਜ਼ੀ) 'ਚ ਲਿਖੇ ਨਾਂ, ਗਲੀਆਂ-ਬਾਜ਼ਾਰਾਂ ਦੇ ਅੰਗਰੇਜ਼ੀ ਨਾਂ-ਫੱਟੇ, ਮੱਧਵਰਗੀ ਵਿਆਹ ਮੇਲਿਆਂ ਦਾ ਅੰਗਰੇਜ਼ੀ ਗੀਤ-ਸੰਗੀਤ ਨਾਲ

# ਦੇਸੀ ਤੜਕਾ

## ਸਿਹਤ ਪੀਜ਼ਾ

ਸਰਵਿੰਗ ਦਾ ਆਕਾਰ : 1 ਨਾਨ ਪੀਜ਼ਾ



**ਸਮੱਗਰੀ**

| | |
|---|---|
| 1 ਹੋਲ ਵੀਟ ਪੀਟਾ ਜਾਂ ਹੋਲ ਵੀਟ ਨਾਨ | 1 ਵੱਡਾ ਚਮਚਾ ਇਟਾਲੀਅਨ ਹਰਬ ਬਲੈਂਡ |
| 1½ ਚਮਚਾ ਟਮਾਟਰ ਸੋਸ | 1½ ਕੱਪ ਮੋਝਰੈਲਾ ਜਾਂ ਮਾਰਬਲ ਚੀਜ਼ ਕੱਦੂਕਸ |

**ਘੱਟੋ-ਘੱਟ 2 ਟੌਪਿੰਗਜ਼ ਚੁਣੋ**


| | |
|---|---|
| ਕੱਟੇ ਹੋਏ ਮਸ਼ਰੂਮ | ਹਰੀ ਮਿਰਚ, ਕੱਟੀ ਹੋਈ |
| ਟਮਾਟਰ, ਕੱਟੇ ਹੋਏ | ਪਿਆਜ਼ ਕੱਟੇ ਹੋਏ |
| ਪਾਲਕ, ਕੱਦੂਕਸ ਕੀਤੀ ਹੋਈ | ਅਨਾਨਾਸ ਕੱਟਿਆ ਹੋਇਆ |

**ਬਣਾਉਣ ਦੀ ਵਿਧੀ :**

ਓਵਰ ਨੂੰ 350 ਡਿਗਰੀ 'ਤੇ ਗਰਮ ਕਰੋ। ਹੋਲ ਵੀਟ ਪੀਜ਼ਾ ਜਾਂ ਹੋਲ ਵੀਟ ਨਾਨ ਉੱਤੇ ਟਮਾਟਰ ਸੋਸ ਪਾ ਕੇ ਬੇਕਿੰਗ ਸ਼ੀਟ 'ਤੇ ਰੱਖੋ। ਇਟਾਲੀਅਨ ਹਰਬ ਬਲੈਂਡ ਉਸ ਉੱਤੇ ਛਿੜਕੋ। ਆਪਣੀ ਚੋਣ ਮੁਤਾਬਕ ਉਸ ਉੱਤੇ ਪੀਜ਼ਾ ਟੌਪਿੰਗ ਅਤੇ ਚੀਜ਼ ਪਾਓ। ਚੀਜ਼ ਦੇ ਪਿਘਲਣ ਤੱਕ ਜਾਂ ਉਸ ਨੂੰ 10-12 ਮਿੰਟਾਂ ਲਈ ਬੇਕ ਕਰੋ ਅਤੇ ਗਰਮਾ-ਗਰਮ ਪਰੋਸ ਕੇ ਆਨੰਦ ਮਾਣੋ।

## ਸਪੈਸ਼ਲ ਸ਼ਾਕਾਹਾਰੀ ਕੀਮਾ





**ਸਮੱਗਰੀ**

- ਸੋਇਆ ਬੜੀਆਂ 200 ਗ੍ਰਾਮ,
- ਦਹੀਂ 200 ਗ੍ਰਾਮ,
- ਕੁਕਿੰਗ ਤੇਲ 200 ਮਿਲੀ,
- ਪਿਆਜ਼ ਦੋ ਵੱਡੇ,
- ਲਸਣ 25 ਕਲੀਆਂ,
- ਅਦਰਕ ਇਕ ਟੁਕੜਾ,
- ਕਰੀ ਮਸਾਲਾ 25 ਗ੍ਰਾਮ,
- ਨਮਕ ਸਵਾਦ ਅਨੁਸਾਰ,
- ਮਿਰਚ ਸਵਾਦ ਅਨੁਸਾਰ,
- ਹਰਾ ਧਨੀਆ ਇਕ ਗੁੱਛੀ,
- ਜੀਰਾ, ਕਾਜੂ,
- ਬਦਾਮ ਜ਼ਰੂਰਤ ਅਨੁਸਾਰ।

ਵਿਧੀ : ਸੋਇਆ ਵੜੀਆਂ ਨੂੰ ਕੋਸੇ ਪਾਣੀ ਵਿਚ ਲਗਭਗ 30 ਮਿੰਟ ਭਿਉਂ ਦਿਓ। ਉਸ ਤੋਂ ਬਾਅਦ ਵੜੀਆਂ ਨੂੰ ਦੋਵੇਂ ਹੱਥਾਂ ਨਾਲ ਨਿਚੋੜ ਲਓ। ਬੜੀਆਂ ਨੂੰ ਉਂਗਲੀਆਂ ਤੇ ਅੰਗੂਠੇ ਦੀ ਸਹਾਇਤਾ ਨਾਲ ਰੇਸ਼ੇ ਦੀ ਲੰਬਾਈ ਅਨੁਸਾਰ ਬਾਰੀਕ-ਬਾਰੀਕ ਕਰ ਦਿਓ। ਪਿਆਜ਼ ਨੂੰ ਬਾਰੀਕ ਕੱਟੋ। ਅਦਰਕ ਦੇ ਵੀ ਬਾਰੀਕ ਟੁਕੜੇ ਕਰੋ। ਲਸਣ ਨੂੰ ਫੈਂਹ ਕੇ ਪਾਣੀ ਵਿਚ ਭਿਉਂ ਦਿਓ ਅਤੇ ਨਿਚੋੜ ਕੇ ਮਸਾਲੇ ਵਿਚ ਮਿਲਾ ਲਓ।

ਇਸ ਵਿਚ ਨਮਕ ਅਤੇ ਮਿਰਚ ਮਿਲਾ ਲਓ। ਕੜਾਹੀ ਕੁਕਿੰਗ ਤੇਲ ਗਰਮ ਕਰੋ। ਪਿਆਜ਼ ਤੇ ਅਦਰਕ ਦੇ ਟੁਕੜਿਆਂ ਨੂੰ ਹਲਕਾ ਭੂਰਾ ਹੋਣ ਤੱਕ ਭੁੰਨੋ। ਪਿਆਜ਼ ਤੇ ਅਦਰਕ ਨੂੰ ਕੱਢ ਕੇ ਸੋਇਆ ਵੜੀਆਂ ਦੇ ਚੂਰੇ ਨੂੰ ਕੁਕਿੰਗ ਆਇਲ ਵਿਚ ਮੱਧਮ ਅੱਗ 'ਤੇ ਉਦੋਂ ਤੱਕ ਭੁੰਨੋ ਜਦੋਂ ਤੱਕ ਇਨ੍ਹਾਂ ਦਾ ਪਾਣੀ ਖ਼ਤਮ ਨਾ ਹੋ ਜਾਵੇ। ਸੋਇਆ ਵੜੀ ਦੇ ਭੁੰਨੇ ਚੂਰੇ ਨੂੰ ਵੀ ਵੱਖਰਾ ਕੱਢ ਲਓ। ਬਚੇ ਤੇਲ ਵਿਚ ਜੀਰਾ ਦਾ ਤੜਕਾ ਲਗਾ ਕੇ ਦਹੀਂ ਪਾਓ।

ਇਸ ਦੇ ਨਾਲ ਮਸਾਲੇ ਆਦਿ ਪਾ ਕੇ ਕੁਝ ਦੇਰ ਹਿਲਾਉਂਦੇ ਰਹੋ। ਭੁੰਨੇ ਗਏ ਪਿਆਜ਼, ਅਦਰਕ ਤੇ ਸੋਇਆ ਵੜੀਆਂ ਦੇ ਚੂਰੇ ਨੂੰ ਦਹੀਂ ਤੇ ਤਿਆਰ ਮਸਾਲੇ ਦੇ ਮਿਸ਼ਰਨ ਵਿਚ ਪਾ ਕੇ ਦੋ ਮਿੰਟ ਹਿਲਾਓ। ਬਾਰੀਕ ਕੱਟਿਆ ਹਰਾ ਧਨੀਆ ਪਾ ਦਿਓ। ਤਿਆਰ ਕੀਮੇ ਨੂੰ ਕੌਲੀ ਵਿਚ ਕੱਢ ਲਓ ਅਤੇ ਬਦਾਮ ਤੇ ਕਾਜੂ ਦੇ ਟੁਕੜੇ ਪਾ ਕੇ ਮਿਲਾ ਦਿਓ।

# ਤਕਨਾਲੋਜੀ ਟਾਈਮਜ਼

## ਸੋਸ਼ਲ ਮੀਡੀਆ ਦੀ ਲਤ ਅਤੇ ਮਾਨਸਿਕ ਸਿਹਤ: ਕੈਲੀ ਜੀ.ਐਮ. ਦੀ ਗਵਾਹੀ ਨੇ ਮੇਟਾ ਅਤੇ ਗੂਗਲ ਦੀਆਂ ਵਧਾਈਆਂ ਮੁਸ਼ਕਲਾਂ

ਅਮਰੀਕਾ ਦੇ ਲਾਸ ਏਂਜਲਸ ਵਿੱਚ ਇੱਕ ਬੇਹੱਦ ਅਹਿਮ ਅਤੇ ਇਤਿਹਾਸਕ ਅਦਾਲਤੀ ਸੁਣਵਾਈ ਚੱਲ ਰਹੀ ਹੈ ਜਿਸ ਵਿੱਚ ਕੈਲੀਫੋਰਨੀਆ ਦੀ ਇੱਕ ਮਹਿਲਾ ਵੀਰਵਾਰ ਨੂੰ ਆਪਣੀ ਗਵਾਹੀ ਦੇਣ ਲਈ ਤਿਆਰ ਹੈ। ਇਸ ਮਹਿਲਾ ਦਾ ਨਾਮ ਅਦਾਲਤੀ ਦਸਤਾਵੇਜ਼ਾਂ ਵਿੱਚ ਕੈਲੀ ਜੀ.ਐਮ. ਵਜੋਂ ਦਰਜ ਹੈ ਅਤੇ ਉਸ ਦਾ ਦਾਅਵਾ ਹੈ ਕਿ ਬਚਪਨ ਵਿੱਚ ਮੇਟਾ ਪਲੇਟਫਾਰਮ ਦੇ ਇੰਸਟਾਗ੍ਰਾਮ ਅਤੇ ਗੂਗਲ ਦੇ ਯੂਟਿਊਬ ਦੀ ਵਰਤੋਂ ਕਰਨ ਨਾਲ ਉਸ ਦੀ ਮਾਨਸਿਕ ਸਿਹਤ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਿਆ ਹੈ। ਇਹ ਮੁਕੱਦਮਾ ਸੋਸ਼ਲ ਮੀਡੀਆ ਦਿੱਗਜਾਂ ਦੇ ਖ਼ਿਲਾਫ਼ ਚੱਲ ਰਹੀ ਇੱਕ ਵੱਡੀ ਗਲੋਬਲ ਮੁਹਿੰਮ ਦਾ ਹਿੱਸਾ ਹੈ ਜਿਸ ਵਿੱਚ ਇਹ ਦੋਸ਼ ਲਗਾਇਆ ਜਾ ਰਿਹਾ ਹੈ ਕਿ ਇਹ ਕੰਪਨੀਆਂ ਜਾਣਬੁੱਝ ਕੇ ਬੱਚਿਆਂ ਨੂੰ ਆਪਣੇ ਪਲੇਟਫਾਰਮਾਂ ਦਾ ਆਦੀ ਬਣਾ ਰਹੀਆਂ ਹਨ। ਕੈਲੀ ਦਾ ਕਹਿਣਾ ਹੈ ਕਿ ਉਸ ਨੇ ਸਿਰਫ਼ ਛੇ ਸਾਲ ਦੀ ਉਮਰ ਵਿੱਚ ਯੂਟਿਊਬ ਅਤੇ ਨੌਂ ਸਾਲ ਦੀ ਉਮਰ ਵਿੱਚ ਇੰਸਟਾਗ੍ਰਾਮ ਦੀ ਵਰਤੋਂ ਸ਼ੁਰੂ ਕਰ ਦਿੱਤੀ ਸੀ। ਇਸ ਛੋਟੀ ਉਮਰ ਵਿੱਚ ਇਹਨਾਂ ਐਪਸ ਦੇ ਸੰਪਰਕ ਵਿੱਚ ਆਉਣ ਕਾਰਨ ਉਹ ਗੰਭੀਰ ਡਿਪ੍ਰੈਸ਼ਨ ਅਤੇ ਬੌਡੀ ਡਿਸਮੋਰਫੀਆ ਵਰਗੀਆਂ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਗਈ ਸੀ।

ਕੈਲੀ ਦੇ ਵਕੀਲਾਂ ਨੇ ਅਦਾਲਤ ਵਿੱਚ ਬੜੇ ਸਖ਼ਤ ਦਲੀਲਾਂ ਪੇਸ਼ ਕੀਤੀਆਂ ਹਨ ਅਤੇ ਕਿਹਾ ਹੈ ਕਿ ਮੇਟਾ ਅਤੇ ਗੂਗਲ ਵਰਗੀਆਂ ਕੰਪਨੀਆਂ ਨੇ ਬੱਚਿਆਂ ਦੀ ਮਾਨਸਿਕ ਸਿਹਤ ਨੂੰ ਖਤਰੇ ਵਿੱਚ ਪਾ ਕੇ ਸਿਰਫ਼ ਆਪਣੇ ਮੁਨਾਫ਼ੇ ਬਾਰੇ ਸੋਚਿਆ ਹੈ। ਵਕੀਲਾਂ ਅਨੁਸਾਰ ਇਹਨਾਂ ਕੰਪਨੀਆਂ ਨੂੰ ਚੰਗੀ ਤਰ੍ਹਾਂ ਪਤਾ ਸੀ ਕਿ ਉਹਨਾਂ ਦੇ ਐਲਗੋਰਿਦਮ ਬੱਚਿਆਂ ਦੇ ਕੋਮਲ ਮਨਾਂ ਉੱਤੇ ਮਾੜਾ ਅਸਰ ਪਾ ਸਕਦੇ ਹਨ ਪਰ ਫਿਰ ਵੀ ਉਹਨਾਂ ਨੇ ਛੋਟੇ ਬੱਚਿਆਂ ਨੂੰ ਆਪਣੇ ਨਾਲ ਜੋੜੀ ਰੱਖਣ ਲਈ ਖਤਰਨਾਕ ਕਾਰੋਬਾਰੀ ਰਣਨੀਤੀਆਂ ਅਪਣਾਈਆਂ। ਕੈਲੀ ਦੀ ਗਵਾਹੀ ਤੋਂ ਠੀਕ ਇੱਕ ਦਿਨ ਪਹਿਲਾਂ ਉਸ ਦੇ ਪੁਰਾਣੇ ਮਨੋਵਿਗਿਆਨੀ (ਸਾਈਕੋਥੈਰੇਪਿਸਟ) ਨੇ ਵੀ ਅਦਾਲਤ ਵਿੱਚ ਆਪਣਾ ਬਿਆਨ ਦਰਜ ਕਰਵਾਇਆ ਹੈ। ਮਨੋਵਿਗਿਆਨੀ ਨੇ ਸਪੱਸ਼ਟ ਤੌਰ ਉੱਤੇ ਕਿਹਾ ਹੈ ਕਿ ਕਿਸ਼ੋਰ ਅਵਸਥਾ ਵਿੱਚ ਸੋਸ਼ਲ ਮੀਡੀਆ ਦੀ ਬਹੁਤ ਜ਼ਿਆਦਾ ਵਰਤੋਂ ਕੈਲੀ ਦੀਆਂ ਮਾਨਸਿਕ ਸਿਹਤ ਸਮੱਸਿਆਵਾਂ ਵਿੱਚ ਇੱਕ ਬਹੁਤ ਵੱਡਾ ਅਤੇ ਫੈਸਲਾਕੁੰਨ ਕਾਰਕ ਸੀ।



ਇਸ ਸੁਣਵਾਈ ਦਾ ਅਗਲਾ ਪੜਾਅ ਹੁਣ ਇਹ ਖੋਜਣ ਉੱਤੇ ਕੇਂਦਰਿਤ ਹੋਵੇਗਾ ਕਿ ਬਚਪਨ ਵਿੱਚ ਸੋਸ਼ਲ ਮੀਡੀਆ ਨਾਲ ਕੈਲੀ ਦੇ ਲਗਾਤਾਰ ਜੁੜੇ ਰਹਿਣ ਨੇ ਉਸ ਦੇ ਆਮ ਜੀਵਨ ਅਤੇ ਖੁਸ਼ਹਾਲੀ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ। ਮੁਕੱਦਮੇ ਦੀ ਸ਼ੁਰੂਆਤ ਵਿੱਚ ਅਦਾਲਤ ਨੇ ਇਸ ਗੱਲ ਉੱਤੇ ਧਿਆਨ ਦਿੱਤਾ ਸੀ ਕਿ ਕੰਪਨੀਆਂ ਨੂੰ ਬੱਚਿਆਂ ਉੱਤੇ ਸੋਸ਼ਲ ਮੀਡੀਆ ਦੇ ਪ੍ਰਭਾਵਾਂ ਬਾਰੇ ਕਿੰਨੀ ਜਾਣਕਾਰੀ ਸੀ। ਮੇਟਾ ਦੇ ਸੀਈਓ ਮਾਰਕ ਜ਼ਕਰਬਰਗ ਨੇ ਵੀ ਇਸ ਮਾਮਲੇ ਵਿੱਚ ਪਹਿਲਾਂ ਗਵਾਹੀ ਦਿੱਤੀ ਸੀ ਜਿਸ ਵਿੱਚ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਕੰਪਨੀ ਨੇ ਬੱਚਿਆਂ ਲਈ ਉਤਪਾਦ ਤਿਆਰ ਕਰਨ ਬਾਰੇ ਚਰਚਾ ਜ਼ਰੂਰ ਕੀਤੀ ਸੀ ਪਰ ਅਧਿਕਾਰਤ ਤੌਰ ਉੱਤੇ ਅਜਿਹਾ ਕੋਈ ਉਤਪਾਦ ਕਦੇ ਲਾਂਚ ਨਹੀਂ ਕੀਤਾ ਗਿਆ। ਹਾਲਾਂਕਿ ਕੈਲੀ ਦੇ ਵਕੀਲ ਇਸ ਦਾਅਵੇ ਨੂੰ ਚੁਣੌਤੀ ਦੇ ਰਹੇ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਕੰਪਨੀਆਂ ਦੇ ਅੰਦਰੂਨੀ ਦਸਤਾਵੇਜ਼ ਕੁਝ ਹੋਰ ਹੀ ਕਹਾਣੀ ਬਿਆਨ ਕਰਦੇ ਹਨ।

ਇਸ ਕੇਸ ਵਿੱਚ ਜਿੱਤ ਹਾਸਲ ਕਰਨ ਲਈ ਕੈਲੀ ਦੇ ਵਕੀਲਾਂ ਨੂੰ ਇਹ ਸਾਬਤ ਕਰਨਾ ਪਵੇਗਾ ਕਿ ਕੰਪਨੀਆਂ ਨੇ ਜਿਸ ਤਰੀਕੇ ਨਾਲ ਆਪਣੇ ਪਲੇਟਫਾਰਮਾਂ ਨੂੰ ਡਿਜ਼ਾਈਨ ਕੀਤਾ ਹੈ ਉਹ ਕੈਲੀ ਦੀ ਮਾਨਸਿਕ ਸਿਹਤ ਨੂੰ ਵਿਗਾੜਨ ਦਾ ਇੱਕ ਮੁੱਖ ਕਾਰਨ ਸੀ। ਉਹਨਾਂ ਨੂੰ ਇਹ ਦਿਖਾਉਣਾ ਹੋਵੇਗਾ ਕਿ ਇੰਸਟਾਗ੍ਰਾਮ ਅਤੇ ਯੂਟਿਊਬ ਦੀਆਂ ਵਿਸ਼ੇਸ਼ਤਾਵਾਂ ਜਿਵੇਂ ਕਿ ਲਗਾਤਾਰ ਸਕ੍ਰੋਲਿੰਗ, ਲਾਈਕਸ ਅਤੇ ਫਿਲਟਰਾਂ ਨੇ ਬੱਚਿਆਂ ਵਿੱਚ ਘੱਟ ਸਵੈ-ਮਾਣ ਅਤੇ ਮਾਨਸਿਕ ਤਣਾਅ ਪੈਦਾ ਕਰਨ ਵਿੱਚ ਭੂਮਿਕਾ ਨਿਭਾਈ ਹੈ। ਦੂਜੇ ਪਾਸੇ ਯੂਟਿਊਬ ਅਤੇ ਮੇਟਾ ਨੇ ਇਹਨਾਂ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ। ਕੰਪਨੀਆਂ ਦਾ ਕਹਿਣਾ ਹੈ ਕਿ ਅਦਾਲਤ ਵਿੱਚ ਪੇਸ਼ ਕੀਤੇ ਗਏ ਸਬੂਤ ਕੈਲੀ ਦੇ ਦਾਅਵਿਆਂ ਦਾ ਸਮਰਥਨ ਨਹੀਂ ਕਰਦੇ। ਉਹਨਾਂ ਅਨੁਸਾਰ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ਦੇ ਹੋਰ ਵੀ ਕਈ ਕਾਰਨ ਹੋ ਸਕਦੇ ਹਨ ਅਤੇ ਇਸ ਲਈ ਸਿਰਫ਼ ਸੋਸ਼ਲ ਮੀਡੀਆ ਨੂੰ ਜ਼ਿੰਮੇਵਾਰ ਠਹਿਰਾਉਣਾ ਗਲਤ ਹੈ। ਇਹ ਕੇਸ ਇੱਕ ਅਜਿਹੇ ਸਮੇਂ ਵਿੱਚ ਚੱਲ ਰਿਹਾ ਹੈ ਜਦੋਂ ਪੂਰੀ ਦੁਨੀਆ ਵਿੱਚ ਸੋਸ਼ਲ ਮੀਡੀਆ ਕੰਪਨੀਆਂ ਦੇ ਵਿਰੁੱਧ ਗੁੱਸਾ ਵਧ ਰਿਹਾ ਹੈ। ਕਈ ਦੇਸ਼ਾਂ ਦੀਆਂ ਸਰਕਾਰਾਂ ਹੁਣ ਬੱਚਿਆਂ ਨੂੰ ਇਹਨਾਂ ਖਤਰਿਆਂ ਤੋਂ ਬਚਾਉਣ ਲਈ ਸਖ਼ਤ ਕਾਨੂੰਨ ਬਣਾ ਰਹੀਆਂ ਹਨ। ਆਸਟ੍ਰੇਲੀਆ ਨੇ ਪਹਿਲਾਂ ਹੀ ਸੋਲਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਪਲੇਟਫਾਰਮਾਂ ਉੱਤੇ ਪਾਬੰਦੀ ਲਗਾ ਦਿੱਤੀ ਹੈ ਅਤੇ ਕਈ ਹੋਰ ਦੇਸ਼ ਵੀ ਇਸੇ ਤਰ੍ਹਾਂ ਦੀਆਂ ਪਾਬੰਦੀਆਂ ਲਗਾਉਣ ਬਾਰੇ ਗੰਭੀਰਤਾ ਨਾਲ ਵਿਚਾਰ ਕਰ ਰਹੇ ਹਨ। ਕੈਨੇਡਾ ਅਤੇ ਯੂਰਪੀ ਦੇਸ਼ਾਂ ਵਿੱਚ ਵੀ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਕਾਨੂੰਨੀ ਬਹਿਸ ਤੇਜ਼ ਹੋ ਚੁੱਕੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਲਾਸ ਏਂਜਲਸ ਦੀ ਅਦਾਲਤ ਦਾ ਇਹ ਫੈਸਲਾ ਭਵਿੱਖ ਵਿੱਚ ਤਕਨਾਲੋਜੀ ਕੰਪਨੀਆਂ ਦੀ ਜਵਾਬਦੇਹੀ ਤੈਅ ਕਰਨ ਵਿੱਚ ਇੱਕ ਨਵਾਂ ਮੀਲ ਪੱਥਰ ਸਾਬਤ ਹੋ ਸਕਦਾ ਹੈ। ਅਦਾਲਤੀ ਕਾਰਵਾਈ ਦੌਰਾਨ ਇਹ ਵੀ ਦੇਖਿਆ ਜਾ ਰਿਹਾ ਹੈ ਕਿ ਕਿਵੇਂ ਕੰਪਨੀਆਂ ਬੱਚਿਆਂ ਦੇ ਡਾਟਾ ਦੀ ਵਰਤੋਂ ਕਰਕੇ ਉਹਨਾਂ ਨੂੰ ਅਜਿਹੀ ਸਮੱਗਰੀ ਦਿਖਾਉਂਦੀਆਂ ਹਨ ਜੋ ਉਹਨਾਂ ਨੂੰ ਲਗਾਤਾਰ ਸਕ੍ਰੀਨ ਨਾਲ ਚਿਪਕਾ ਕੇ ਰੱਖਦੀ ਹੈ। ਇਹ 'ਹੁੱਕ' ਮਾਡਲ ਖਾਸ ਤੌਰ ਉੱਤੇ ਬੱਚਿਆਂ ਲਈ ਖਤਰਨਾਕ ਮੰਨਿਆ ਜਾਂਦਾ ਹੈ ਕਿਉਂਕਿ ਉਹਨਾਂ ਦਾ ਦਿਮਾਗ ਅਜੇ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਇਆ ਹੁੰਦਾ।

ਬਰਾੜ-ਭਗਤਾ ਭਾਈ ਕਾ
+1-604-751-1113

# ਪਾਬੰਦੀਆਂ






ਸੱਥ ਕੋਲ ਆ ਕੇ ਰੁਕੀ ਬੰਦਿਆਂ ਨਾਲ ਭਰੀ ਟਰਾਲੀ 'ਚੋਂ ਜੱਗੇ ਕਾਮਰੇਡ ਨੂੰ ਉੱਤਰਦਿਆਂ ਵੇਖ ਕੇ ਬਾਬੇ ਪਿਆਰਾ ਸਿਉਂ ਨੇ ਨਾਲ ਬੈਠੇ ਬੁੱਘਰ ਦਖਾਣ ਨੂੰ ਪੁੱਛਿਆ, "ਕਿਉਂ ਬਈ ਬੁੱਘਰ ਸਿਆਂ! ਆਹ ਕਾਮਰੇਟ ਕਿੱਧਰੋਂ ਆਇਆ। ਇਹ ਤਾਂ ਯਾਰ ਕਦੇ ਪਿੰਡੋਂ ਬਾਹਰ ਈ ਨ੍ਹੀ ਨਿੱਕਲਿਆ ਸੀ। ਅੱਜ ਕਿੱਧਰ ਗਦੌੜਾ ਫੇਰ ਕੇ ਆਇਆ। ਨਾਲੇ ਇਹ ਆਪਣੇ ਪਿੰਡ ਆਲੇ ਟਰੈਲੀ ਕਿੱਧਰ ਭਰੀ ਫਿਰਦੇ ਐ?" ਸੱਥ ਵਾਲੇ ਥੜ੍ਹੇ ਕੋਲ ਸਾਇਕਲ ਲਈ ਖੜ੍ਹਾ ਬਦਨੇ ਕੇ ਮੋਠੇ ਦਾ ਮੁੰਡਾ ਘੀਚੂ ਕਹਿੰਦਾ, "ਬਠਿੰਡੇ ਕਿਸੇ ਵੱਡੇ ਅਸਫਰ ਦੇ ਜਾ ਕੇ ਆਏ ਐ ਬਾਬਾ।"

ਜੱਗਾ ਕਾਮਰੇਡ ਟਰਾਲੀ 'ਚੋਂ ਉੱਤਰ ਕੇ ਸੱਥ 'ਚ ਆ ਬੈਠਾ ਤੇ ਟਰਾਲੀ ਵਾਲੇ ਟਰਾਲੀ ਲੈ ਕੇ ਗਾਹਾਂ ਨੂੰ ਤੁਰ ਗਏ। ਜਿਉਂ ਹੀ ਟਰਾਲੀ ਸੱਥ ਕੋਲ ਦੀ ਗਾਹਾਂ ਨੂੰ ਨਿੱਕਲੀ ਤਾਂ ਓਧਰੋਂ ਕਿਤੇ ਨਾਥਾ ਅਮਲੀ ਵੀ ਸੱਥ 'ਚ ਆ ਗਿਆ। ਸੱਥ 'ਚ ਆਉਂਦਿਆਂ ਹੀ ਨਾਥਾ ਅਮਲੀ ਬਾਬੇ ਪਿਆਰਾ ਸਿਉਂ ਨੂੰ ਕਹਿੰਦਾ,

"ਕਿਉਂ ਬਾਬਾ! ਆਹ ਕਾਮਾਂ ਦੀ ਪਚੈਤ ਕਿੱਧਰੋਂ ਆਈ ਐ। ਇਹ ਤਾਂ ਪਤੰਦਰ ਇਉਂ ਟਰੈਲੀ ਭਰੀ ਫਿਰਦੇ ਐ ਜਿਮੇਂ ਗਾਹਾਂ ਨਾਨਕ ਛੱਕ ਜਾ ਕੇ ਆਏ ਹੁੰਦੇ ਐ।" ਸੀਤਾ ਮਰਾਸੀ ਅਮਲੀ ਦੀ ਗੱਲ ਸੁਣਕੇ ਟਿੱਚਰ 'ਚ ਕਹਿੰਦਾ, "ਨਾਨਕ ਛੱਕ 'ਚ ਤਾਂ ਅਮਲੀਆ ਬੁੜ੍ਹੀਆਂ ਵੀ ਹੁੰਦੀਐਂ ਓਏ, ਇਹ ਤਾਂ 'ਕੱਲੇ ਬੰਦੇ ਈ ਐ।" ਅਮਲੀ ਮਰਾਸੀ ਨੂੰ ਖਿਝੀ ਬਾਂਦਰੀ ਵਾਂਗੂੰ ਕਤਾੜ ਕੇ ਪੈ ਗਿਆ, "ਤੇਰੀਆਂ ਅੱਖਾਂ ਕੁ ਹਾਮੇਂ ਕੇ ਟਰੈਗਟ ਆਂਗੂੰ ਲੈਟਾਂ 'ਚੋਂ ਬਲਬ ਈ ਕੱਢੀ ਫਿਰਦੈਂ। ਬੁੜ੍ਹੀਆਂ ਵੀ ਤਾਂ ਟਰੈਲੀ 'ਚ ਬੈਠੀਆਂ ਈ ਸੀ। ਰਾਮਦੇਵ ਦੇ ਡੇਰੇ ਤੋਂ ਐਨਕਾਂ ਲੁਆਉਣ ਆਲੀਆਂ ਤੇਰੇ। ਤੇਰੇ ਮੁੰਡੇ ਨੂੰ ਕਹਿਨੇਂ ਆਂ ਬਈ ਇਹਦੇ ਮੋਟੇ ਸ਼ੀਸ਼ੇ ਆਲੀਆਂ ਵਧੀਆ ਐਨਕਾਂ ਲੁਆਕੇ ਦਿਓ ਇਹਨੂੰ ਬੁੜ੍ਹੀਆਂ ਦਿਖਣੋ ਹਟ ਗੀਆਂ।" ਨਾਥੇ ਅਮਲੀ ਤੇ ਸੀਤੇ ਮਰਾਸੀ ਨੂੰ ਚੁੰਝੋ ਚੁੰਝੀ ਹੁੰਦਿਆਂ ਵੇਖ ਬਾਬੇ ਪਿਆਰਾ ਸਿਉਂ ਨੇ ਦੋਹਾਂ ਨੂੰ ਘੂਰਿਆ, "ਚੁੱਪ ਨ੍ਹੀ ਕਰਦੇ ਓਏ, ਕਿਮੇਂ ਕੀਚਰ ਵਾਧਾ ਕੀਤੈ। ਆਹ ਕਾਮਰੇਟ ਟਰੈਲੀ 'ਚੋਂ ਉੱਤਰਿਐ ਇਹਨੂੰ ਪੁੱਛ ਲੋ ਬਈ ਇਹ 'ਕੱਠ ਜਾ ਕਾਹਦਾ ਕਰੀ ਫਿਰਦੇ ਐ?"

ਮਾਹਲਾ ਨੰਬਰਦਾਰ ਜੱਗੇ ਕਾਮਰੇਡ ਨੂੰ ਕਹਿੰਦਾ, "ਦੱਸਦੇ ਕਾਮਰੇਟਾ ਇਨ੍ਹਾਂ ਨੂੰ ਕਾਹਦਾ 'ਕੱਠ ਕਰੀ ਫਿਰਦੇ ਐ। ਨਹੀਂ ਤਾਂ ਇਹ ਜੁੰਡੋ ਜੁੰਡੀ ਹੋਏ ਈ ਖੜ੍ਹੇ ਐ।"

ਕਾਮਰੇਡ ਕਹਿੰਦਾ, "ਮੈਂ ਤਾਂ ਇਨ੍ਹਾਂ ਨਾਲ ਘਰਾਟਾਂ ਆਲੇ ਪੁਲ ਤੋਂ ਚੜ੍ਹਿਐਂ। ਮੈਨੂੰ ਤਾਂ ਆਪ ਨ੍ਹੀ ਪਤਾ।" ਕਾਮਰੇਡ ਦੀ ਗੱਲ ਸੁਣ ਕੇ ਨਾਥਾ ਅਮਲੀ ਕਾਮਰੇਡ ਨੂੰ ਪੁੱਠ ਕੰਡੇ ਵਾਂਗੂੰ ਚਿੰਬੜ ਗਿਆ, "ਓਏ ਬੁੱਧੂਆ! ਤੂੰ ਪੁੱਛਿਆ ਤਾਂ ਹੋਣਾ ਈਂ ਬਈ ਤੁਸੀਂ ਕਿੱਧਰੋਂ ਆਏ ਐਂ। ਜਾਹ ਓਏ ਨੇਰ੍ਹੇ ਘਰ ਦਿਆ ਦੀਵਿਆ। ਚਰੜ ਘੁੱਗ ਈ ਐਂ ਤੂੰ ਵੀ।" ਤਾਸ਼ ਖੇਡੀ ਜਾਂਦਾ ਪ੍ਰਤਾਪਾ ਭਾਊ ਕਹਿੰਦਾ, "ਡੀਸੀ ਦੇ ਜਾ ਕੇ ਆਏ ਐ।" ਬਾਬੇ ਪਿਆਰਾ ਸਿਉਂ ਨੇ ਪੁੱਛਿਆ, "ਕਿਮੇਂ ਬਈ?" ਭਾਊ ਕਹਿੰਦਾ, "ਆਹ ਜਿਹੜੇ ਨੋਟ ਬੰਦ ਕੀਤੇ ਐ ਮੋਦੀ ਨੇ, ਇਨ੍ਹਾਂ ਬਾਰੇ ਕਹਿਣ ਗਏ ਸੀ 'ਕੱਠੇ ਹੋ ਕੇ ਡੀਸੀ ਕੋਲੇ ਬਈ ਪਤੰਦਰਾ! ਨੋਟ ਤਾਂ ਬੰਦ ਕਰ 'ਤੇ, ਹੁਣ ਨੋਟ ਭੇਜ ਵੀ ਦੇਹ ਬੰਕਾਂ 'ਚ। ਸਾਰੀ-ਸਾਰੀ ਦਿਹਾੜੀ ਪੈਂਸੇ ਲੈਣ ਨੂੰ ਬੰਕ ਮੂਹਰੇ ਖੜ੍ਹੇ ਰਹੀਦਾ, ਜਦੋਂ ਨੂੰ ਵਾਰੀ ਆਉਂਦੀ ਐ, ਕਹਿੰਦੇ ਆਹ ਸਾਡੇ ਪਿੰਡ ਆਲਾ ਛੱਤਾ ਫੌਜੀ ਜਿਹੜਾ ਬੰਕ 'ਚ ਪਹਿਰੇ 'ਤੇ ਦਮੂਖ ਲਈ ਖੜ੍ਹਾ ਹੁੰਦੇ, ਬੰਕ ਦੇ ਬਾਹਰ ਆਕੇ ਕਹਿ ਦਿੰਦਾ 'ਹੁਣ ਕੱਲ੍ਹ ਨੂੰ ਆਇਓ ਬਈ, ਪੈਸੇ ਮੁੱਕ ਗੇ। ਲੈ ਦੱਸ ਬਾਬਾ। ਆਏਂ ਵੀ ਕੋਈ ਕਰਦਾ ਹੁੰਦੈ। ਇਹ ਕਹਿਣ ਗਏ ਸੀ ਡੀਸੀ ਨੂੰ, ਹੋਰ ਕਿਤੇ ਪੱਗ ਤਾਂ ਵਟਾਉਣ ਗਏ ਸੀ ਡੀਸੀ ਨਾਲ।"

ਨਾਥਾ ਅਮਲੀ ਟਿੱਚਰ 'ਚ ਕਹਿੰਦਾ, "ਫੜਾ 'ਤੀਆਂ ਫਿਰ ਡੀਸੀ ਨੇ ਗੋਲਕ ਦੀਆਂ ਕੁੰਜੀਆਂ ਕੁ ਨਹੀਂ?" ਸੀਤਾ ਮਰਾਸੀ ਟਿੱਚਰ 'ਚ ਹੱਸ ਕੇ ਕਹਿੰਦਾ, "ਡੀਸੀ ਵੀਹ ਪੱਚੀਂ ਬੰਦਿਆਂ ਨੂੰ ਆਵਦੇ ਦਫਤਰ 'ਚ ਵੜਿਆਂ ਨੂੰ ਵੇਖ ਕੇ ਕਹਿੰਦਾ 'ਬਟੂਏ ਲੈ ਕੇ ਆਏਂ ਐਂ ਜੀਹਦੇ 'ਚ ਪੈਂਸੇ ਪਾਉਣੇ ਐਂ। ਭੱਜ ਜੋ ਇੱਥੋਂ ਭਾਲਦੇ ਐ ਟੌਂਹਟੇ। ਅਕੇ ਜਦੋਂ ਡੀਸੀ ਨੇ ਦੱਬਕਾ ਮਾਰਿਆ ਤਾਂ ਆਹ ਕਾਮਾਂ ਦੀ ਪਚੈਤ ਦਫਤਰ 'ਚੋਂ ਇਉਂ ਭੱਜ ਕੇ ਬਾਹਰ ਨਿੱਕਲੀ ਜਿਮੇਂ ਉਲਾਰ ਹੋਈ ਟਰੈਲੀ 'ਚੋਂ ਗੰਢੇ ਰੁੜਦੇ ਹੁੰਦੇ ਐ।" ਮਾਹਲੇ ਨੰਬਰਦਾਰ ਨੇ ਪੁੱਛਿਆ, "ਤੇ ਜਿਹੜੀਆਂ ਬੁੜ੍ਹੀਆਂ ਗਈਆਂ ਸੀ ਨਾਲ ਉਨ੍ਹਾਂ ਦਾ ਕੀ ਕੰਮ ਸੀ। ਕੁ ਉਹ ਡੀਸਣੀ ਨੂੰ ਕੁਸ ਕਹਿਣ ਗਈਆਂ ਸੀ?" ਨਾਥਾ ਅਮਲੀ ਕਹਿੰਦਾ, "ਉਹ ਤਾਂ ਆਵਦੇ ਕੰਮ ਗਈਆਂ ਸੀ। ਬੰਦੇ ਤਾਂ ਡੀਸੀ ਤੋਂ ਟੌਂਹਟੇਂ ਲੈਣ ਗਏ ਸੀ ਤੇ ਬੁੜ੍ਹੀਆਂ ਤਾਂ ਆਵਦੇ ਸੂਟਾਂ ਬਾਰੇ ਦੁਖੜੇ ਰੋਣ ਗਈਆਂ ਸੀ।"

ਬਾਬੇ ਦੇ ਨਾਲ ਬੈਠੇ ਸੋਹਣ ਸਿਉਂ ਬੁੜ੍ਹੇ ਨੇ ਪੁੱਛਿਆ, "ਕਿਹੜੇ ਸੂਟਾਂ ਬਾਰੇ। ਡੀਸਣੀ ਸੂਟ ਸਾਟ ਵੀ ਸਿਉਂਦੀ ਐ ਬਈ?" ਨਾਥਾ ਅਮਲੀ ਕਹਿੰਦਾ, "ਸੂਟ ਨ੍ਹੀ ਤਾਇਆ ਸਿਉਂਦੀ ਉਹੋ। ਉਹ ਤਾਂ ਇਉਂ ਗਈਆਂ ਸੀ ਬਈ ਮੋਦੀ ਨੇ ਬੁੜ੍ਹੀਆਂ ਦੇ ਸੂਟਾਂ 'ਤੇ ਜਿਹੜੀ ਕੋਈ ਪਾਬੰਦੀ ਲਾਈ ਐ ਉਹਦੇ ਬਾਰੇ ਗਈਆਂ ਸੀ।" ਬਾਬੇ ਪਿਆਰਾ ਸਿਉਂ ਨੇ ਹੈਰਾਨੀ ਨਾਲ ਪੁੱਛਿਆ, "ਸੂਟਾਂ 'ਤੇ ਪਾਬੰਦੀ। ਕਿਹੜੇ ਸੂਟਾਂ 'ਤੇ ਬਈ?"

ਨਾਥਾ ਅਮਲੀ ਕਹਿੰਦਾ, "ਦੇਖ ਬਾਬਾ ਮੈਂ ਦੱਸਦਾਂ ਤੈਨੂੰ। ਜਿਹੜੀਆਂ ਖਬਰਾਂ ਰੇਡੀਏ ਦੀਆਂ ਮੈਂ ਸੁਣ ਕੇ ਆਇਆਂ। ਰੇਡੀਏ ਆਲੇ ਕਹਿੰਦੇ ਬਈ ਨੋਟਾਂ ਦੀ ਬੰਦੀ ਤੋਂ ਮਗਰੋਂ ਹੁਣ ਜੱਟਾਂ ਦੀਆਂ ਜਮੀਨਾਂ 'ਤੇ ਵੀ ਹੱਥ ਫੇਰਨ ਦੀ ਲੋੜ ਐ। ਉਸ ਤੋਂ ਪਿੱਛੋਂ ਬੁੜ੍ਹੀਆਂ ਦੇ ਸੂਟਾਂ ਦੀ ਵੀ ਗਿਣਤੀ ਮਿਣਤੀ ਹੋਊ।"

ਅਮਲੀ ਦੀ ਗੱਲ ਵਿੱਚੋਂ ਟੋਕ ਕੇ ਸੀਤਾ ਮਰਾਸੀ ਕਹਿੰਦਾ, "ਇਹ ਜਿਹੜੀ ਅਮਲੀਆ ਤੂੰ ਗੱਲ ਕਰਨ ਲੱਗਿਐਂ, ਇਹਦਾ ਸਿਆਪਾ ਤਾਂ ਬੰਦਿਆਂ ਨੇ ਮੋਦੀ ਕੋਲੇ ਜਾ ਕੇ ਪਾਇਆ ਬਈ ਨੋਟ ਤਾਂ ਤੂੰ ਬੰਦ ਕਰੀ ਜਾਨੈ, ਤੇ ਆਹ ਬੁੜ੍ਹੀਆਂ ਦੇ ਸੂਟ ਨ੍ਹੀ ਤੈਥੋਂ ਬੰਦ ਹੁੰਦੇ। ਹਾਂ! ਪੈਂਸੇ ਤੂੰ ਜਰੂਰ ਲੋਕਾਂ ਦੀਆਂ ਤੀਮੀਆਂ ਤੋਂ ਕਢਾ ਲੇ, ਪਰ ਸੂਟਾਂ 'ਤੇ ਨ੍ਹੀ ਤੈਥੋਂ ਰੋਕ ਲੱਗੀ। ਉਹਨੇ ਭਾਈ ਤੜਕੇ ਨੂੰ ਸ਼ੇਰ ਦੀ ਦੁੰਬ ਅਰਗਾ ਬਿਆਨ ਦਾਗ ਕੇ ਬੁੜ੍ਹੀਆਂ ਕੁਰਬ਼-ਕੁਰਬਲ ਕਰਨ ਲਾ 'ਤੀਆਂ। ਕਹਿੰਦਾ 'ਜਿਹੜੀਆਂ ਵਿਆਹੀਆਂ ਔਰਤਾਂ ਕੋਲ ਸੱਤਾਂ ਸੂਟਾਂ ਤੋਂ ਵੱਧ ਸੂਟ ਹੋਣਗੇ ਉਹ ਸਾਰੇ ਜਬਤ ਕੀਤੇ ਜਾਣਗੇ'। ਜਦੋਂ ਬਾਬਾ ਮੋਦੀ ਦਾ ਇਹ ਬਿਆਨ ਬੁੜ੍ਹੀਆਂ ਨੇ ਸੁਣਿਆਂ, ਪੈ ਗਿਆ ਖਲਾਰਾ। ਆਹ ਆਪਣੇ ਗੁਆੜ ਆਲੀ ਰੇਲੋ ਮਾਈ ਨੇ ਤਾਂ ਪੱਟ 'ਤੀ ਖੁਰਗੋ। ਕਹਿੰਦੀ 'ਮੇਰੇ ਪਿਉ ਦੇ ਸਾਲੇ ਦੇ ਰੰਨ ਨ੍ਹੀ ਕੰਨ ਨ੍ਹੀ, ਕਦੇ ਨੋਟ ਬੰਦ ਕਰ ਦੂ, ਕਦੇ ਸੂਟ ਜਬਤ ਕਰ ਲੂੰ, ਕਦੇ ਕਹਿ ਦਿੰਦਾ 'ਜੀਹਦੇ ਦੋ ਜੁਆਕਾਂ ਤੋਂ ਵੱਧ ਜੁਆਕ ਐ, ਉਹਦੇ ਜੁਆਕ ਕਬਜੇ 'ਚ ਲਵਾਂਗੇ। ਕਦੇ ਕਹਿ ਦਿੰਦਾ ਜਿਹੜਾ ਬੰਦਾ ਦਿਨ ਦੀਆਂ ਪੰਜ ਰੋਟੀਆਂ ਤੋਂ ਵੱਧ ਰੋਟੀ ਖਾਊ, ਉਹਨੂੰ ਇੱਕ ਰੋਟੀ 'ਤੇ ਵੀਹ ਰਪੀਏ ਤੇ ਪਰੌਂਟੇ 'ਤੇ ਪੰਜਾਹ ਰਪੀਏ ਟੈਕਸ ਲੱਗੂਗਾ। ਆਹ ਅੱਜ ਫਿਰ 'ਖਬਾਰ 'ਚ ਬਿਆਨ ਆ ਗਿਆ ਅਕੇ ਆਲੂ ਜਾਂ ਮੂਲੀ ਆਲੇ ਪਰੌਂਠੇ 'ਤੇ ਸੌ ਰਪੀਆ ਦਾ ਟੈਕਸ ਲੱਗੂਗਾ।"

ਬਾਬੇ ਪਿਆਰਾ ਸਿਉਂ ਨੇ ਅਮਲੀ ਨੂੰ ਪੁੱਛਿਆ, "ਆਲੂ ਮੂਲੀ ਆਲੇ ਪਰੌਂਠੇ 'ਚ ਨਾਥਾ ਸਿਆਂ ਸਮਾਨ ਵੱਧ ਪਾਇਆ ਕਰਕੇ ਵੱਧ ਟੈਕਸ ਲੱਗੂਗਾ ਕੁ ਕੋਈ ਹੋਰ ਗੱਲ ਐ?"

ਅਮਲੀ ਮੁਸ਼ਕਣੀਆਂ ਹੱਸ ਕੇ ਕਹਿੰਦਾ, "ਸਮਾਨ ਵੱਧ ਦੀ ਗੱਲ ਨ੍ਹੀ ਬਾਬਾ। ਗੱਲ ਤਾਂ ਇਉਂ ਐਂ ਬਈ ਕਹਿੰਦੇ ਆਲੂ ਮੂਲੀ ਆਲੇ ਪਰੌਂਟ ਗੜਬੜ ਬਾਹ.ਲੀ ਕਰਦੇ ਐ। ਕਿਤੇ ਬੰਦਾ ਬੰਦਿਆਂ 'ਚ ਬੈਠਾ ਬੂਠਾ ਹੁੰਦੈ, ਉਦੋਂ ਫੇਰ ਮੂੰਹ ਵਖਾਉਣ ਜੋਗਾ ਨ੍ਹੀ ਰਹਿੰਦਾ ਜੇ ਕਿਤੇ ਆਲੂ ਮੂਲੀ ਆਲੇ ਪਰੌਂਠੇ ਬੰਦੇ ਨਾਲਕਿਤੇ ਧੱਕਾ ਮੁੱਕੀ ਕਰ ਜਾਣ। ਹੋਰ ਤਾਂ ਕੋਈ ਗੱਲ ਨ੍ਹੀ। ਨਾਲੇ ਆਹ ਜਿਹੜੀਆਂ ਗੱਲਾਂ ਮੈਂ ਦੱਸੀਆਂ ਸੋਨੂੰ, ਇਹ ਤਾਂ 'ਖਬਾਰਾਂ 'ਚ ਆਈਆਂ ਵੀਐਂ।"

ਅਮਲੀ ਦੀ ਗੱਲ ਸੁਣ ਕੇ ਗੇਲਾ ਰਾਗੀ ਅਮਲੀ ਨੂੰ ਕਹਿੰਦਾ, "ਤੈਨੂੰ ਤਾਂ ਅਮਲੀਆ ਊੜੇ 'ਤੇ ਇੱਲ੍ਹ ਮਨ੍ਹੀ ਆਉਂਦੀ ਓਏ, ਤੂੰ ਕਿੱਥੋਂ 'ਖਬਾਰ ਪੜ੍ਹ ਲਿਆ।

ਅਮਲੀ ਗੇਲੇ ਰਾਗੀ ਨੂੰ ਭੂਸਰੀ ਢਾਂਡੀ ਵਾਂਗੂੰ ਭੱਜ ਕੇ ਪੈ ਗਿਆ, "ਹੋਰ ਤਾਂ ਤੂੰ ਈਂ ਕੋਕ ਸ਼ਾਸ਼ਤਰ ਪੜ੍ਹਿਐ। ਵੀਹ ਵਾਰੀ ਤਾਂ ਤੈਨੂੰ ਲੋਕਾਂ ਨੇ ਪਾਠ ਕਰਦੇ ਨੂੰ ਸੁੱਤੇ ਪਏ ਨੂੰ ਫੜ੍ਹਿਐ। ਅਗਲੇ ਦੇ ਘਰੇ ਪਾਠ ਕਰਨ ਜਾਨੈਂ ਹੁੰਨੈ ਕੁ ਸੌਣ ਜਾਨੈਂ ਹੁੰਨੈ। ਸੋਨੂੰ ਵੀ ਪਾਠੀਆਂ ਨੂੰ ਲੱਗ ਜੂ ਪਤਾ ਜਿੱਦੇਂ ਮੋਦੀ ਨੇ ਕਹਿ 'ਤਾ ਬਈ ਇੱਕ ਪਿੰਡ 'ਚ ਪੰਜ ਪਾਠੀਆਂ ਤੋਂ ਵੱਧ ਜਿਹੜੇ ਪਾਠੀ ਹੋਣਗੇ ਉਨ੍ਹਾਂ 'ਤੇ ਵੀ ਟੈਕਸ ਲਾਓ।" ਸੀਤਾ ਮਰਾਸੀ ਕਹਿੰਦਾ, "ਆਪਣੇ ਪਿੰਡ ਆਲੇ ਪਾਠੀ ਤਾਂ ਚੰਡੋਲ 'ਤੇ ਚੜ੍ਹਾਉਣ ਆਲੇ ਈ ਐ। ਨਾਲੇ ਤਾਂ ਅਗਲੇ ਦੇ ਘਰੇ ਪਾਠ ਮਨ੍ਹੀ ਸ਼ੁੱਧ ਪੜ੍ਹਦੇ, ਨਾਲੇ ਪੈਂਸੇ ਲੈ ਆਉਂਦੇ ਐ।" ਨਰੰਜਨ ਸਿਉਂ ਕੂਕਾ ਕਹਿੰਦਾ, "ਘਰੇ ਪਾਠ ਖੁਲ੍ਹਾਅ ਕੇ ਕੋਈ ਸੁਣਦਾ ਮਨ੍ਹੀ ਕੋਲ ਬਹਿ ਕੇ। ਕਿਸੇ ਨੂੰ ਕੀ ਪਤਾ ਬਈ ਪਾਠੀ ਪਾਠ ਪੜ੍ਹਦੈ ਕੁ ਆਹ ਕਾਟੋ੍ ਜੀ 'ਤੇ ਮੂਰਤਾਂ ਵੇਂਹਦੈ।" ਬਾਬੇ ਪਿਆਰਾ ਸਿਉਂ ਨੇ ਪੁੱਛਿਆ, "ਕਾਟੋ੍ ਜੀ ਜਿਹੜੀ ਕੂਕਾ ਜੀ?" ਨਾਥਾ ਅਮਲੀ ਕਹਿੰਦਾ, "ਆਹ ਮੁਗਲੈਲ ਫੂਨ ਦੀ ਗੱਲ ਐ ਬਾਬਾ।" ਬੁੱਘਰ ਦਖਾਣ ਕਹਿੰਦਾ, "ਜੇ ਪਾਠੀਆਂ 'ਤੇ ਵੀ ਰੋਕ ਲਾ 'ਤੀ ਤਾਂ ਫੇਰ ਬਾਬਾ ਭੂੰਦੜ ਕੀ ਕਰੂ ਬਈ। ਉਹਤੋਂ ਤਾਂ ਪਾਠ ਤੋਂ ਬਿਨਾਂ ਹੋਰ ਕੁਸ ਹੋਣਾ ਮਨ੍ਹੀ?"

ਸੀਤਾ ਮਰਾਸੀ ਕਹਿੰਦਾ, "ਬਾਬਾ ਭੂੰਦੜ 'ਕੱਲਾ ਪਾਠ ਈ ਨ੍ਹੀ ਕਰਦਾ, ਮੱਝਾਂ ਦਾ ਵਪਾਰੀ ਵੀ ਐ। ਆਹ ਦੋ ਤਿੰਨ ਮਹੀਨਿਆਂ 'ਚ ਉਹਨੇ ਤਾਂ ਵੇਚ 'ਤੀਆਂ ਕੋਈ ਵੀਹ ਮੱਝਾਂ।"

ਨਾਥਾ ਅਮਲੀ ਮਰਾਸੀ ਦੀ ਗੱਲ ਸੁਣ ਕੇ ਫੇਰ ਹੋਇਆ ਪੈਰਾਂ ਭਾਰ, "ਜਿਹੜੀਆਂ ਵੇਚ ਗਿਆ ਵੇਚ ਗਿਆ। ਹੁਣ ਨ੍ਹੀ ਬਾਈ ਸਿਆਂ ਕੋਈ ਮੱਝ ਖਰੀਦ ਦਾ।" ਬਾਬਾ ਪਿਆਰਾ ਸਿਉਂ ਕਹਿੰਦਾ, "ਕਿਉਂ ਹੁਣ ਨੋਟ ਬੰਦ ਹੋ ਗੇ ਕਰਕੇ?"

ਅਮਲੀ ਕਹਿੰਦਾ, "ਨੋਟਾਂ ਬੰਦ ਦੀ ਗੱਲ ਨ੍ਹੀ ਬਾਬਾ। ਆਹ ਸਾਰਾ ਕੁਸ ਤਾਂ ਮੋਦੀ ਬੰਦ ਕਰੀ ਤੁਰਿਆ ਆਉਂਦੈ। ਬੁੜ੍ਹੀਆਂ ਸੱਤਾਂ ਸੂਟਾਂ ਤੋਂ ਵੱਧ ਸੂਟ ਨ੍ਹੀ ਰੱਖ ਸਕਦੀਆਂ। ਆਲੂ ਮੂਲੀ ਆਲੇ ਕੋਈ ਪਰੌਂਠੇ ਨ੍ਹੀ ਖਾ ਸਕਦਾ। ਇੱਕ ਪਿੰਡ 'ਚ ਪੰਜ ਪਾਠੀਆਂ ਤੋਂ ਵੱਧ ਪਾਠੀ ਨ੍ਹੀ ਰੱਖਣ ਦਿੰਦਾ। ਆਹ ਹੁਣ ਸੂਈ ਵੀ ਜਾਂ ਸੂਣ ਆਲੀ ਮੱਝ ਵੇਚਣ ਖਰੀਦਣ 'ਤੇ ਵੀ ਰੋਕ ਲਾ 'ਤੀ।"

ਅਮਲੀ ਦੀ ਟਿੱਚਰ ਸੁਣ ਕੇ ਬਾਬਾ ਪਿਆਰਾ ਸਿਉਂ ਕਹਿੰਦਾ, "ਜੇ ਸੂਈ ਵੀ ਜਾਂ ਸੂਣ ਆਲੀ ਮੱਝ ਖਰੀਦਣ ਵੇਚਣ 'ਤੇ ਰੋਕ ਲਾ 'ਤੀ ਤਾਂ ਫੰਡਰ ਮੱਝ ਕਿਸੇ ਨੇ ਕੀ ਢੂਏ੍ 'ਚ ਲੈਣੀ ਐਂ।"

ਨਾਥਾ ਅਮਲੀ ਕਹਿੰਦਾ, "ਹੋਰ ਸੁਣ ਲੋ। ਇੱਕ ਟੱਬਰ 'ਚ ਇੱਕ ਬੰਦਾ ਦਿਨ ਦੇ ਦੋ ਗੱਪਾਂ ਤੋਂ ਵੱਧ ਗੱਪ ਨ੍ਹੀ ਮਾਰ ਸਕਦਾ। ਜੇ ਕਿਤੇ ਦੋ ਗੱਪਾਂ ਤੋਂ ਵੱਧ ਮਾਰਿਆ ਗੱਪ ਫੜ੍ਹਿਆ ਗਿਆ ਤਾਂ ਹਜਾਰ ਦੇ ਨੋਟ ਅਰਗਾ ਹਾਲ ਕਰ ਦੇਣਗੇ।"

ਸੀਤਾ ਮਰਾਸੀ ਟਿੱਚਰ 'ਚ ਬੋਲਿਆ, "ਜੇ ਕੋਈ ਬੁੜ੍ਹੀ ਗੱਪ ਮਾਰੂ ਤਾਂ ਉਹਦਾ ਪੰਜ ਸੌ ਦੇ ਮੂੰਹ ਅਰਗਾ ਹਾਲ ਕਰ ਦੇਣਗੇ।"

ਮਾਹਲੇ ਨੰਬਰਦਾਰ ਨੇ ਪੁੱਛਿਆ, "ਤੇ ਜੇ ਕੋਈ ਜੁਆਕ ਗੱਪ ਮਾਰੂ ਉਹਦਾ ਹਾਲ ਕਿਹੋ ਜਾ ਕਰਨਗੇ ਬਈ?"

ਨਾਥਾ ਅਮਲੀ ਕਹਿੰਦਾ, "ਐਨੇ ਪੁੱਛ ਦੱਸ ਦਾ ਸਾਡਾ ਈ ਠੇਕਾ ਲਿਆ ਵਿਆ। ਤੁਸੀ ਵੀ ਕੋਈ ਮਣਕੇ 'ਚ ਠਣਕਾ ਮਾਰੋ।"

ਏਨੇ ਚਿਰ ਨੂੰ ਚਾਰ ਪੰਜ ਪੁਲੀਸ ਮੁਲਾਜ਼ਮ ਸੱਥ ਦੇ ਨੇੜੇ ਕੌਰੂ ਆਜੜੀ ਦੇ ਵਾੜੇ 'ਚ ਆ ਕੇ ਵੜ ਗਏ। ਉਹ ਤਾਂ ਕੌਰੂ ਤੋਂ ਕਿਸੇ ਵੱਡੇ ਅਫਸਰ ਦੀ ਕੁੜੀ ਦੇ ਵਿਆਹ ਵਾਸਤੇ ਬੱਕਰਾ ਲੈਣ ਆਏ ਸੀ, ਸੱਥ ਵਾਲਿਆਂ ਨੇ ਸੋਚਿਆ ਬਈ ਕਿਤੇ ਮੋਦੀ ਨੇ ਭੇਡਾਂ ਬੱਕਰੀਆਂ 'ਤੇ ਵੀ ਰੋਕ ਲਾ ਦਿੱਤੀ ਬਈ ਕੋਈ ਆਜੜੀ ਦਸ ਭੇਡਾਂ ਬੱਕਰੀਆਂ ਤੋਂ ਵੱਧ ਰੱਖ ਹੀ ਨਹੀਂ ਸਕਦਾ। ਸਾਰੇ ਸੱਥ ਵਾਲੇ ਸੱਥ 'ਚੋਂ ਉੱਠ ਕੇ ਕੌਰੂ ਦੇ ਭੇਡਾਂ ਬੱਕਰੀਆਂ ਵਾਲੇ ਵਾੜੇ ਵੱਲ ਨੂੰ ਇਸ ਬਾਰੇ ਪਤਾ ਕਰਨ ਲਈ ਚੱਲ ਪਏ ਕਿ ਪੁਲੀਸ ਵਾੜੇ 'ਚ ਕਿਉਂ ਆਏ ਐ। ਵੇਂਦਿਆਂ ਵੇਂਦਿਆਂ ਸੱਥ ਖਾਲੀ ਹੋ ਗਈ।


AMAR MUSIC ACADEMY

INDIAN CLASSICAL LIGHT MUSIC, GURMAT SANGEET & TABLA

ਭਾਰਤੀ ਸ਼ਾਸ਼ਤਰੀ ਸੰਗੀਤ, ਗੁਰਮਤਿ ਸੰਗੀਤ ਅਤੇ ਤਬਲਾ ਸਿੱਖਣ ਲਈ ਫੋਨ ਕਰੋ



Prof. Gurdev Singh Phull,
Prof. Amrik Singh Phull

To Learn Indian Classical, Light Music & Tabla

Free Lessons for Blind & Handicapped



604-599-4628, 778-898-5052 | 13376-80 Ave, Surrey

# ਸਿਹਤ ਸੰਸਾਰ



# ਥਕਾਵਟ ਨੂੰ ਭਾਰੂ ਨਾ ਹੋਣ ਦਿਓ

ਲੇਖਕ : ਮੇਘਾ

ਆਧੁਨਿਕ ਖਾਣ-ਪੀਣ ਅਤੇ ਜੀਵਨ ਸ਼ੈਲੀ ਨੇ ਨੌਜਵਾਨਾਂ ਨੂੰ ਥਕਾਵਟ ਵਰਗੀ ਬਿਮਾਰੀ ਵੀ ਦੇ ਦਿੱਤੀ ਹੈ। ਨੌਜਵਾਨ ਲੋਕ ਜੋ 20 ਤੋਂ 30 ਸਾਲ ਦੀ ਉਮਰ ਦੇ ਹਨ, ਵਧੇਰੇ ਸ਼ਿਕਾਇਤ ਕਰਦੇ ਹਨ ਕਿ ਥਕਾਨ ਹੋ ਰਹੀ ਹੈ। ਕਿਤੇ ਉਹ ਮਾਨਸਿਕ ਰੂਪ ਨਾਲ ਥਕਾਵਟ ਤਾਂ ਨਹੀਂ ਮਹਿਸੂਸ ਕਰਦੇ? ਆਲਸ ਵੀ ਥਕਾਵਟ ਦਾ ਇਕ ਕਾਰਨ ਹੈ, ਸਰੀਰਕ ਥਕਾਵਟ ਤਾਂ ਥਕਾਵਟ ਹੁੰਦੀ ਹੀ ਹੈ। ਜੇਕਰ ਅਸੀਂ ਲਗਾਤਾਰ ਥਕਾਵਟ ਮਹਿਸੂਸ ਕਰਦੇ ਹਾਂ ਤਾਂ ਸਾਨੂੰ ਆਪਣੀ ਜੀਵਨ ਸ਼ੈਲੀ ਅਤੇ ਖਾਣ-ਪੀਣ 'ਤੇ ਪਹਿਲਾਂ ਜ਼ਰੂਰ ਨਜ਼ਰ ਮਾਰਨੀ ਚਾਹੀਦੀ ਹੈ, ਕਿਤੇ ਸਾਡੀ ਜੀਵਨ ਤਰਜ਼ ਗ਼ਲਤ ਤਾਂ ਨਹੀਂ ਹੈ। ਜੇਕਰ ਅਜਿਹਾ ਹੈ ਤਾਂ ਥੋੜ੍ਹੇ ਜਿਹੇ ਸੁਧਾਰ ਨਾਲ ਇਸ ਨੂੰ ਦੂਰ ਕਰ ਸਕਦੇ ਹੋ

ਸੰਤੁਲਿਤ ਭੋਜਨ ਕਰੋ : ਤਿੰਨ ਮੁੱਖ ਭੋਜਨ ਦਿਨ ਵਿਚ ਜ਼ਰੂਰੀ ਹਨ, ਸਰੀਰ ਨੂੰ ਚੁਸਤ ਰੱਖਣ ਲਈ। ਉਸ ਵਿਚ ਨਾਸ਼ਤਾ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਲਈ ਸਵੇਰ ਦਾ ਨਾਸ਼ਤਾ ਜ਼ਰੂਰ ਲਓ ਤਾਂ ਕਿ ਦਿਨ ਭਰ ਊਰਜਾ ਨਾਲ ਭਰੇ ਰਹੋ। ਨਾਸ਼ਤਾ ਸਦਾ ਪੌਸ਼ਟਿਕ ਹੀ ਲਓ। ਦਿਨ ਵੇਲੇ ਦਾਲ, ਸਬਜ਼ੀ, ਸਲਾਦ, ਦਹੀਂ, ਚੌਲ, ਚਪਾਤੀ ਦਾ ਸੇਵਨ ਕਰੋ। ਰਾਤ ਵੇਲੇ ਸਬਜ਼ੀਆਂ ਦਾ ਸੂਪ, ਦਾਲ ਅਤੇ ਸਬਜ਼ੀ ਲਓ। ਤਿੰਨ ਮੁੱਖ ਆਹਾਰ ਦੇ ਵਿਚ ਦੋ ਛੋਟੇ ਆਹਾਰ ਫਲ, ਪੁੰਗਰੇ ਅਨਾਜ, ਚਾਹ, ਬਿਸਕੁਟ, ਕੌਫੀ ਲੈ ਸਕਦੇ ਹੋ। ਮੌਸਮੀ ਫਲ, ਸਬਜ਼ੀਆਂ, ਅਨਾਜ ਵਰਗੇ ਕਾਰਬੋਹਾਈਡ੍ਰੇਟ ਖ਼ੂਨ ਵਿਚਲਾ ਸ਼ੂਗਰ ਦਾ ਪੱਧਰ ਠੀਕ ਰੱਖਦੇ ਹਨ। ਮਾਸਾਹਾਰੀ ਲੋਕ ਚਿਕਨ ਦੇ ਨਾਲ ਸਲਾਦ ਅਤੇ ਹਰੀਆਂ ਸਬਜ਼ੀਆਂ ਦਾ ਸੇਵਨ ਕਰਨ। ਜੰਕ ਫੂਡ ਤੋਂ ਬਚੋ। ਗ਼ਲਤ ਖਾਣ-ਪੀਣ ਅਤੇ ਲੋੜ ਨਾਲੋਂ ਘੱਟ ਭੋਜਨ ਦਾ ਸੇਵਨ ਵੀ ਥਕਾਵਟ ਵਰਗੀ ਸਮੱਸਿਆ ਦਾ ਕਾਰਨ ਹੋ ਸਕਦਾ ਹੈ।

ਆਪਣੀ ਨੀਂਦ ਪੂਰੀ ਲਓ : ਜੇਕਰ ਤੁਸੀਂ ਤੰਦਰੁਸਤ ਹੋ ਤਾਂ 6 ਤੋਂ 7 ਘੰਟੇ ਦੀ ਨੀਂਦ ਇਕ ਵਿਅਕਤੀ ਲਈ ਕਾਫੀ ਹੈ। ਕਈ ਲੋਕਾਂ ਨੂੰ 7 ਤੋਂ 8 ਘੰਟੇ ਦੀ ਨੀਂਦ ਦੀ ਲੋੜ ਰਹਿੰਦੀ ਹੈ ਪਰ ਦਿਨ ਭਰ ਦੇ ਰੁਝੇਵਿਆਂ ਕਰਕੇ ਆਪਣੀ ਨੀਂਦ ਪੂਰੀ ਨਹੀਂ ਕਰ ਪਾਉਂਦੇ। ਇਹ ਹੌਲੀ-ਹੌਲੀ ਸਰੀਰ ਨੂੰ ਢਿੱਲਾ ਬਣਾ ਦਿੰਦਾ ਹੈ ਅਤੇ ਕੰਮ ਕਰਨ ਦੀ ਸਮਰੱਥਾ ਨੂੰ ਘੱਟ ਕਰਦਾ ਹੈ। ਇਸ ਦਾ ਸਿਹਤ ਅਤੇ ਇਕਾਗਰਤਾ 'ਤੇ ਪ੍ਰਭਾਵ ਪੈਂਦਾ ਹੈ।

ਆਪਣੀ ਨੀਂਦ ਪੂਰੀ ਕਰਨ ਲਈ ਇਕ ਨਿਯਮਤ ਸਮਾਂ ਸਾਰਣੀ ਬਣਾਓ। ਖਾਣਾ ਹਲਕਾ ਅਤੇ ਸਮੇਂ ਸਿਰ ਖਾਓ ਅਤੇ ਇਕ ਨਿਸ਼ਚਿਤ ਸਮੇਂ 'ਤੇ ਮੋਬਾਈਲ, ਟੀ. ਵੀ., ਕੰਪਿਊਟਰ ਆਦਿ ਬੰਦ ਕਰ ਦਿਓ। ਹੌਲੀ-ਹੌਲੀ ਆਦਤਾਂ ਵਿਚ ਸੁਧਾਰ ਆਉਣ ਨਾਲ ਲਾਭ ਮਿਲਦਾ ਹੈ।

ਸਰੀਰਕ ਤੰਤਰ ਦੇ ਸਹੀ ਹੋਣ 'ਤੇ ਵੀ ਜੇਕਰ ਨੀਂਦ ਪੂਰੀ ਨਾ ਹੋਵੇ ਤਾਂ ਡਾਕਟਰ ਨੂੰ ਮਿਲੋ। ਸਾਹ ਠੀਕ ਤਰ੍ਹਾਂ ਨਾ ਲਿਆ ਜਾਂਦਾ ਹੋਵੇ ਜਾਂ ਵਾਰ-ਵਾਰ ਨੀਂਦ ਟੁੱਟਦੀ ਹੋਵੇ ਅਤੇ ਨੀਂਦ ਪੂਰੀ ਨਾ ਹੁੰਦੀ ਹੋਵੇ ਤਾਂ ਡਾਕਟਰ ਤੋਂ ਜਾਂਚ ਕਰਵਾਉਣ ਤੇ ਉਚਿਤ ਰਾਏ ਲੈਣ ਪਿੱਛੋਂ ਲੋੜ ਅਨੁਸਾਰ ਦਵਾਈ ਲਓ। ਚਾਹ-ਕੌਫੀ ਦੇ ਵਧੇਰੇ ਸੇਵਨ ਤੋਂ ਬਚੋ : ਚਾਹ, ਕੌਫੀ ਦੇ ਵਧੇਰੇ ਸੇਵਨ ਨਾਲ ਦਿਲ ਦੀ ਗਤੀ ਅਤੇ ਖ਼ੂਨ ਦਾ ਦਬਾਅ ਵਧਦਾ ਹੈ, ਜੋ ਨੀਂਦ ਵਿਚ ਰੁਕਾਵਟ ਪਾਉਂਦਾ ਹੈ। ਚਾਹ-ਕੌਫੀ ਤੋਂ ਇਲਾਵਾ ਜ਼ਿਆਦਾ ਚਾਕਲੇਟ ਦੇ ਸੇਵਨ ਜਾਂ ਅਨਰਜੀ ਡਰਿੰਕਸ ਵੀ ਸਰੀਰ ਵਿਚ ਕੈਫੀਨ ਦੀ ਮਾਤਰਾ ਨੂੰ ਵਧਾਉਂਦੇ ਹਨ। ਇਨ੍ਹਾਂ ਸਭ ਦਾ ਸੇਵਨ ਸੀਮਤ ਮਾਤਰਾ ਵਿਚ ਕਰੋ। ਸੀਮਤ ਮਾਤਰਾ ਵਿਚ ਦੋ ਜਾਂ ਤਿੰਨ ਕੱਪ ਚਾਹ, ਕੌਫੀ ਪੀਣ ਨਾਲ ਸਰੀਰਕ ਸਰਗਰਮੀ ਵਧਦੀ ਹੈ। ਨਾਲ ਹੀ ਕੰਮ ਕਰਨ ਦੀ ਰਫਤਾਰ ਵੀ ਠੀਕ ਬਣੀ ਰਹਿੰਦੀ ਹੈ। ਜੇਕਰ ਤੁਸੀਂ ਕੈਫੀਨ ਦੀ ਮਾਤਰਾ ਜ਼ਿਆਦਾ ਸੇਵਨ ਕਰਦੇ ਹੋ ਤਾਂ ਹੌਲੀ-ਹੌਲੀ ਘਟਾਓ। ਇਕ ਦਮ ਬੰਦ ਨਾ ਕਰੋ। ਇਸ ਨਾਲ ਥਕਾਵਟ ਵਧ ਸਕਦੀ ਹੈ।

ਇਸ ਤੋਂ ਬਿਨਾਂ ਬਿਮਾਰੀ ਵੀ ਥਕਾਵਟ ਦਾ ਕਾਰਨ ਹੋ ਸਕਦੀ ਹੈ। ਜ਼ਿਆਦਾ ਪਿਸ਼ਾਬ ਆਉਣ ਕਾਰਨ ਵੀ ਕਈ ਵਾਰ ਨੀਂਦ ਖਰਾਬ ਹੁੰਦੀ ਹੈ। ਚੱਕਰ ਵੀ ਆ ਸਕਦੇ ਹਨ, ਇਸ ਲਈ ਮੂਤਰ ਦੀ ਜਾਂਚ ਕਰਵਾ ਕੇ ਸੰਕ੍ਰਮਣ ਦਾ ਪਤਾ ਕਰ ਸਕਦੇ ਹੋ। ਸੰਕ੍ਰਮਣ ਹੋਣ 'ਤੇ ਉਚਿਤ ਦਵਾਈ ਲਓ।

ਸਰੀਰ ਵਿਚ ਖ਼ੂਨ ਦੀ ਕਮੀ ਕਾਰਨ ਵੀ ਥਕਾਵਟ ਮਹਿਸੂਸ ਹੋ ਸਕਦੀ ਹੈ। ਖ਼ੂਨ ਦੀ ਕਮੀ ਸਰੀਰ ਵਿਚ ਲੋਹ-ਤੱਤ ਦੀ ਘਾਟ ਕਰਕੇ ਹੁੰਦੀ ਹੈ, ਜਿਸ ਨੂੰ ਅਨੀਮੀਆ ਰੋਗ ਕਹਿੰਦੇ ਹਨ। ਇਸ ਕਮੀ ਨੂੰ ਲੋਹ-ਤੱਤ ਨਾਲ ਭਰਪੂਰ ਡਾਈਟ ਲੈ ਕੇ ਪੂਰਾ ਕੀਤਾ ਜਾ ਸਕਦਾ ਹੈ। ਜ਼ਿਆਦਾ ਕਮੀ ਹੋਣ 'ਤੇ ਦਵਾਈਆਂ ਦਾ ਸਹਾਰਾ ਵੀ ਲੈ ਸਕਦੇ ਹੋ।

ਥਾਇਰਾਇਡ ਗ੍ਰੰਥੀ ਦੇ ਕੰਮ ਨਾ ਕਰਨ 'ਤੇ ਸਰੀਰ ਥੱਕਿਆ-ਥੱਕਿਆ ਮਹਿਸੂਸ ਕਰਦਾ ਹੈ। ਥਾਇਰਾਇਡ ਹੋਣ 'ਤੇ ਸਰੀਰ ਦਾ ਮੈਟਾਬੋਲਿਜ਼ਮ ਸਿਸਟਮ ਢਿੱਲਾ ਪੈ ਜਾਂਦਾ ਹੈ, ਜਿਸ ਕਾਰਨ ਸਰੀਰ ਵਿਚ ਊਰਜਾ ਦੀ ਕਮੀ ਮਹਿਸੂਸ ਹੋਣ ਲਗਦੀ ਹੈ। ਡਾਕਟਰ ਦੀ ਸਲਾਹ ਲੈ ਕੇ ਸਮੇਂ ਸਿਰ ਇਸ ਬਿਮਾਰੀ ਦਾ ਇਲਾਜ ਕਰਵਾ ਕੇ ਤੁਸੀਂ ਇਸ ਤੋਂ ਛੁਟਕਾਰਾ ਪਾ ਸਕਦੇ ਹੋ।

# ਤੰਦਰੁਸਤੀ ਲਈ ਕੁਝ ਨੁਕਤੇ



ਅੱਜਕਲ੍ਹ ਦੀ ਰੁਝੇਵਿਆਂ ਭਰੀ ਹੋਈ ਜੀਵਨਸ਼ੈਲੀ ਤੁਹਾਡੇ ਜੀਵਨ ਤੋਂ ਸਿਹਤ ਅਤੇ ਸਕੂਨ ਕਦੋਂ ਚੋਰੀ ਕਰ ਲੈਂਦੀ ਹੈ ਤੁਹਾਨੂੰ ਪਤਾ ਹੀ ਨਹੀਂ ਲੱਗਦਾ। ਇਸ ਤਰ੍ਹਾਂ ਚੰਗਾ ਜੀਵਨ ਜਿਉਣ ਲਈ ਇਹ ਜਾਣਨਾ ਬੇਹੱਦ ਜ਼ਰੂਰੀ ਹੈ ਕਿ ਕਿਹੜੀਆਂ ਚੀਜ਼ਾਂ ਨੂੰ ਅਪਣਾਈਏ ਅਤੇ ਕਿਹੜੀਆਂ ਚੀਜ਼ਾਂ ਤੋਂ ਦੂਰ ਰਹੀਏ।

- ਸਹੀ ਭੋਜਨ ਲਓ ਕਿਉਂਕਿ ਇਹ ਤਣਾਅ ਦਾ ਸਾਹਮਣਾ ਕਰਨ ਤੇ ਚੰਗੀ ਸਿਹਤ ਲਈ ਸਭ ਤੋਂ ਵੱਡਾ ਸਾਧਨ ਹੈ। ਸੰਤੁਲਿਤ ਭੋਜਨ ਲੈਣਾ, ਜੰਕ ਭੋਜਨ ਤੋਂ ਦੂਰ ਰਹਿਣਾ ਤੇ ਭਰਪੂਰ ਮਾਤਰਾ ਵਿਚ ਪਾਣੀ ਪੀਣਾ ਸਰੀਰ ਨੂੰ ਲੰਬੇ ਸਮੇਂ ਤੱਕ ਸਿਹਤਮੰਦ ਰੱਖਦਾ ਹੈ।
- ਚੰਗੀ ਨੀਂਦ ਲਓ। ਨੀਂਦ ਵਿਚ ਰੁਕਾਵਟ ਕਾਰਨ ਤਣਾਅ ਹੋ ਸਕਦਾ ਹੈ। ਚੰਗੀ ਨੀਂਦ ਲੈਣ ਨਾਲ ਸਰੀਰ ਤਰੋਤਾਜ਼ਾ ਰਹਿੰਦਾ ਹੈ ਅਤੇ ਰੋਜ਼ਮਰ੍ਹਾ ਦੇ ਤਣਾਅ ਨੂੰ ਝੱਲਣ ਵਿਚ ਸਹਾਈ ਬਣਦਾ ਹੈ।
- ਕਸਰਤ ਲਈ ਸਮਾਂ ਜ਼ਰੂਰ ਕੱਢੋ। ਫਿਰ ਨਿਯਮਤ ਰੂਪ ਨਾਲ ਆਪਣੀ ਮਨਪਸੰਦ ਕਸਰਤ ਕਰੋ, ਚੱਲਣਾ, ਨ੍ਹਿ ਕਰਨਾ, ਦੌੜਨਾ ਆਦਿ ਸਰੀਰ ਦੇ ਨਾਲ-ਨਾਲ ਦਿਮਾਗ ਲਈ ਵੀ ਚੰਗੀ ਕਸਰਤ ਹੈ।
- ਕੰਮਕਾਜੀ ਜੀਵਨ ਵਿਚ ਸੰਤੁਲਨ ਬਣਾਈ ਰੱਖੋ। ਈ-ਮੇਲਜ਼, ਇੰਸਟੈਂਟ ਮੈਸੇਂਜਰਜ਼, ਡੈਡਲਾਈਨਸ ਤੇ ਸਖ਼ਤ ਮੁਕਾਬਲੇਬਾਜ਼ੀ ਦੇ ਨਾਲ ਇਸ ਯੁੱਗ ਵਿਚ ਕੰਮ ਅਤੇ ਜੀਵਨ ਵਿਚਾਲੇ ਵੀ ਸੰਤੁਲਨ ਬਣਾਉਣਾ ਜ਼ਰੂਰੀ ਹੈ, ਅਖੀਰ ਕੰਮ ਦੇ ਨਾਲ-ਨਾਲ ਖੇਡਣ ਲਈ ਵੀ ਸਮਾਂ ਕੱਢਣਾ ਜ਼ਰੂਰੀ ਹੈ।
- ਸਿਗਰਟ, ਸ਼ਰਾਬ ਜਾਂ ਹੋਰ ਕਿਸੇ ਨਸ਼ੀਲੇ ਪਦਾਰਥ ਦਾ ਸੇਵਨ ਤਣਾਅ ਜਾਂ ਚੁਣੌਤੀਆਂ ਨਾਲ ਨਿਪਟਣ ਲਈ ਸਹੀ ਸਾਧਨ ਨਹੀਂ ਹੈ। ਦਰਅਸਲ, ਇਹ ਸਭ ਤਾਂ ਸਰੀਰ ਨੂੰ ਨੁਕਸਾਨ ਪਹੁੰਚਾਉਂਦੇ ਹਨ ਅਤੇ ਜੀਵਨ ਵਿਚ ਹੋਰ ਜ਼ਿਆਦਾ ਤਣਾਅ ਪੈਦਾ ਕਰਦੇ ਹਨ।
- ਆਪਣੇ ਸਮਾਜਿਕ ਦਾਇਰੇ ਨੂੰ ਮਜ਼ਬੂਤ ਕਰੋ। ਦੋਸਤਾਂ ਅਤੇ ਪਰਿਵਾਰ ਦੇ ਮਹੱਤਵ ਨੂੰ ਨਕਾਰਿਆ ਨਹੀਂ ਜਾ ਸਕਦਾ। ਇਹ ਤਣਾਅ ਹਟਾਉਣ ਅਤੇ ਬਿਹਤਰ ਤੇ ਖ਼ੁਸ਼ਹਾਲ ਜੀਵਨ ਜਿਉਣ ਲਈ ਜ਼ਰੂਰੀ ਹੈ।
- ਖ਼ੁਦ ਨੂੰ ਊਰਜਾ ਦਿਓ। ਕੰਮ ਤੋਂ ਛੁੱਟੀ ਲੈਣਾ, ਨਿਯਮਤ ਅਰਾਮ ਕਰਨ ਲਈ ਸਮਾਂ ਕੱਢਣਾ, ਸੰਗੀਤ ਸੁਣਨਾ, ਦੋਸਤਾਂ ਤੇ ਪਰਿਵਾਰ ਦੇ ਨਾਲ ਸਮਾਂ ਬਿਤਾਉਣਾ, ਆਪਣੇ ਸ਼ੌਕ ਲਈ ਸਮਾਂ ਕੱਢਣਾ ਤੁਹਾਡੇ ਲਈ ਚੰਗਾ ਹੈ।
- ਆਪਣੀਆਂ ਭਾਵਨਾਵਾਂ ਦਬਾ ਕੇ ਨਾ ਰੱਖੋ। ਤੁਸੀਂ ਜਿਨ੍ਹਾਂ ਲੋਕਾਂ ਨਾਲ ਪਿਆਰ ਕਰਦੇ ਹੋ, ਉਨ੍ਹਾਂ ਦੇ ਨਾਲ ਆਪਣੀਆਂ ਭਾਵਨਾਵਾਂ ਪ੍ਰਗਟ ਕਰੋ। ਇਸ ਨਾਲ ਜੀਵਨ ਦੇ ਉਤਰਾਅ-ਚੜ੍ਹਾਅ ਨੂੰ ਸਹਿਣ ਕਰਨ ਵਿਚ ਮਦਦ ਮਿਲਦੀ ਹੈ ਅਤੇ ਤਣਾਅ ਤੋਂ ਵੀ ਮੁਕਤੀ ਮਿਲਦੀ ਹੈ।
- ਕੈਫੀਨ ਦੀ ਵਰਤੋਂ ਸੀਮਿਤ ਕਰੋ। ਪੂਰੇ ਦਿਨ ਵਿਚ ਚਾਹ ਜਾਂ ਕਾਫੀ ਦੀ ਗਿਣਤੀ ਨੂੰ ਸੀਮਿਤ ਕਰਨਾ ਚੰਗਾ ਹੈ। ਇਸ ਦਾ ਬਹੁਤ ਸੇਵਨ ਸਰੀਰ ਲਈ ਘਾਤਕ ਹੈ।
- ਆਪਣੇ ਸਮੇਂ ਨੂੰ ਨਿਯਮਤ ਕਰੋ। ਸਮਾਂ ਇਕ ਸੀਮਤ ਸਾਧਨ ਹੈ ਅਤੇ ਇਸ ਦਾ ਸਹੀ ਤਰੀਕੇ ਨਾਲ ਪ੍ਰਬੰਧਨ ਯਕੀਨੀ ਬਣਾਉਣਾ ਜ਼ਰੂਰੀ ਹੈ। ਤੁਹਾਡੇ ਕੋਲ ਉਹ ਸਭ ਕੰਮ ਕਰਨ ਦਾ ਸਮਾਂ ਹੈ, ਜਿਨ੍ਹਾਂ ਨੂੰ ਕਰਨ 'ਤੇ ਤੁਸੀਂ ਖ਼ੁਸ਼ ਰਹਿ ਸਕਦੇ ਹੋ।

- ਨਰਿੰਦਰ ਦੇਵਾਂਗਨ

# ਦਵਾਈ ਵੀ ਹੈ ਕੇਸਰ

ਲੇਖਕ : ਸੇਤੂ ਜੈਨ

ਵਿਸ਼ਵ ਦਾ ਸਭ ਤੋਂ ਕੀਮਤੀ ਪੌਦਾ ਹੈ ਕੇਸਰ। ਅੱਧਾ ਗਜ਼ ਲੰਬਾ ਪੌਦਾ ਕਸ਼ਮੀਰ ਅਤੇ ਪਾਕਿਸਤਾਨ ਦੇ ਕੋਇਟਾ ਨਾਮਕ ਸਥਾਨ ਵਿਚ ਪਾਇਆ ਜਾਂਦਾ ਹੈ। ਕੇਸਰ ਵਿਚ ਮੂਲ ਰੂਪ ਵਿਚ ਤਿੰਨ ਰਸਾਇਣ ਪਾਏ ਜਾਂਦੇ ਹਨ। ਯੂਨਾਨੀ ਅਤੇ ਆਯੁਰਵੈਦਿਕ ਦਵਾਈਆਂ ਵਿਚ ਇਸ ਦਾ ਬਹੁਤਾਤ ਵਿਚ ਇਸਤੇਮਾਲ ਕੀਤਾ ਜਾਂਦਾ ਹੈ। ਇਸ ਵਿਚ ਕਈ ਬਿਮਾਰੀਆਂ ਨੂੰ ਦੂਰ ਕਰਨ ਦੀ ਸਮਰੱਥਾ ਹੁੰਦੀ ਹੈ, ਜਿਵੇਂ-



- ਜੇਕਰ ਸਰਦੀ ਲੱਗ ਗਈ ਹੋਵੇ ਤਾਂ ਰਾਤ ਵੇਲੇ ਇਕ ਗਲਾਸ ਦੁੱਧ ਵਿਚ ਇਕ ਚੁਟਕੀ ਕੇਸਰ ਅਤੇ ਇਕ ਚਮਚ ਸ਼ਹਿਦ ਪਾ ਕੇ ਜੇ ਮਰੀਜ਼ ਨੂੰ ਪਿਲਾਇਆ ਜਾਵੇ ਤਾਂ ਉਸ ਨੂੰ ਚੰਗੀ ਨੀਂਦ ਆਉਂਦੀ ਹੈ।
- ਚਮੜੀ ਰੋਗ ਹੋਣ 'ਤੇ ਖਰੋਂਚ ਅਤੇ ਜ਼ਖਮਾਂ 'ਤੇ ਕੇਸਰ ਲਗਾਉਣ ਨਾਲ ਜ਼ਖਮ ਜਲਦੀ ਭਰਦੇ ਹਨ।
- ਬੱਚਿਆਂ ਨੂੰ ਜੇਕਰ ਸਰਦੀ ਜਕੜ ਲਵੇ ਅਤੇ ਨੱਕ ਬੰਦ ਹੋ ਜਾਵੇ ਤਾਂ ਮਾਂ ਦੇ ਦੁੱਧ ਵਿਚ ਕੇਸਰ ਮਿਲਾ ਕੇ ਬੱਚੇ ਦੇ ਮੱਥੇ ਅਤੇ ਨੱਕ 'ਤੇ ਮਲਿਆ ਜਾਵੇ ਤਾਂ ਸਰਦੀ ਦਾ ਪ੍ਰਕੋਪ ਘੱਟ ਹੁੰਦਾ ਹੈ ਅਤੇ ਉਸ ਨੂੰ ਆਰਾਮ ਮਿਲਦਾ ਹੈ।
- ਸਿੱਕਰੀ ਦੀ ਸਮੱਸਿਆ ਹੋਵੇ ਜਾਂ ਫਿਰ ਵਾਲ ਝੜ ਰਹੇ ਹੋਣ, ਅਜਿਹੀ ਸਥਿਤੀ ਵਿਚ ਵੀ ਉਪਰੋਕਤ ਫਾਰਮੂਲਾ ਵਰਤਣਾ ਚਾਹੀਦਾ ਹੈ।
- ਪੁਰਸ਼ਾਂ ਵਿਚ ਸ਼ਕਤੀ ਵਧਾਉਣ ਲਈ ਸ਼ਹਿਦ, ਬਦਾਮ ਅਤੇ ਕੇਸਰ ਲੈਣ ਨਾਲ ਫਾਇਦਾ ਹੁੰਦਾ ਹੈ।
- ਲਿਓਕੋਰੀਆ ਅਤੇ ਹਿਸਟੀਰੀਆ ਦੀ ਸਥਿਤੀ ਵਿਚ ਇਸ ਨੂੰ ਗ੍ਰਹਿਣ ਕਰਨ ਨਾਲ ਪੀੜਤ ਔਰਤ ਨੂੰ ਫਾਇਦਾ ਪਹੁੰਚਦਾ ਹੈ।
- ਸਾਵਧਾਨੀ : ਕਿਉਂਕਿ ਇਹ ਉਸ਼ਣਤਾਵਰਧਕ ਹੈ, ਇਸ ਲਈ ਘੱਟ ਤੋਂ ਘੱਟ ਸੇਵਨ ਕਰਨਾ ਚਾਹੀਦਾ ਹੈ। ਗਰਭ ਅਵਸਥਾ ਵਿਚ ਇਸ ਦੀ ਵਰਤੋਂ ਕਦੇ ਨਹੀਂ ਕਰਨੀ ਚਾਹੀਦੀ।

# ਛੋਟੀ ਪਰ ਗੁਣਾਂ ਨਾਲ ਭਰਪੂਰ ਹੈ ਕਾਲੀ ਮਿਰਚ

ਲੇਖਕ : ਸ਼ੈਲੀ ਮਾਥੁਰ

ਕਾਲੀ ਮਿਰਚ ਛੋਟੀ ਜਿਹੀ ਹੋਣ ਦੇ ਬਾਵਜੂਦ ਅਨੇਕ ਔਸ਼ਧੀ ਗੁਣਾਂ ਨਾਲ ਭਰਪੂਰ ਹੈ। ਇਹ ਸਾਡੀ ਘਰੇਲੂ ਚਿਕਿਤਸਕ ਵੀ ਹੈ।



- ਜ਼ੁਕਾਮ ਹੋਣ 'ਤੇ ਕਾਲੀ ਮਿਰਚ, ਮਿਸ਼ਰੀ ਜਾਂ ਪਤਾਸੇ ਨੂੰ ਦੁੱਧ ਵਿਚ ਮਿਲਾ ਕੇ ਪੀਓ।

ਬਦਹਜ਼ਮੀ ਵਿਚ ਨਿੰਬੂ ਦੇ ਟੁਕੜਿਆਂ ਨੂੰ ਤਵੇ 'ਤੇ ਹਲਕਾ ਜਿਹਾ ਗਰਮ ਕਰੋ। ਉਸ ਦੇ ਉੱਪਰ ਕਾਲੀ ਮਿਰਚ ਅਤੇ ਕਾਲਾ ਨਮਕ ਪਾ ਕੇ ਚੂਸੋ, ਰਾਹਤ ਮਿਲੇਗੀ।

ਦਾਦ, ਖਾਜ, ਖੁਜਲੀ, ਫੋੜੇ, ਫਿੰਸੀ ਆਦਿ ਦੇ ਲਈ ਕਾਲੀ ਮਿਰਚ ਨੂੰ ਘਿਓ ਵਿਚ ਪੀਹ ਕੇ ਰੋਗਯੁਕਤ ਸਥਾਨ 'ਤੇ ਇਸ ਦਾ ਲੇਪ ਕਰੋ। ਦੋ-ਤਿੰਨ ਵਾਰ ਪ੍ਰਯੋਗ ਕਰਨ ਨਾਲ ਫਿੰਸੀਆਂ ਹਟ ਜਾਣਗੀਆਂ।

- ਜੇ ਤੁਹਾਡਾ ਗਲਾ ਬੈਠ ਗਿਆ ਹੋਵੇ ਤਾਂ 8-10 ਕਾਲੀਆਂ ਮਿਰਚਾਂ ਪਾਣੀ ਵਿਚ ਉਬਾਲ ਕੇ ਇਸ ਪਾਣੀ ਨਾਲ ਗਰਾਰੇ ਕਰੋ।
- ਪਾਣੀ ਵਿਚ ਕਾਲੀ ਮਿਰਚ ਉਬਾਲ ਕੇ ਉਸ ਪਾਣੀ ਨਾਲ ਕੁੱਲਾ ਕਰਨ ਨਾਲ ਮਸੂੜਿਆਂ ਦੀ ਸੋਜ ਘੱਟ ਹੋ ਜਾਂਦੀ ਹੈ।
- ਜੇ ਖਾਂਸੀ ਕਾਫੀ ਪੁਰਾਣੀ ਹੋ ਗਈ ਹੋਵੇ ਤਾਂ ਕਾਲੀ ਮਿਰਚ ਅਤੇ ਮਿਸ਼ਰੀ ਨੂੰ ਮਲਾਈ ਦੇ ਨਾਲ ਖਾਓ, ਆਰਾਮ ਮਿਲੇਗਾ।
- ਕਾਲੀ ਮਿਰਚ ਨੂੰ ਪਾਣੀ ਵਿਚ ਮਸਲ ਕੇ ਬਾਲਤੋੜ ਵਾਲੀ ਜਗ੍ਹਾ 'ਤੇ ਲਗਾਉਣ ਨਾਲ ਵੀ ਲਾਭ ਹੁੰਦਾ ਹੈ।
- ਜੇ ਪੇਟ ਵਿਚ ਕੀੜੇ ਹੋਣ ਤਾਂ ਦਿਨ ਵਿਚ ਦੋ-ਤਿੰਨ ਵਾਰ ਕਾਲੀ ਮਿਰਚ ਦੇ ਚੂਰਨ ਵਿਚ ਮਿਸ਼ਰੀ ਮਿਲਾ ਕੇ ਹੌਲੀ-ਹੌਲੀ ਚਬਾਓ।

# ਕਾਵਿ ਕਿਆਰੀ

## ਖਿਆਲਾਂ 'ਚ

ਤੇਰੇ ਖਿਆਲਾਂ ਚ ਰਹਿਨਾ
ਅਪਣਾ ਮੈਨੂੰ ਖਿਆਲ ਨਹੀਂ ਹੁੰਦਾ
ਇਕੋ ਤੇਰੀ ਯਾਦ ਹੁੰਦੀ ਏ
ਹੋਰ ਕੋਈ ਮੇਰੇ ਨਾਲ ਨਹੀਂ ਹੁੰਦਾ

ਤੇਰੇ ਘਰ ਨੂੰ ਰਾਹ ਹਨੇਰੇ
ਮੈਂ ਠੇਡੇ ਖਾ ਖਾ ਡਿਗਦਾ ਹਾਂ
ਹੱਦੋਂ ਵੱਧ ਤੂੰ ਬੇਵਫਾ ਏਂ
ਜ਼ੋ ਇਕ ਵੀ ਦੀਵਾ ਬਾਲ ਨਹੀਂ ਹੁੰਦਾ

ਯਾਦਾਂ ਰੁਸਵਾਈਆਂ ਤੇ ਲਾਰੇ ਤੇਰੇ
ਮੇਰਾ ਕਮਰਾ ਭਰਿਆ ਪਿਆ ਏ
ਮੇਰੇ ਭਾ ਦਾ ਏਹੋ ਖਜ਼ਾਨਾ
ਇਸ਼ਕ ਚ ਕੋਈ ਕੰਗਾਲ ਨਹੀਂ ਹੁੰਦਾ

ਉਂਝ ਤਾਂ ਤੈਥੋਂ ਸੋਹਣਿਆਂ ਦੀ ਵੇ
ਜਗ ਤੇ ਕੋਈ ਕਮੀਂ ਨਹੀਂ ਏਂ
ਅਸੀਂ ਹੀ ਝੱਲੇ ਜਿੰਨਾਂ ਕੋਲੋਂ
ਤੇਰੇ ਵਰਗਾ ਭਾਲ਼ ਨਹੀਂ ਹੁੰਦਾ

**ਲੇਖਕ : ਅਮਨ ਚਾਹਲ**

## ਰਾਹੀਆ ਜਾਂਦੇ ਜਾਂਦਿਆ

ਰਾਹੀਆ ਜਾਂਦੇ ਜਾਂਦਿਆ!
ਤੂੰ ਰਾਹ ਦੇ ਵਿਚ ਕੀ ਡਿੱਠਾ?
ਪਾਣੀ ਵੇ ਕੇਹੜੇ ਖੂਹ ਦਾ
ਤੂੰ ਪੀਤਾ ਰਜ ਕੇ ਮਿੱਠਾ?
ਕਿਹੜੇ ਖੂਹ ਦਾ ਖਾਰੜਾ,
ਕਿੱਥੇ ਰਿਹੋਂ ਤੂੰ ਭੁੱਖਾ,
ਕੌਣ ਹੱਸ ਕੇ ਬੋਲਿਆ,
ਕੌਣ ਬੋਲਿਆ ਵੇ ਰੁੱਖਾ?
ਕਿਸ ਕੁਝ ਦਿੱਤਾ ਖਾਣ ਨੂੰ
ਤੈਨੂੰ ਆਦਰ ਨਾਲ ਬਹਾਇਆ,
ਮੰਜਾ ਦਿੱਤਾ ਸੌਣ ਨੂੰ
ਚੰਨ ਦੇ ਚਾਨਣੇ ਡਾਹਿਆ?
ਕਿਸ ਤੈਨੂੰ ਝਿੜਕਾਂ ਦਿੱਤੀਆਂ
ਤੇ ਬੂਹੇ ਅੰਦਰੋਂ ਮਾਰੇ
ਵੇ ਗੜਿਆਂ ਦੇ ਵਿਚ ਸੌਂ ਗਿਓਂ,
ਤੂੰ ਗਿਣਦਾ ਗਿਣਦਾ ਤਾਰੇ।

**ਲੇਖਕ : ਹਰਦਿਆਲ ਸਿੰਘ ਸੀਕਰੀ**

## ਕਣਕ ਕਿਸਾਨ ਦੀ

ਸੜਕਾਂ ਤੇ ਧਰਨੇ ਦੇ ਰਹੇ ਕਿਸਾਨ
ਲਾਠੀਆਂ ਲੈ ਕੇ ਖੜ੍ਹੇ ਸਿਪਾਹੀ
ਘਰੋਂ ਆਏ ਖਾ ਕੇ ਪਰੌਂਠੇ
ਪਰੌਂਠੇ ਕਣਕ ਦੇ
ਕਣਕ ਕਿਸਾਨ ਦੀ
ਦਫ਼ਤਰਾਂ ਵਿੱਚ ਬੈਠੇ ਅਫ਼ਸਰ
ਦੇ ਰਹੇ ਕਿਸਾਨ ਵਿਰੋਧੀ ਹੁਕਮ
ਘਰੋਂ ਖਾ ਕੇ ਆਏ
ਬ੍ਰਾਊਨ ਬ੍ਰੈੱਡ
ਬ੍ਰੈਡ ਕਣਕ ਦੀ
ਕਣਕ ਕਿਸਾਨ ਦੀ
ਸੰਸਦ ਵਿੱਚ ਬੈਠੇ ਨੇਤਾ
ਕੱਢ ਰਹੇ ਕਿਸਾਨ ਵਿਰੋਧੀ ਕਾਨੂੰਨ
ਸੰਸਦ ਦੀ ਕੰਟੀਨ ਚੋਂ
ਸਸਤੇ ਮੁੱਲ ਤੇ ਖਾ ਕੇ ਆਏ ਡੋਸੇ
ਡੋਸੇ ਬਣੇ ਦਾਲ ਤੇ ਚੌਲ ਦੇ
ਦਾਲ ਤੇ ਚੌਲ ਕਿਸਾਨ ਦੇ।
ਖ਼ਬਰਾਂ ਕਰ ਰਹੇ ਪੱਤਰਕਾਰ
ਘਰੋਂ ਖਾ ਕੇ ਆਏ ਪੂਰੀਆਂ
ਪੂਰੀਆਂ ਆਟੇ ਦੀਆਂ
ਆਟਾ ਕਣਕ ਦਾ
ਕਣਕ ਕਿਸਾਨ ਦੀ
ਟੀਵੀ ਮੂਹਰੇ ਬੈਠੇ
ਅਸੀਂ ਸੁਣ ਰਹੇ ਤਕਰੀਰਾਂ
ਖਾ ਕੇ ਬੈਠੇ ਭਠੂਰੇ
ਭਠੂਰੇ ਮੈਦੇ ਦੇ ਮੈਦਾ ਕਣਕ ਦਾ
ਤੇ ਕਣਕ ਕਿਸਾਨ ਦੀ।

**ਲੇਖਕ : ਹਰਪ੍ਰੀਤ ਕੌਰ ਸੰਧੂ**

## ਕਿਸੇ ਨੇ ਸਾਡੀ ਬਾਤ ਨਾ ਪੁੱਛੀ

ਕਿਸੇ ਨੇ ਸਾਡੀ ਬਾਤ ਨਾ ਪੁੱਛੀ,
ਕਿਸੇ ਨਾ ਦਰਦ ਪਛਾਤੇ ।
ਦਰਦੀ ਨਹੀਂ ਜੇ ਇੱਕ
ਦੂਜੇ ਦੇ ਕਾਹਦੇ ਰਿਸ਼ਤੇ ਨਾਤੇ ।

ਕਿਸ ਚਾਅ ਪਿੱਛੇ ਟੁਰ ਪਏ
ਖ਼ਾਲੀ ਫੜ ਕੇ ਵਾਅ ਦੀ ਉਂਗਲੀ,
ਕਿਸ ਉਮੀਦੇ ਛੱਡ ਆਏ
ਸਾਂ ਵਿਹੜੇ ਭਰੇ-ਭਰਾਤੇ ।

ਨਾ ਉੱਪਰ ਅਸਮਾਨ ਅਸਾਡਾ
ਨਾ ਥੱਲੇ ਕੋਈ ਧਰਤੀ,
ਅਸਾਂ ਤੇ ਭਾਈਆ
ਮੁੱਢ-ਕਦੀਮੋਂ ਬੇ-ਅਸਲੇ ਬੇ-ਜ਼ਾਤੇ ।

ਪੋਰ-ਪੋਰ ਵਿਚ ਸਿਮਦੀ ਜਾਵੇ,
ਅੱਜ ਬੇਸੁਫ਼ਨੀ ਨੀਂਦਰ,
ਕਿਸ ਕੰਮ ਆਏ ਸਾਂਭ ਕੇ
ਰੱਖੇ ਵਰ੍ਹਿਆਂ ਦੇ ਜਗਰਾਤੇ ।

ਸ਼ਹਿਰ ਦੀਆਂ ਖ਼ਾਲੀ ਸੜਕਾਂ ਤੇ
'ਅੰਜੁਮ' ਕੱਲਮ-ਕੱਲਾ,
ਨਾ ਫਿਰਿਆ ਕਰ ਲਾ-ਲਾ ਕੇ
ਖ਼ੁਸ਼ਬੂਆਂ ਰਾਤ ਬਰਾਤੇ

**ਲੇਖਕ : ਅੰਜੁਮ ਸਲੀਮੀ**

## ਘਰ

ਕਬਰਾਂ ਦੇ ਵਿੱਚ ਦੱਬ ਜਾਂਦੇ ਨੇ
ਪੱਥਰਾਂ ਦੇ ਥੱਲੇ ਰੱਖ ਜਾਂਦੇ ਨੇ
ਕੀੜੇ ਮਕੌੜੇ ਖਾ ਜਾਂਦੇ ਨੇ
ਉੱਪਰ ਨਾਂ ਦੀ ਤਖ਼ਤੀ ਲਾ ਕੇ
ਜਦ ਕਬਰਾਂ ਦੇ ਵਿੱਚ ਛੱਡ ਜਾਂਦੇ ਨੇ
ਕਦੇ ਕਦਾਈ ਯਾਦ ਰਹੇ ਤਾਂ
ਫੁੱਲਾਂ ਦੇ ਹਾਰ ਚੜ੍ਹ ਜਾਂਦੇ ਨੇ
ਲੱਕੜ ਦੀ ਸੋਹਣੀ ਸੇਜ਼ ਲਿਟਾ ਕੇ
ਅੱਗ ਦੀ ਭੇਟ ਚੜਾ ਜਾਂਦੇ ਆ
ਹੋਲੀ ਹੋਲੀ ਜਲ ਜਾਂਦੇ ਆ
ਜਦ ਸਿਵਿਆਂ ਦੇ ਵਿੱਚ ਛੱਡ ਜਾਂਦੇ ਨੇ
ਮਰ ਕੇ ਜਦ ਸੁਆਹ ਹਾਂ ਬਣਦੇ
ਹਵਾ ਦੇ ਵਿੱਚ ਉਡਾ ਕੇ ਉੱਪਰੋਂ ਹੀ
ਪਾਣੀ ਵਿੱਚ ਬਹਾ ਜਾਂਦੇ ਨੇ
ਕੋਈ ਤੇਰਾ ਵਜੂਦ ਨਹੀਂ ਹੁਣ
ਆਪਣੇ ਹੀ ਸਮਝਾ ਜਾਂਦੇ ਆ
ਸੋਹਣੀ ਦੁਨੀਆਂ ਤੇ ਜਦ ਹੁੰਦੇ ਨੇ
ਰੰਗਾਂ ਤੋਂ ਭਰਮਾ ਜਾਂਦੇ ਨੇ
ਸੱਚ ਦੀ ਘੋੜੀ ਤੇ ਕੀ ਚੜ੍ਹਨਾ
ਝੂਠ ਤੋਂ ਵੀ ਘਬਰਾ ਜਾਂਦੇ ਨੇ
ਫਿਰ ਆਉਣੇ ਦਾ ਸੁਫ਼ਨਾ ਲੈ ਕੇ
ਅੰਬਰੀ ਘਰ ਬਣਾ ਲੈਂਦੇ ਨੇ
ਜੰਮਣਾ ਮਰਨਾ ਉਸ ਖੇਡ ਬਣਾਈ
ਆਪਣੀ ਵਾਰੀ ਚੱਕਰ ਲਾ ਜਾਂਦੇ ਹਾਂ।

**ਲੇਖਕ : ਹਰਪ੍ਰੀਤ ਕੌਰ ਧੂਤ**

## ਮੁਕਤੀ

ਤੁਹਾਡੀਆਂ ਸੋਚਾਂ ਦੇ ਬੱਦਲਾਂ ਤੇ ਦੋਸ਼ ਹੈ
ਕਿ ਇਹ ਲੁਕੋ ਦਿੰਦੇ,
ਵਿਹੜਿਆਂ ਵਿੱਚ ਮਘਦੇ ਸੂਰਜਾਂ ਨੂੰ। ਚਲੋ !
ਮੈਂ ਦੋਸ਼ ਮੁਕਤ ਕਰ ਦਿੰਦਾ ਹਾਂ
ਹਰ ਉਸ ਖੂੰਝੇ ਨੂੰ
ਜਿੱਥੇ ਜਿੱਥੇ ਸਾਜ਼ਿਸ਼ ਪਨਪਦੀ ਹੈ।
ਜੇਕਰ ਤੁਸੀਂ ਲੈ ਆਓਗੇ
ਕਾਲੇ ਦਿਨਾਂ ਤੇ ਹਨੇਰੇ ਘਰਾਂ
ਦੇ ਨੂਰ ਨੂੰ ਵਾਪਿਸ
ਤੇ ਸੰਤੁਸ਼ਟ ਕਰ ਸਕੋ
ਮਾਪਿਆਂ ਦੇ ਜਿਹਨ 'ਚੋਂ
ਤ੍ਰਬਕਦੇ ਵਰਤਮਾਨ
ਤੇ ਸਹਿਮਦੇ ਭਵਿੱਖ ਨੂੰ।

**ਲੇਖਕ : ਹਰਵਿੰਦਰ ਚੰਨੂੰ ਵਾਲਾ**

## ਅਸਲੀਅਤ

ਕੀਹਦੇ ਕੀਹਦੇ ਕੋਲ ਰਹੂ ਹੁੰਦੀ,
ਨਿੱਤ ਜ਼ਲੀਲ ਵਾਲੀ ਗੱਲ ਬੇਲੀ।
ਸੌ ਹੱਥ ਰੱਸਾ ਗੰਢੇ ਸਿਰੇ ਬੱਝੀ,
ਇਹਦਾ ਇੱਕੋ ਹੀ ਹੈ ਹੱਲ ਬੇਲੀ।

ਭਾਵੇਂ ਬਦਲ ਲੈ ਨਾਉਂ ਤਖ਼ੱਲਸਾਂ ਨੂੰ,
ਨਹੀਉਂ ਮਿਟਣੀ ਪਈ ਅੱਲ ਬੇਲੀ।
ਮਰੇ ਆਪ ਤਾਂ 'ਭਗਤਾ' ਜੱਗ ਪਰਲੋ,
ਪੈਣੀ ਜਨਮ ਮਰਨ ਨਾ ਠੱਲ੍ਹ ਬੇਲੀ।

ਨਾਉਂ ਮੇਟ ਲੈ ਕੁਰਸੀਨਾਮਿਆਂ 'ਚੋਂ,
ਜਾਂ ਫਿਰ ਦੁਨੀਆਂ ਤੋਂ ਜਾ ਟਲ ਬੇਲੀ।
ਪੈਣਾ ਫਰਕ ਨਾ ਤੇਰੇ ਗਿਆਂ ਵੀ,
ਆਉਣਾ ਜਾਣਾ ਬਣਿਆਂ ਪਲ ਬੇਲੀ।

ਸ਼ਬਦ ਗੁਰੂ ਦਾ ਕਰਦੇ ਜਾਪ ਸ਼ੁਰੂ,
ਜੇ ਲੰਘਣਾ ਭਵਜਲ ਬੇਲੀ।
ਨਹੀਂ ਤਾਂ ਆਏ ਜਿਹੇ ਜਾਂ ਨਾ ਆਏ,
ਇੱਕ ਬਰਾਬਰ ਹੈ ਗੱਲ ਬੇਲੀ।

**ਲੇਖਕ : ਬਰਾੜ-ਭਗਤਾ ਭਾਈ ਕਾ**
**ਸੰਪਰਕ : 1-604-751-1113**

## ਗ਼ਜ਼ਲ

ਪਹਿਲੀ ਕਿਰਨ ਦਾ ਨੂਰ ਤਾਂ,
ਸੋਨਾ ਜਿਵੇਂ ਬਿਖਰਾ ਗਿਆ,
ਜਾਗੋ ਵੇ ਬਸਤੀ ਵਾਲਿਓ,
ਸੂਰਜ ਸਿਰਾਂ ਤੇ ਆ ਗਿਆ ॥
ਸੁੱਤੇ ਰਹੋ ਦੁਪਹਿਰ ਤੱਕ,
ਤਾਂ ਕੀ ਬਣੇਗਾ ਜੇ ਕਦੇ,
ਸੋਹਣਾ ਜਿਹਾ ਸੁਪਨਾ ਕੋਈ,
ਅਖਾਂ 'ਚ ਹੀ ਪਥਰਾ ਗਿਆ॥
ਗਰਮੀ 'ਚ ਧੁੱਪੇ ਬੈਠ ਕੇ,
ਭਾਸ਼ਣ ਉਨ੍ਹਾਂ ਦਾ ਸੁਣਦਿਆਂ,
ਕਈਆਂ ਦਾ ਸਿਰ ਚਕਰਾ ਗਿਆ,
ਕਈਆਂ ਦਾ ਦਿਲ ਘਬਰਾ ਗਿਆ ॥
ਫੁਲਾਂ ਦੇ ਪਾ ਕੇ ਹਾਰ ਗਲ,
ਆਏ ਨੇ ਰਾਖੇ ਬਾਗ਼ ਦੇ,
ਲਗਰਾਂ ਨੇ ਨੀਵੀਂ ਪਾ ਲਈ,
ਕਲੀਆਂ 'ਚ ਮਾਤਮ ਛਾ ਗਿਆ॥
ਹਰ ਬੂੰਦ ਵਿਚ ਨੇ ਬਿਜਲੀਆਂ,
ਹਰ ਲਹਿਰ ਵਿਚ ਤੂਫ਼ਾਨ ਹੈ,
ਚੜ੍ਹਦੀ ਨਦੀ ਨੇ ਖੋਰਨੈ,
ਪਰਬਤ ਵੀ ਜੇ ਟਕਰਾ ਗਿਆ ॥

**ਲੇਖਕ : ਸੁਰਜੀਤ ਸਖੀ**

## ਦੁੱਖੜੇ

ਤੌਬਾ ਤੌਬਾ ਦੁੱਖੜੇ ਵੇਖੋ,
ਹੱਸਦੇ ਫ਼ੇਰ ਵੀ ਮੁੱਖੜੇ ਵੇਖੋ,
ਸਿੱਧਮ ਸਿੱਧੇ ਚੱਲਦੇ ਸੀ ਜੋ,
ਹੋ ਕੇ ਡਿੱਗੇ ਪੁੱਠੜੇ ਵੇਖੋ,
ਹੋਰਾਂ ਦੇ ਟੋਟੇ ਚੁਗਦੇ ਚੁਗਦੇ,
ਖ਼ੁਦ ਹੀ ਹੋਗੇ ਟੁੱਕੜੇ ਵੇਖੋ,
ਕਦੇ ਨਾ ਅੱਖੋਂ ਓਹਲੇ ਹੁੰਦੇ ਸੀ,
ਅੱਜ ਸੱਜਣ ਫਿਰਦੇ ਲੁੱਕਦੇ ਵੇਖੋ,
ਓਹ ਵੀ ਕਰਦੇ ਸਨ ਮੁਹੱਬਤ,
ਅਕੀਦਾ ਨਹੀਂ ਤੇ ਪੁੱਛਕੇ ਵੇਖੋ,
ਜਿਨ੍ਹਾਂ ਵਿੱਚੋਂ ਨੂਰ ਸੀ ਦਿਖਦਾ,
ਓਹੀਓ ਨੈਣ ਹੁਣ ਸੁੱਕਗੇ ਵੇਖੋ,
ਰੁਕੇ ਨਹੀਂ ਸਨ ਕਿਸੇ ਦੇ ਰੋਕੇ,
ਅੱਜ ਬਿਨਾਂ ਕਹੇ ਤੋਂ ਰੁੱਕਦੇ ਵੇਖੋ,
ਸਾਡਾ ਨਾਂ ਥੇਹ ਯਾਦ ਰਿਹਾ ਨਾ,
ਹੁਣ ਭੀੜਾਂ ਕੋਲੋਂ ਪੁੱਛਦੇ ਵੇਖੋ।

**ਲੇਖਕ : ਹਨੀ ਰਾਮਪੁਰਾ**

## ਇਕ ਤੋਂ ਦੂਜੇ ਤਾਰੇ ਤੀਕਰ ਜਾਂਦੀ ਏ

ਇਕ ਤੋਂ ਦੂਜੇ ਤਾਰੇ ਤੀਕਰ ਜਾਂਦੀ ਏ।
ਨਜ਼ਰ ਫਿਰ ਅੰਬਰ ਸਾਰੇ ਤੀਕਰ ਜਾਂਦੀ ਏ।

ਜਦੋਂ ਅਕਲ ਦੇ ਬੰਦ ਦਰਵਾਜ਼ੇ ਖੁਲਦੇ ਨੇ,
ਅੱਖ ਫਿਰ ਅਜਬ ਨਜ਼ਾਰੇ ਤੀਕਰ ਜਾਂਦੀ ਏ।

ਮਜ਼੍ਹਬੀ ਡੰਡੇ ਨਾਲ਼ ਰਿਆਸਤ ਚਲੇ ਤੇ,
ਗੱਲ ਫਿਰ ਖ਼ੂਨ ਖਿਲਾਰੇ ਤੀਕਰ ਜਾਂਦੀ ਏ।

ਉਹਨੂੰ ਇਲਮ ਗੁਜ਼ਾਰੇ ਜੋਗਾ ਮਿਲਦਾ ਏ,
ਜਿਸਦੀ ਸੋਚ ਗੁਜ਼ਾਰੇ ਤੀਕਰ ਜਾਂਦੀ ਏ।

ਸਾਡੇ ਹੱਥ ਪਤਵਾਰ ਫੜਾਉ ਤੇ ਵੇਖੋ,
ਕਿਸ਼ਤੀ ਕਿਵੇਂ ਕਿਨਾਰੇ ਤੀਕਰ ਜਾਂਦੀ ਏ।

**ਲੇਖਕ : ਅਲੀ ਬਾਬਰ**

## ਕਿੱਤੇ

ਅਧਿਆਪਕ ਸਕੂਲ ਵਿੱਚ ਪੜ੍ਹਾਏ।
ਮਕਾਨ,ਪੁੱਲ ਇੰਜੀਨੀਅਰ ਬਣਾਏ।
ਮੋਚੀ ਜੁੱਤੀਆਂ ਕਰੇ ਤਿਆਰ।
ਸੁਨਿਆਰਾ ਬਣਾਏ ਸੋਨੇ ਦਾ ਹਾਰ।
ਮਿੱਟੀ ਦੇ ਭਾਂਡੇ ਬਣਾਏ ਘੁਮਿਆਰ।
ਤੋਲ ਤੋਲ ਸੌਦਾ ਵੇਚੇ ਦੁਕਾਨਦਾਰ।
ਕਿਸਾਨ ਫ਼ਸਲਾਂ ਨੂੰ ਉਗਾਵੇ।
ਮਾਲੀ ਪੌਦੇ ਫੁੱਲਾਂ ਦੇ ਲਾਵੇ।
ਲੱਕੜ ਦੇ ਦਰਵਾਜ਼ੇ ਬਣਾਏ ਤਰਖਾਣ।
ਪਾਇਲਟ ਹਵਾਈ-ਜਹਾਜ਼ ਉਡਾਣ।
ਦਰਜ਼ੀ ਕੱਪੜੇ ਸੀਉਂਦਾ ਹੈ।
ਧੋਬੀ ਕੱਪੜੇ ਧੋਂਦਾ ਹੈ।
ਲੋਹੇ ਦਾ ਕੰਮ ਕਰੇ ਲੁਹਾਰ।
ਲੱਕੜਹਾਰਾ ਦੇਵੇ ਲੱਕੜਾਂ ਪਾੜ।
ਰਾਤੀਂ ਪਹਿਰਾ ਦਿੰਦਾ ਚੌਕੀਦਾਰ।
ਡਾਕਟਰ ਠੀਕ ਕਰੇ ਬਿਮਾਰ।
ਦੇਸ਼ ਦੀ ਰੱਖਿਆ ਫ਼ੌਜੀ ਕਰਦੇ।
ਪੁਲਿਸ ਵਾਲੇ ਚੋਰਾਂ ਨੂੰ ਫੜਦੇ।

**ਲੇਖਕ : ਅਮਰਪ੍ਰੀਤ ਸਿੰਘ ਝੀਤਾ**

## ਬਖ਼ਤ ਨਾ ਵਿਕਦੇ ਮੁਲ ਵੇ

ਰੰਗਾ ਰੰਗ ਨੇ ਕਪਾਹ ਦੇ ਫੁੱਲ ਵੇ ।
ਕਦੇ ਬਖ਼ਤ ਨਾ ਵਿਕਦੇ ਮੁੱਲ ਵੇ ।

ਲੈਂਦੇ ਨਾ ਖ਼ਰੀਦ ? ਪਰ ਜੀਵੇਂ ਹਾਣੀਆਂ ।
ਕਰੀਏ ਤੇ ਕਰੀਏ, ਕੀ ਵੇ ਹਾਣੀਆਂ ।
ਕਰਨ ਨਾ ਦਿੰਦੇ ਉੱਚੀ ਸੀ ਵੇ ਹਾਣੀਆਂ ।

ਹੰਝੂ ਚੰਦਰੇ ਨੇ ਪੈਂਦੇ ਡੁੱਲ੍ਹ ਵੇ ।
ਕਿਤੇ ਬਖ਼ਤ ਨਾ ਵਿਕਦੇ ਮੁਲ ਵੇ ।

ਹੱਥ ਆਪਣੇ 'ਚ ਆਪਣੀ ਡੋਰ ਨਹੀਂ ।
ਜਿਹਦੇ ਹੱਥ ਵਿਚ, ਉਸ ਤੇ ਜ਼ੋਰ ਨਹੀਂ ।

ਲਿਖੀ ਧੁਰ ਦੀ ਤੇ ਹੋਂਦੀ ਹੋਰ ਨਹੀਂ ।
ਲੱਖ ਹਫ਼ੀਏ ਪਏ ਘੁਲ ਘੁਲ ਹਾਣੀਆਂ ।
ਰੰਗਾ ਰੰਗ ਨੇ ਕਪਾਹ ਦੇ ਫੁੱਲ ਹਾਣੀਆਂ।

ਮਿੱਟੀ ਢੋਈ ਕਿਸੇ ਚੱਕ ਫੇਰੇ ।
ਕਿਸੇ ਵਗ ਸਿਆਲਾਂ ਦੇ ਛੇੜੇ ।
ਜਦੋਂ ਬਖ਼ਤ ਨਾ ਹੋਣ ਚੰਗੇਰੇ ।

ਰਾਹ ਨੀਲੀਆਂ ਜਾਂਦੀਆਂ ਭੁੱਲ ਵੇ ।
ਰੰਗਾ ਰੰਗ ਨੇ ਕਪਾਹ ਦੇ ਫੁੱਲ ਵੇ ।
ਕਦੇ ਬਖ਼ਤ ਨਾ ਵਿਕਦੇ ਮੁੱਲ ਵੇ ।

**ਲੇਖਕ : ਸ਼ਰੀਫ਼ ਕੁੰਜਾਹੀ**

## ਮਾਂ ਬੋਲੀ

ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ
ਪੰਜਾਬੀ ਮਾਂ ਬੋਲੀ ਸਾਡੀ।
ਸ਼ਹਿਦ ਤੋ ਮਿੱਠੀ ਡਾਹਢੀ।
ਕਿਸੇ ਵੀ ਦੇਸ਼ 'ਚ ਰਹੀਏ।
ਪੰਜਾਬੀ ਵਿਚ ਸੁਣੀਏ ਕਹੀਏ।
ਗਾਈਏ ਪੰਜਾਬੀ ਦੇ ਸੋਹਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।
ਕਨੇਡਾ ਹੈ ਮੁਲਖ਼ ਪਿਆਰਾ।
ਸੋਹਣਾ, ਸੁਥਰਾ ਤੇ ਨਿਆਰਾ।
ਏਕੇ ਦਾ ਸਬਕ ਸਿਖਾਉਂਦਾ।
ਹਰ ਇਕ ਦੇ ਮਨ ਨੂੰ ਭਾਉਂਦਾ।
ਘੁੰਡੀਆਂ ਦਿਲਾਂ ਦੀਆਂ ਖੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।
ਬੋਲੀ ਪੰਜਾਬੀ ਸਿਖਣੀ।
ਗੁਰਮੁਖੀ ਲਿੱਪੀ ਲਿਖਣੀ।
ਡਿਗਰੀ ਹੈ ਵੱਡੀ ਲੈਣੀ।
ਵਿਦਿਆ ਦੀ ਘਾਟ ਨਾ ਰਹਿਣੀ।
ਗਿਆਨ ਵਲੋਂ ਨਾ ਹੋ ਜਾਈਏ ਪੋਲੇ।
ਰਹਿੰਦੇ ਕਨੇਡਾ ਵਿੱਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।
ਨੀਤੀ ਵਿਚ ਅੱਗੇ ਆਉਣਾ।
ਨੀਅਤ ਦਾ ਝੇੜ ਨਾ ਪਾਉਣਾ।
ਵੱਡੀ ਚਾਹੋ ਪਦਵੀ ਲੈਣੀ।
ਓਥੇ ਵੀ ਸੱਚੀ ਕਹਿਣੀ।
ਹੋਣਾ ਕਦੇ ਨਾ ਕੰਨਾਂ ਤੋਂ ਬੋਲ਼ੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।
ਗੁਣੀਆਂ ਨੇ ਉਮਰ ਲੰਘਾਤੀ।
ਲਿਖਣ ਦੀ ਹੱਦ ਮੁਕਾਤੀ।
ਸਾਡੇ ਬਿਨ ਪੜ੍ਹੇਗਾ ਕਿਹੜਾ।
ਕਰ ਲਓ ਹੁਣ ਤੁਸੀਂ ਨਿਬੇੜਾ।
ਪਿਓ ਦਾਦੇ ਨੇ ਖਜ਼ਾਨੇ ਖੋਲ੍ਹੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।
ਬਾਣੀ ਸਤਿਗੁਰਾਂ ਉਚਾਰੀ।
ਗੁਰਦਾਸ ਜੀ ਲਿਖ ਗਏ ਸਾਰੀ।
ਵੀਰ ਸਿੰਘ ਲਿਖਗੇ ਗਿਆਨ।
'ਨਾਭਾ' ਦਾ ਕੋਸ਼ ਮਹਾਨ।
ਸਿੰਘ ਸਭੀਆਂ ਦੇ ਬਚਨ ਅਮੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।
ਪਾਵਨ ਜੋ ਧੁਰ ਕੀ ਬਾਣੀ।
ਸਿੱਖ ਲੈਣੀ ਅਤੇ ਸਿਖਾਉਣੀ।
ਸਾਡਾ ਇਤਿਹਾਸ ਹੈ ਭਾਰਾ।
ਪੜ੍ਹੀਏ,ਅਪਨਾਈਏ ਸਾਰਾ।
ਬਿਨਾਂ ਕੁੰਜੀਓਂ ਜਿੰਦੇ ਕੌਣ ਖੋਲੇ।
ਰਹਿੰਦੇ ਕੈਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।
ਮੂੰਹੋਂ ਜੇ ਭੁੱਲਿਆ ਊੜਾ।
ਸਿਰ ਉੱਤੇ ਰਿਹਾ ਨਾ ਜੂੜਾ।
ਜ਼ਿੱਲਤ ਸਹਿਣੀ ਹੀ ਪੈਣੀ।
ਕੌਮ ਦੀ ਹੋਂਦ ਨਾ ਰਹਿਣੀ।
ਤਾਹੀਓਂ ਕਿਸ਼ਤੀ ਖਾਂਵਦੀ ਡੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।
ਸਕੂਲ ਪੰਜਾਬ 'ਚ ਖੋਹਲੇ।
ਪੰਜਾਬੀ ਤੋਂ ਰੱਖਣ ਓਹਲੇ।
ਪੰਜਾਬੀ ਤੋਂ ਸਾੜਾ ਰੱਖਦੇ।
ਬੋਲ ਨਾ ਇੰਗਲਿਸ਼ ਥੱਕਦੇ।
'ਮਾਸੀ ਮਾਨ ਦੀ' ਪੰਜਾਬੀ ਨੂੰ ਮਧੋਲੇ।
ਰਹਿੰਦੇ ਕਨੇਡਾ ਵਿੱਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।
ਹਰਪਾਲ ਸਿੰਘ ਛੰਦ ਬਣਾਤਾ।
ਕਵੀਸ਼ਰਾਂ ਸੋਹਣਾ ਗਾਤਾ।
ਠੇਠ ਪੰਜਾਬੀ ਬੋਲੋ।
ਮਾਂ ਬੋਲੀ ਕਦੇ ਨਾਂ ਰੋਲ਼ੋ।
ਰੰਗ ਲਓ ਮਜੀਠੀ ਚੋਲੇ।
ਰਹਿੰਦੇ ਕਨੇਡਾ ਵਿਚ ਹਾਂ,
ਸਾਡੇ ਅੰਦਰੋਂ ਪੰਜਾਬੀ ਬੋਲੇ,
ਕਦੇ ਨਾ ਭੁੱਲੋ ਪੰਜਾਬੀ।

**ਲੇਖਕ : ਗਿ. ਹਰਪਾਲ ਸਿੰਘ ਲੱਖਾ**

# ਮਸਨੂਈ ਬੁੱਧੀ ਦੇ ਆਰਥਿਕ ਅਸਰ

ਲੇਖਕ : ਰਣਜੀਤ ਸਿੰਘ ਘੁੰਮਣ
*ਪ੍ਰੋਫੈਸਰ ਆਫ ਐਮੀਨੈਂਸ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।



ਦਲੀਲ ਦਿੱਤੀ ਜਾ ਰਹੀ ਹੈ ਕਿ ਕੰਪਿਊਟਰ ਨਿਰਮਿਤ ਬੁੱਧੀ (ਮਸਨੂਈ ਬੁੱਧੀ – ਏਆਈ) ਨਾਲ ਕਿਰਤ ਅਤੇ ਪੂੰਜੀ ਦੀ ਉਤਪਾਦਕਤਾ ਵਿਚ ਵਾਧਾ ਹੋਵੇਗਾ ਅਤੇ ਇਸ ਤਰ੍ਹਾਂ ਆਰਥਿਕ ਵਿਕਾਸ ਤੇ ਕੁੱਲ ਘਰੇਲੂ ਪੈਦਾਵਾਰ (ਜੀਡੀਪੀ) ਨੂੰ ਹੁਲਾਰਾ ਮਿਲੇਗਾ ਜੋ ਆਲਮੀ ਅਰਥਚਾਰੇ ਨੂੰ ਮੰਦਵਾੜੇ ਵਿਚੋਂ ਬਾਹਰ ਕੱਢ ਦੇਵੇਗਾ ਪਰ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਏਆਈ ਦੇ ਸਮਾਜਿਕ-ਸੱਭਿਆਚਾਰਕ ਅਤੇ ਸਿਆਸੀ-ਮਾਲੀ ਪ੍ਰਭਾਵ ਪੈਣਗੇ। ਏਆਈ ਦਾ ਵੱਡੇ ਪੱਧਰ ’ਤੇ ਇਸਤੇਮਾਲ ਕੀਤੇ ਜਾਣ ਨਾਲ ਮਜ਼ਦੂਰਾਂ ਦਾ ਬਹੁਤ ਜ਼ਿਆਦਾ ਉਜਾੜਾ ਹੋਵੇਗਾ ਜਿਸ ਦੇ ਸਿੱਟੇ ਵਜੋਂ ਖ਼ਾਲਸ ਰੁਜ਼ਗਾਰ ਵਿਚ ਕਮੀ ਆਵੇਗੀ। ਇਸ ਵਜ੍ਹਾ ਨਾਲ ਉਜਾੜੇ/ਬੇਰੁਜ਼ਗਾਰੀ ਦਾ ਸ਼ਿਕਾਰ ਹੋਣ ਵਾਲੇ ਮਜ਼ਦੂਰਾਂ ਨੂੰ ਨਵੇਂ ਹੁਨਰ ਸਿਖਾਉਣ ਅਤੇ ਨਾਲ ਹੀ ਉਨ੍ਹਾਂ ਦੀਆਂ ਵਿੱਤੀ ਲੋੜਾਂ ਪੂਰੀਆਂ ਕਰਨ ਲਈ ਬਹੁਤ ਜ਼ਿਆਦਾ ਮਾਲੀ ਵਸੀਲਿਆਂ ਦੀ ਲੋੜ ਪਵੇਗੀ। ਇਸ ਦੇ ਇਕ ਹੱਲ ਵਜੋਂ ਯੂਨੀਵਰਸਲ ਬੇਸਿਕ ਇਨਕਮ (ਯੂਬੀਆਈ) ਦੀ ਵਿਵਸਥਾ ਪੇਸ਼ ਕੀਤੀ ਜਾ ਰਹੀ ਹੈ ਪਰ ਇਸ ਮਾਮਲੇ ਵਿਚ ਵੀ ਬਹੁਤ ਕਿੰਤੂ-ਪ੍ਰੰਤੂ ਹਨ; ਜਿਵੇਂ, ਕੀ ਏਆਈ ਅਤੇ ਵਧੀ ਹੋਈ ਉਤਪਾਦਕਤਾ ਦੇ ਲਾਭਪਾਤਰੀਆਂ ਵੱਲੋਂ ਯੂਬੀਆਈ ਲਾਗੂ ਕਰਨ ਅਤੇ ਨਾਲ ਹੀ ਬੇਰੁਜ਼ਗਾਰ ਹੋਏ ਕਾਮਿਆਂ ਨੂੰ ਨਵੇਂ ਸਿਰਿਉਂ ਹੁਨਰਮੰਦ ਕਰਨ ਲਈ ਆਪਣੇ ਫੰਡਾਂ ਵਿਚੋਂ ਹਿੱਸਾ ਵੰਡਾਇਆ ਜਾਵੇਗਾ ਜਾਂ ਨਹੀਂ।

ਅਰਥ ਸ਼ਾਸਤਰੀਆਂ 1960ਵਿਆਂ ਵਿਚ ਵੀ ਦਲੀਲਾਂ ਦਿੰਦੇ ਸਨ ਕਿ ਉੱਚੀ ਵਿਕਾਸ ਦਰ ਅਤੇ ਜੀਡੀਪੀ ਦੇ ਵੱਡੇ ਆਕਾਰ ਦੇ ਨਤੀਜੇ ਵਜੋਂ ਉਚੇਰੀ ਵਿਕਾਸ ਦਰ ਤੋਂ ਮੁਨਾਫ਼ੇ ਵਿਚ ਕਮੀ ਆਵੇਗੀ ਅਤੇ ਇਸ ਨਾਲ ਆਰਥਿਕ ਨਾਬਰਾਬਰੀ ਵਿਚ ਵੀ ਕਮੀ ਆਵੇਗੀ ਪਰ ਹਕੀਕਤ ਵਿਚ ਇੰਝ ਨਹੀਂ ਵਾਪਰਿਆ, ਕਿਉਂਕਿ ਆਮਦਨ ਤੇ ਦੌਲਤ ਪੱਖੋਂ ਨਾਬਰਾਬਰੀ ਲਗਾਤਾਰ ਵਧ ਰਹੀ ਹੈ ਅਤੇ ਇਸ ਦੇ ਸਿੱਟੇ ਵਜੋਂ ਮਾਲ ਅਤੇ ਸੇਵਾਵਾਂ ਦੀ ਮੰਗ ਵਿਚ ਕਮੀ ਆ ਰਹੀ ਹੈ ਅਤੇ ਇਸ ਵਜ੍ਹਾ ਨਾਲ ਕਿਰਤ/ਮਜ਼ਦੂਰੀ ਦੀ ਮੰਗ ਵਿਚ ਗਿਰਾਵਟ ਆ ਰਹੀ ਹੈ।

ਸੰਸਾਰ ਬੈਂਕ ਦੇ ਸੰਸਾਰ ਵਿਕਾਸ ਸੂਚਕ-2023 ਮੁਤਾਬਿਕ ਆਲਮੀ ਅਰਥਚਾਰੇ ਦੀ ਸਾਲਾਨਾ ਔਸਤ ਵਿਕਾਸ ਦਰ 1980-2010 ਦੌਰਾਨ ਵਾਲੀ ਦਰ 3.2 ਫ਼ੀਸਦੀ ਤੋਂ ਘਟ 2010-2020 ਦੌਰਾਨ 2.7 ਫ਼ੀਸਦੀ ਰਹਿ ਗਈ ਹੈ। ਇਸੇ ਤਰ੍ਹਾਂ ਪ੍ਰਤੀ ਜੀਅ ਆਮਦਨ ਵੀ ਇਸ ਅਰਸੇ ਦੌਰਾਨ 1.69 ਫ਼ੀਸਦੀ ਤੋਂ ਘਟ ਕੇ 1.54 ਫ਼ੀਸਦੀ ਰਹਿ ਗਈ ਹੈ। ਸੰਸਾਰ ਬੈਂਕ ਦੀ ਜਨਵਰੀ 2024 ਦੀ ਰਿਪੋਰਟ (ਆਲਮੀ ਆਰਥਿਕ ਸੰਭਾਵਨਾਵਾਂ) ਦਾ ਅੰਦਾਜ਼ਾ ਹੈ ਕਿ “ਬਹੁਤੇ ਅਰਥਚਾਰੇ ਵਿਕਸਿਤ ਵੀ ਤੇ ਵਿਕਾਸਸ਼ੀਲ ਵੀ, 2024 ਤੇ 2025 ਦੌਰਾਨ ਕੋਵਿਡ-19 ਤੋਂ ਪਹਿਲਾਂ ਵਾਲੇ ਦਹਾਕੇ ਦੇ ਮੁਕਾਬਲੇ ਮੱਠੀ ਰਫ਼ਤਾਰ ਨਾਲ ਵਿਕਾਸ ਕਰਨਗੇ। ਆਲਮੀ ਵਿਕਾਸ ਦਰ 2024 ਦੌਰਾਨ ਲਗਾਤਾਰ ਤੀਜੇ ਸਾਲ ਮੱਠੀ ਰਹਿਣ ਦੇ ਆਸਾਰ ਹਨ ਜਿਹੜੀ ਇਸ ਸਾਲ 2.4 ਫ਼ੀਸਦੀ ਰਹਿਣ ਦਾ ਅੰਦਾਜ਼ਾ ਹੈ ਜੋ 2025 ਵਿਚ ਵਧ ਕੇ 2.7 ਫ਼ੀਸਦੀ ਤੱਕ ਜਾ ਸਕਦੀ ਹੈ। ਇਸ ਦੇ ਬਾਵਜੂਦ ਇਹ ਵਧੀ ਹੋਈ ਵਿਕਾਸ ਦਰ ਵੀ 2010ਵਿਆਂ ਦੀ 3.1 ਫ਼ੀਸਦੀ ਦੇ ਮੁਕਾਬਲੇ ਬਹੁਤ ਘੱਟ ਹੋਵੇਗੀ। ਪ੍ਰਤੀ ਜੀਅ ਨਿਵੇਸ਼ ਵਿਕਾਸ ਦਰ ਵੀ 2023 ਤੇ 2024 ਦੌਰਾਨ ਔਸਤਨ ਮਹਿਜ਼ 3.7 ਫ਼ੀਸਦੀ ਰਹਿਣ ਦੇ ਅੰਦਾਜ਼ੇ ਹਨ ਜਿਹੜੀ ਪਿਛਲੇ ਦੋ ਦਹਾਕਿਆਂ ਦੀ ਔਸਤ ਦੇ ਮੁਕਾਬਲੇ ਮਸਾਂ ਅੱਧੀ ਹੀ ਹੋਵੇਗੀ। ਜਦੋਂ ਤੱਕ ਦਰੁਸਤੀ ਕਦਮ ਨਹੀਂ ਉਠਾਏ ਜਾਂਦੇ, ਆਲਮੀ ਵਿਕਾਸ 2020ਵਿਆਂ ਦੇ ਰਹਿੰਦੇ ਸਾਲਾਂ ਦੌਰਾਨ ਵੀ ਆਪਣੀ ਸਮਰੱਥਾ ਤੋਂ ਕਾਫ਼ੀ ਘੱਟ ਬਣਿਆ ਰਹੇਗਾ।” ਰਿਪੋਰਟ ਦੀ ਭਵਿੱਖਬਾਣੀ ਵਿਚ ਦੁਨੀਆ ਭਰ ਦੇ ਬਹੁਤੇ ਮੁਲਕਾਂ ਵਿਚ ਆਮ ਲੋਕਾਂ ਦੀ ਆਮਦਨ ਵਿਚ ਵੀ ਠੋਸ ਗਿਰਾਵਟ ਦਾ ਖ਼ਦਸ਼ਾ ਜ਼ਾਹਿਰ ਕੀਤਾ ਗਿਆ ਹੈ।

ਯੂਐੱਨਡੀਪੀ (ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ) ਦੀ 2021-22 ਦੀ ਮਨੁੱਖੀ ਵਿਕਾਸ ਰਿਪੋਰਟ ਮੁਤਾਬਕ ਮਨੁੱਖੀ ਵਿਕਾਸ ਸੂਚਕ ਅੰਕ ਦੇ ਮੁੱਲ ਦੀ ਔਸਤ ਸਾਲਾਨਾ ਵਿਕਾਸ ਦਰ ਵਿਚ ਵੀ 2000-2010 ਦੇ 0.78 ਫ਼ੀਸਦੀ ਦੇ ਮੁਕਾਬਲੇ 2010-2020 ਵਿਚ ਤੇਜ਼ ਗਿਰਾਵਟ ਦੇਖਣ ਮਿਲੀ ਹੈ ਜੋ ਘਟ ਕੇ 0.45 ਫ਼ੀਸਦੀ ਰਹਿ ਗਈ ਹੈ। 2010-2019 ਦੌਰਾਨ ਆਲਮੀ ਰੁਜ਼ਗਾਰ ਲਚਕਤਾ ਮਨਫ਼ੀ 0.85 ਫ਼ੀਸਦੀ ਸੀ ਜਿਸ ਦਾ ਮਤਲਬ ਹੈ ਕਿ ਵਿਕਾਸ ਦਰ ਵਿਚ ਇਕ ਫ਼ੀਸਦੀ ਅੰਕ ਦਾ ਵਾਧਾ ਵੀ ਰੁਜ਼ਗਾਰ ਵਿਚ 0.85 ਫ਼ੀਸਦੀ ਅੰਕ ਕਮੀ ਦਾ ਕਾਰਨ ਬਣਦਾ ਹੈ। ਇਹ ਵੀ ਦੱਸਣਯੋਗ ਹੈ ਕਿ ਇਸੇ ਅਰਸੇ ਦੌਰਾਨ ਖੇਤੀਬਾੜੀ, ਸਨਅਤ ਅਤੇ ਸੇਵਾਵਾਂ ਦੇ ਖੇਤਰਾਂ ਵਿਚ ਰੁਜ਼ਗਾਰ ਲਚਕਤਾ ਤਰਤੀਬਵਾਰ ਮਨਫ਼ੀ 0.92 ਫ਼ੀਸਦੀ, ਮਨਫ਼ੀ 0.78 ਫ਼ੀਸਦੀ ਅਤੇ ਮਨਫ਼ੀ 0.88 ਫ਼ੀਸਦੀ ਸੀ। ਇਨ੍ਹਾਂ ਅੰਕੜਿਆਂ ਤੋਂ ਸਾਫ਼ ਜ਼ਾਹਰ ਹੈ ਕਿ ਸਮੁੱਚੀ ਵਿਕਾਸ ਦਰ ਅਤੇ ਖੇਤਰਵਾਰ ਵਿਕਾਸ ਦਰ, ਦੋਵਾਂ ਕਾਰਨ ਨੌਕਰੀਆਂ ਵਿਚ ਸ਼ੁੱਧ ਨੁਕਸਾਨ ਹੀ ਹੋ ਰਿਹਾ ਹੈ।

ਆਈਐੱਮਐੱਫ (ਕੌਮਾਤਰੀ ਮੁਦਰਾ ਕੋਸ਼) ਦਾ ਹਾਲੀਆ ਅਧਿਐਨ ‘ਮਸਨੂਈ ਬੁੱਧੀ ਤੇ ਕੰਮ ਦਾ ਭਵਿੱਖ’ (ਅਰਟਿਡਿਚਿਓਲ ਨਿਟੲਲਲਿਗੲਨਚੲ ੳਨਦ ਟਹੲ ਢੁਟੁਰੲ ੋਡ ੋਰਕ) ਵਿਚ ਖ਼ੁਲਾਸਾ ਕੀਤਾ ਗਿਆ ਹੈ ਕਿ ਏਆਈ ਦਾ ਅਸਰ ਦੁਨੀਆ ਭਰ ਵਿਚ 40 ਫ਼ੀਸਦੀ ਨੌਕਰੀਆਂ ਉਤੇ ਪਵੇਗਾ; ਵਿਕਸਿਤ ਅਰਥਚਾਰਿਆਂ ਵਿਚ ਇਹ ਅਸਰ 60 ਫ਼ੀਸਦੀ ਤੱਕ ਹੋ ਸਕਦਾ ਹੈ। ਉੱਭਰਦੇ ਅਰਥਚਾਰਿਆਂ ਅਤੇ ਘੱਟ ਆਮਦਨ ਵਾਲੇ ਮੁਲਕਾਂ ਉਤੇ ਇਸ ਦਾ ਅਸਰ ਬਿਲਕੁਲ ਨੇੜ ਭਵਿੱਖ ਵਿਚ ਕ੍ਰਮਵਾਰ 40 ਫ਼ੀਸਦੀ ਤੇ 26 ਫ਼ੀਸਦੀ ਤੱਕ ਮਹਿਦੂਦ ਰਹਿ ਸਕਦਾ ਹੈ। ਇਸ ਦੇ ਨਾਲ ਹੀ ਇਨ੍ਹਾਂ ਵਿਚੋਂ ਬਹੁਤੇ ਮੁਲਕਾਂ ਨੂੰ ਆਪਣੀ ਬੇਰੁਜ਼ਗਾਰ ਹੋਈ ਕਿਰਤ ਸ਼ਕਤੀ ਨੂੰ ਮੁੜ-ਢਾਂਚਾਗਤ ਕਰਨ ਤੇ ਮੁੜ-ਹੁਨਰਮੰਦ ਬਣਾਉਣ ਵਿਚ ਬਹੁਤ ਹੀ ਜ਼ਿਆਦਾ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿਉਂਕਿ ਇਨ੍ਹਾਂ ਮੁਲਕਾਂ ਕੋਲ ਨਾ ਸਿਰਫ਼ ਲੋੜੀਂਦੇ ਭੌਤਿਕ ਬੁਨਿਆਦੀ ਢਾਂਚੇ ਸਗੋਂ ਮਾਲੀ ਵਸੀਲਿਆਂ ਦੀ ਵੀ ਭਾਰੀ ਘਾਟ ਹੈ। ਰਿਪੋਰਟ ਵਿਚ ਇਹ ਵੀ ਆਖਿਆ ਗਿਆ ਹੈ ਕਿ ਭਾਵੇਂ ਏਆਈ ਨੂੰ ਅਪਣਾਏ ਜਾਣ ਨਾਲ ਉਤਪਾਦਕਤਾ ਵਿਚ ਇਜ਼ਾਫ਼ਾ ਹੋਵੇਗਾ ਪਰ ਇਸ ਨਾਲ ਦੁਨੀਆ ਭਰ ਦੇ ਮੁਲਕਾਂ ਵਿਚ ਆਮਦਨ ਤੇ ਦੌਲਤ ਪੱਖੋਂ ਨਾਬਰਾਬਰੀ ਵਿਚ ਵੀ ਵਾਧਾ ਹੀ ਹੋਵੇਗਾ।

ਦੱਸਣਯੋਗ ਹੈ ਕਿ ਬੀਤੇ ਤਿੰਨ ਦਹਾਕਿਆਂ (1991-2019) ਦੇ ਅਰਸੇ ਦੌਰਾਨ ਸੰਸਾਰ ਭਰ ਵਿਚ ਹੀ ਬੇਰੁਜ਼ਗਾਰੀ ਜਾਂ ਤਾਂ ਆਮ ਕਰ ਕੇ ਵਧੀ ਹੈ ਜਾਂ ਕਾਫ਼ੀ ਜ਼ਿਆਦਾ ਰਹੀ ਹੈ। ਇਸ ਦੇ ਨਾਲ ਹੀ ਨਾਜ਼ੁਕ ਰੁਜ਼ਗਾਰ ਅਤੇ ਕੰਮ-ਕਾਜੀ ਗ਼ਰੀਬਾਂ ਦਾ ਅਨੁਪਾਤ ਵੀ ਵਧਿਆ ਹੈ। ਇਸ ਸਾਰੇ ਦਾ ਸਿੱਟਾ ਆਬਾਦੀ ਦੇ ਇਕ ਵੱਡੇ ਹਿੱਸੇ ਦੀ ਖ਼ਰੀਦ ਸ਼ਕਤੀ ਵਿਚ ਗਿਰਾਵਟ ਵਜੋਂ ਨਿਕਲਿਆ ਹੈ। ਇਹ ਕੁਝ ਆਲਮੀ ਮੰਦਵਾੜੇ ਅਤੇ ਮਾਲ ਤੇ ਸੇਵਾਵਾਂ ਲਈ ਘਟੀ ਹੋਈ ਕੁੱਲ ਮੰਗ ਅਤੇ ਇਸ ਤਰ੍ਹਾਂ ਕਰੀਬ ਦੋ ਦਹਾਕਿਆਂ ਤੋਂ ਲਗਾਤਾਰ ਜਾਰੀ ਮੰਦਵਾੜੇ ਦੀ ਵਧੀਆ ਵਿਆਖਿਆ ਪੇਸ਼ ਕਰਦਾ ਹੈ। ਅਜਿਹੀ ਦ੍ਰਿਸ਼ਾਵਲੀ ਬਾਜ਼ਾਰ-ਸੇਧਿਤ ਖ਼ਪਤ-ਆਧਾਰਿਤ ਵਿਕਾਸ ਨਮੂਨੇ ਦੀ ਹੰਢਣਸਾਰਤਾ ਅਤੇ ਵਿਕਾਸ ਦੇ ਟਿਕਾਊ ਟੀਚਿਆਂ ਦੀ ਵਿਹਾਰਕਤਾ ਲਈ ਗੰਭੀਰ ਖ਼ਤਰਾ ਪੈਦਾ ਕਰਦੀ ਹੈ।

ਅਭਿਜੀਤ ਬੈਨਰਜੀ ਅਤੇ ਐਸਥਰ ਡੁਫਲੋ (ਅਰਥ ਸ਼ਾਸਤਰ ਦਾ ਨੋਬੇਲ ਇਨਾਮ ਜੇਤੂ) ਨੇ 2019 ਵਿਚ ਸਾਂਝੇ ਤੌਰ ’ਤੇ ਲਿਖੀ ਆਪਣੀ ਕਿਤਾਬ ‘ਗੁੱਡ ਇਕਨੌਮਿਕਸ ਫਾਰ ਹਾਰਡ ਟਾਈਮਜ਼’ (ਔਖੇ ਵੇਲਿਆਂ ਲਈ ਵਧੀਆ ਅਰਥ ਸ਼ਾਸਤਰ) ਵਿਚ ਏਆਈ-ਆਧਾਰਿਤ ਤਕਨਾਲੋਜੀ, ਮਨੁੱਖੀ ਕਿਰਤ ਦੀ ਥਾਂ ਰੋਬੋਟਸ ਦੀ ਵਰਤੋਂ ਅਤੇ ਯੂਬੀਆਈ ਦੇ ਸਮਾਜਿਕ-ਆਰਥਿਕ ਪ੍ਰਭਾਵਾਂ ਬਾਰੇ ਗੰਭੀਰ ਖ਼ਦਸ਼ੇ ਜ਼ਾਹਿਰ ਕੀਤੇ ਸਨ। ਆਓ ਇਕ ਪਲ ਲਈ ਫ਼ਰਜ਼ ਕਰੀਏ ਕਿ ਯੂਬੀਆਈ ਵੱਲੋਂ ਬੇਰੁਜ਼ਗਾਰ ਹੋਣ ਵਾਲੇ ਕਾਮਿਆਂ ਦੀਆਂ ਮਾਲੀ ਲੋੜਾਂ ਦਾ ਖ਼ਿਆਲ ਰੱਖਿਆ ਜਾ ਸਕਦਾ ਹੈ ਜਿਸ ਦੀ ਬਹੁਤ ਘੱਟ ਸੰਭਾਵਨਾ ਹੈ। ਮੁੱਦਾ ਇਹ ਹੈ ਕਿ ਇਸ ਵੱਲੋਂ ਬੇਰੁਜ਼ਗਾਰੀ ਤੇ ਉਜਾੜੇ ਦਾ ਸ਼ਿਕਾਰ ਹੋਣ ਵਾਲੇ ਕਾਮਿਆਂ ਅਤੇ ‘ਖ਼ੈਰਾਤ/ਚੈਰਿਟੀ’ ਉਤੇ ਗੁਜ਼ਾਰਾ ਕਰਨ ਵਾਲੇ ਲੋਕਾਂ ਦੇ ਸਵੈਮਾਣ ਤੇ ਇੱਜ਼ਤ-ਮਾਣ ਦਾ ਖ਼ਿਆਲ ਕਿਵੇਂ ਰੱਖਿਆ ਜਾ ਸਕੇਗਾ? ਕੀ ਅਜਿਹੇ ਲੋਕਾਂ, ਖ਼ਾਸਕਰ ਨੌਜਵਾਨਾਂ ਵਿਚ ਨਜ਼ਰਅੰਦਾਜ਼ੀ, ਬੇਲਾਗਤਾ ਅਤੇ ਹੀਣਤਾ ਦਾ ਅਹਿਸਾਸ ਨਹੀਂ ਪੈਦਾ ਹੋ ਜਾਵੇਗਾ? ਸਾਡਾ ਭਵਿੱਖੀ ਸਮਾਜਿਕ ਢਾਂਚਾ ਤੇ ਆਬਾਦੀ ਦੀ ਬਣਤਰ ਕੀ ਹੋਵੇਗੀ? ਕੀ ਉਚੇਰੀ ਉਤਪਾਦਕਤਾ ਅਤੇ ਰੋਬੋਟ-ਸੇਧਿਤ ਤਕਨਾਲੋਜੀ ਰਾਹੀਂ ਕਮਾਏ ਗਏ ਮੁਨਾਫ਼ਿਆਂ ਦੇ ਲਾਭਪਾਤਰੀ ਸੱਚਮੁੱਚ (ਤੇ ਆਖ਼ਰ ਕਿੰਨੇ ਚਿਰ ਲਈ?) ਬੇਰੁਜ਼ਗਾਰ ਹੋਏ ਕਾਮਿਆਂ ਨੂੰ ਮੁਆਵਜ਼ਾ ਦੇਣ ਅਤੇ ਨਾਲ ਹੀ ਯੂਬੀਆਈ ਦੀ ਮਦਦ ਕਰਨ ਤੇ ਇਸ ਨੂੰ ਹੰਢਣਸਾਰ ਬਣਾਉਣ ਵਾਸਤੇ ਵਿੱਤੀ ਵਸੀਲੇ ਮੁਹੱਈਆ ਕਰਾਉਣ ਲਈ ਤਿਆਰ ਹੋਣਗੇ? ਇਸ ਦੇ ਨਤੀਜੇ ਵਜੋਂ ਪੈਦਾ ਹੋਣ ਵਾਲੀ ਭਾਰੀ ਨਾਬਰਾਬਰੀ ਤੇ ਲੋਕਾਂ ਦੀ ਘਟਦੀ ਹੋਈ ਖ਼ਰੀਦ ਸ਼ਕਤੀ ਨਾਲ ਸਿਸਟਮ ਕਿਵੇਂ ਸਿੱਝੇਗਾ? ਕੀ ਇਹ ਵਸਤਾਂ ਤੇ ਖ਼ਪਤ ਦੀ ਕੁੱਲ ਪ੍ਰਭਾਵੀ ਮੰਗ ਅਤੇ ਇਸ ਤਰ੍ਹਾਂ ਬਾਜ਼ਾਰ-ਸੇਧਿਤ ਖ਼ਪਤ-ਆਧਾਰਿਤ ਵਿਕਾਸ ਨਮੂਨੇ ਦੀ ਹੰਢਣਸਾਰਤਾ ਵਿਚ ਅੜਿੱਕਾ ਨਹੀਂ ਬਣੇਗਾ? ਕੀ ਅਜਿਹੀ ਦ੍ਰਿਸ਼ਾਵਲੀ ਸਮਾਜਿਕ-ਸੱਭਿਆਚਾਰਕ ਤੇ ਸਿਆਸੀ-ਮਾਲੀ ਸਥਿਰਤਾ ਲਈ ਗੰਭੀਰ ਖ਼ਤਰਾ ਨਹੀਂ ਪੈਦਾ ਕਰੇਗੀ?

ਇਸ ਦੇ ਬਾਵਜੂਦ ਇਸ ਦਾ ਇਹ ਮਤਲਬ ਨਹੀਂ ਹੈ ਕਿ ਏਆਈ-ਸੇਧਿਤ ਤਕਨਾਲੋਜੀ ਜਾਂ ਆਟੋਮੇਸ਼ਨ/ਸਵੈ-ਚਾਲਨ ਨੂੰ ਵਿਕਸਿਤ ਨਾ ਕੀਤਾ ਜਾਵੇ। ਅਜਿਹਾ ਤਾਂ ਹੋਵੇਗਾ ਹੀ ਪਰ ਬੁਨਿਆਦੀ ਸਵਾਲ ਇਹ ਹੈ ਕਿ ਏਆਈ ਜਾਂ ਯੂਬੀਆਈ ਦੇ ਸਮਾਜਿਕ-ਸੱਭਿਆਚਾਰਕ ਤੇ ਸਿਆਸੀ-ਮਾਲੀ ਪ੍ਰਭਾਵਾਂ ਨਾਲ ਕਿਵੇਂ ਨਜਿੱਠਿਆ ਜਾਵੇ? ਇਸ ਸਭ ਕਾਸੇ ਲਈ ਸਭ ਦੀ ਜਾਣਕਾਰੀ ਆਧਾਰਿਤ ਜਨਤਕ ਬਹਿਸ ਦੀ ਲੋੜ ਹੈ।

# ਮੇਰੇ ਵੀ...

ਲੇਖਕ : ਜਗਦੀਪ ਸਿੱਧੂ
ਸੰਪਰਕ: 98762-22868

“ਸਿੱਧੂ ਸਾਹਬ, ਸੁਖਜੀਤ ਬੋਲਦਾਂ, ਸੁਖਜੀਤ ਕਹਾਣੀਕਾਰ, ਮਾਛੀਵਾੜੇ ਤੋਂ। ਕਵਿਤਾਵਾਂ ਪੜ੍ਹੀਆਂ ਤੁਹਾਡੀਆਂ। ਬਹੁਤ ਸੋਹਣੀਆਂ ਕਵਿਤਾਵਾਂ ਨੇ। ਧੀ ਵਾਲ਼ੀ ਤਾਂ ਬਹੁਤ ਹੀ ਵਧੀਆ। ਮੇਰੇ ਵੀ ਇਕ ਧੀ ਹੈ, ਮੈਂ ਵੀ ਫੁੱਟਬਾਲ ਖੇਡਦਾ ਰਿਹਾਂ।” ਉਹ ਲਗਾਤਾਰ ਬੋਲਦਾ ਰਿਹਾ।

ਫਿਰ ਅਕਸਰ ਉਹਦਾ ਫੋਨ ਆਉਂਦਾ। ਲੰਮੀਆਂ ਗੱਲਾਂ ਹੁੰਦੀਆਂ। ਉਹ ਹਰ ਗੱਲ ਧਿਆਨ ਨਾਲ ਸੁਣਦਾ। ਮੈਨੂੰ ਲੱਗਦਾ, ਉਹ ਦੋਸਤਾਂ ਨੂੰ ‘ਵਾਇਸ ਮੈਸੇਜ’ ਵੀ ਤਾਂ ਹੀ ਜ਼ਿਆਦਾ ਕਰਦਾ ਤਾਂ ਕਿ ਵਿਚ ਕੋਈ ਹੋਰ ਗੱਲ ਨਾ ਸ਼ੁਰੂ ਹੋਵੇ।

ਪਹਿਲਾਂ-ਪਹਿਲ ਮਿਲਿਆ, ਉਹਦੇ ਵਾਲ ਪਿੱਛੇ ਖੁੱਲ੍ਹੇ ਛੱਡੇ ਦੇਖੇ। ਉਹਦੇ ‘ਸਵਾਮੀ’ ਹੋਣ ਬਾਰੇ ਤਾਂ ਪਹਿਲਾਂ ਹੀ ਸੁਣਿਆ ਸੀ। ਮੈਨੂੰ ਕਦੇ ਉਹ ਸਵਾਮੀ ਨਹੀਂ ਭਾਸਿਆ। ਚਿੱਟਾ ਕੁੜਤਾ ਪਜਾਮਾ। ਪਿੱਛੇ ਛੱਡੇ ਵਾਲ ਇੰਝ ਲੱਗਦੇ ਜਿਵੇਂ ਹੁਣ ਕੇਸੀਂ ਨਹਾਤਾ ਹੋਵੇ। ਸਾਫ਼-ਸਫਾਫ।

ਫਿਰ ਅਕਸਰ ਉਹਦੇ ਨਾਲ ਮਿਲਣੀਆਂ ਹੁੰਦੀਆਂ। ਲੰਮੀਆਂ ਗੋਸ਼ਟੀਆਂ ਚੱਲਦੀਆਂ। ਜਿਵੇਂ ਉਹਦੀ ਕਹਾਣੀ ਬਹੁ-ਪਰਤੀ ਹੁੰਦੀ ਹੈ, ਉਵੇਂ ਉਹਦੀਆਂ ਗੱਲਾਂ ਵੀ ਬਹੁ-ਪਰਤੀ ਹੁੰਦੀਆਂ। ਕਹਾਣੀ ਬਾਰੇ ਗੱਲ ਕਰਦਿਆਂ ਕਹਿੰਦਾ- ਕਹਾਣੀ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਜਿਵੇਂ ਸੁਆਣੀ ਮੱਖਣ ਕੱਢਦੀ, ਬਿਲਕੁਲ ਖਲਾਰਾ ਨਹੀਂ ਪਾਉਂਦੀ। ਲੱਸੀ ਥੱਲੇ ਰਹਿੰਦੀ, ਬੜੀ ਸਫਾਈ ਨਾਲ ਵੱਖ ਹੋ ਜਾਂਦੀ ਹੈ। ਮੈਨੂੰ ਲੱਗਦਾ, ਉਹ ਕਹਾਣੀ ਦੀ ਪਰਿਭਾਸ਼ਾ ਦਿੰਦਾ, ਸਚਿਆਰੀ ਔਰਤ ਦੀ ਵੀ ਗੱਲ ਕਰ ਜਾਂਦਾ।

ਮੇਰੀ ਕਿਤਾਬ ‘ਇਉਂ ਵੀ ਦੇਖਣਾ ਹੈ’ ਛਪਦੀ ਹੈ, ਉਸ ਨੂੰ ਭੇਜਦਾ ਹਾਂ। ਫੋਨ ਆਉਂਦਾ ਹੈ- “ਜਗਦੀਪ, ਕਿਤਾਬ ਹੁਣੇ ਮਿਲੀ ਹੈ, ਸੋਹਣੀ ਛਪੀ ਹੈ, ਅੰਦਰੋਂ ਅਜੇ ਖੋਲ੍ਹੀ ਨਹੀਂ, ਪੜ੍ਹ ਕੇ ਗੱਲ ਕਰੂੰ। ਮੈਂ ਵੀ ਕਵਿਤਾ ਲਿਖਦਾ ਹੁੰਦਾ ਸੀ। ਮੇਰੀ ਵੀ ਕਿਤਾਬ ਛਪੀ ਹੈ।”

ਥੋੜ੍ਹੇ ਦਿਨਾਂ ਬਾਅਦ ਫਿਰ ਫੋਨ ਆਉਂਦਾ ਹੈ- “ਕਿਤਾਬ ਪੜ੍ਹ ਲਈ ਸਾਰੀ। ਵਧੀਆ ਕਵਿਤਾਵਾਂ ਨੇ। ਕਿਤਾਬ ਤੂੰ ਆਪਣੀ ਪਤਨੀ ਨੂੰ ਸਮਰਪਿਤ ਕੀਤੀ ਹੈ। ਮੇਰੀ ਘਰਵਾਲੀ ਦਾ ਨਾਂ ਵੀ ਗੁਰਦੀਪ ਹੈ।”

ਕਮਾਲ ਦਾ ਬੁਲਾਰਾ ਸੀ ਉਹ। ਇਤਿਹਾਸ ਨਾਲੋਂ ਜ਼ਿਆਦਾ ਮਿਥਿਹਾਸ ’ਤੇ ਗੱਲ ਕਰਨ ਵਾਲਾ। ਸ਼ਾਇਦ ਉਹਨੂੰ ਲੱਗਦਾ ਹੋਵੇ ਜਿਹੜਾ ਲਿਖਿਆ, ਜਾਣਿਆ ਹੀ ਪਿਆ, ਉਹਨੂੰ ਦੁਬਾਰਾ ਕੀ ਕਹਿਣਾ; ਉਹ ਮਿਥਿਹਾਸ ਦੀ ਘੁੰਢੀਆਂ ਖੋਲ੍ਹਦਾ।

ਫਿਰ ਜਦ ਮੇਰੀ ਪਤਨੀ ਸਰਕਾਰੀ ਨੌਕਰੀ ਲੱਗੀ ਤਾਂ ਉਹਨੇ ਵਧਾਈ ਦਿੱਤੀ- ਆਪਣੀ ਇਕ ਹੋਰ ਸਾਂਝ ਪੈ ਗਈ, ਮੇਰੀ ਘਰਵਾਲੀ ਵੀ ਸਰਕਾਰੀ ਨੌਕਰੀ ਕਰਦੀ।

ਮੈਂ ਜਦ ਪਹਿਲੀ ਵਾਰ ਉਸ ਨੂੰ ਪੱਗ ਬੰਨ੍ਹ ਕੇ ਮਿਲਿਆ ਤਾਂ ਉਹਨੂੰ ਧੱਕਾ ਜਿਹਾ ਲੱਗਿਆ; ਅਖੇ, ਇਹ ਤਾਂ ਬੰਦਾ ਹੀ ਹੋਰ ਹੈ। ਕਹਿੰਦਾ- “ਯਾਰ ਪਹਿਲਾਂ ਵਾਲਾ ਰੂਪ ਹੀ ਠੀਕ ਹੈ।” ਫਿਰ ਕਈ ਵਾਰ ਮਿਲਣ ’ਤੇ ਉਹ ਸਹਿਜ ਹੋ ਗਿਆ।

ਫਿਰ ਇਕ ਦਿਨ ਉਹ ਖ਼ੁਦ ਪੱਗ ਬੰਨ੍ਹੀ ਮਿਲਿਆ ਤਾਂ ਦੇਖ ਕੇ ਮੁਸਕਰਾ ਪਿਆ।

ਅਸੀਂ ਆਪਣੀ ਸੰਸਥਾ ਵੱਲੋਂ ਦੂਜੀਆਂ ਭਾਸ਼ਾਵਾਂ ਦੇ ਲੇਖਕਾਂ ਨੂੰ ਅਕਸਰ ਬੁਲਾਉਂਦੇ ਰਹਿੰਦੇ ਹਾਂ। ਉਹ ਅਸਾਮੀ ਕਵੀ ਨੀਲਿਮ ਕੁਮਾਰ ਦੇ ਸਮਾਗਮ ’ਤੇ ਭਾਸ਼ਾ ਵਿਭਾਗ ਦੇ ਮੁਹਾਲੀ ਦਫ਼ਤਰ ਆਇਆ; ਉਸ ਦੀਆਂ ਕਵਿਤਾਵਾਂ ਮੂੰਹ-ਜ਼ਬਾਨੀ ਸੁਣਾਈਆਂ। ਖ਼ੂਬ ਗੱਲਾਂ ਕੀਤੀਆਂ। ਫਿਰ ਅਕਸਰ ਉਹ ਨੀਲਿਮ ਕੁਮਾਰ ਦੀਆਂ ਕਵਿਤਾਵਾਂ ਦਾ ਜ਼ਿਕਰ ਕਰਦਾ ਹੋਇਆ ਕਹਿੰਦਾ- “ਨੀਲਿਮ ਹੋਰਾਂ ਨੂੰ ਫੋਨ ਕਰੀਏ, ਖਾਸਾ ਚਿਰ ਹੋ ਗਿਆ ਗੱਲ ਨਹੀਂ ਹੋਈ।”

ਉਹ ਸਾਹਿਤ ਸਭਾ ਸਮਰਾਲਾ ਦਾ ਮਹੀਨਾਵਾਰ ਸਮਾਗਮ ਕਰਵਾਉਂਦਾ ਜਿਸ ਵਿਚ ਨਵੇਂ ਕਲਮਕਾਰਾਂ ਦੀਆਂ ਰਚਨਾਵਾਂ ਸੁਣੀਆਂ ਜਾਂਦੀਆਂ, ਸੁਝਾਅ ਦਿੱਤੇ ਜਾਂਦੇ। ਅਸੀਂ ਵੀ ਉਸੇ ਤਰਜ਼ ’ਤੇ ਖਰੜ ‘ਬੈਠਕ’ ਸ਼ੁਰੂ ਕੀਤੀ। ਇਹ ਬੜਾ ਖ਼ੁਸ਼ ਹੋਇਆ। ਇਸ ਨੂੰ ਪਹਿਲੇ ਸਮਾਗਮ ਦੀ ਪ੍ਰਧਾਨਗੀ ਲਈ ਬੁਲਾਇਆ। ਦਸ ਕੁ ਵਜੇ ਸਵੇਰੇ ਫੋਨ ਆਇਆ, “ਯਾਰ ਇੱਥੇ ਤਾਂ ਕੋਈ ਨਹੀਂ।” ਮੈਂ ਕਿਹਾ- “ਸਮਾਗਮ ਤਾਂ ਢਾਈ ਵਜੇ ਹੈ, ਤੁਸੀਂ ਮੇਰੇ ਘਰ ਆ ਜਾਵੋ।” ਉਹ ਦੋਸਤਾਂ ਨਾਲ ਘਰ ਆ ਗਿਆ। ਤੀਜੀ ਮੰਜ਼ਿਲ ’ਤੇ ਉਸ ਨੂੰ ਲਾਇਬਰੇਰੀ ਦਿਖਾਈ ਤਾਂ ਕਹਿੰਦਾ- “ਤੂੰ ਏਨੀ ਚੜ੍ਹਾਈ ਚੜ੍ਹਾ ਕੇ ਅਗਲੇ ਨੂੰ ਦੱਸਦਾਂ ਕਿ ਮੈਂ ਕਸਰਤ ਕਰਦਾ, ਖੇਡਦਾ ਰਿਹਾਂ, ਫੇਰ ਪੜ੍ਹਨਾ ਸ਼ੁਰੂ ਕੀਤਾ। ਮੈਂ ਵੀ ਫੁੱਟਬਾਲ ਖੇਡਦਾ ਰਿਹਾਂ।”

ਕੁਝ ਦਿਨਾਂ ਬਾਅਦ ਇੱਕ ਸਨਮਾਨ ਸਮਾਰੋਹ ਸੀ। ਉਸ ਨੇ ਆਉਣ ਦੀ ਹਾਮੀ ਭਰੀ ਪਰ ਨੇੜੇ ਆ ਕੇ ਉਸ ਨੇ ਫੋਨ ਚੁੱਕਣਾ ਬੰਦ ਕਰ ਦਿੱਤਾ। ਉਸ ਨੂੰ ‘ਵਾਇਸ ਮੈਸੇਜ’ ਵੀ ਭੇਜੇ ਗਏ ਪਰ ਕੋਈ ਹੁੰਗਾਰਾ ਨਹੀਂ। ਉਹ ਸਮਾਰੋਹ ਵਿਚ ਨਹੀਂ ਆਇਆ।

ਮਨਮੋਹਨ ਹੋਰਾਂ ਦਾ ਬਾਰਾਂ ਫਰਵਰੀ ਸ਼ਾਮ ਪੰਜ ਕੁ ਵਜੇ ਫੋਨ ਆਉਂਦਾ ਹੈ- ਪੀਜੀਆਈ ਚੱਲੀਏ, ਸੁਖਜੀਤ ਨੂੰ ਹਾਰਟ ਅਟੈਕ ਆਇਆ। ਉਹਨੂੰ ਲੈ ਕੇ ਆ ਰਹੇ ਨੇ।” ਮੈਨੂੰ ਸੜਕਾਂ ’ਤੇ ਭੀੜ ਜ਼ਿਆਦਾ ਲੱਗ ਰਹੀ ਸੀ।

ਸਾਡੇ ਜਾਂਦਿਆਂ ਨੂੰ ਐਂਬੂਲੈਂਸ ਵੀ ਆ ਗਈ। ਉਸ ਨੂੰ ਵੈਂਟੀਲੇਟਰ ਲੱਗਿਆ ਹੋਇਆ ਸੀ। ਨਬਜ਼ ਨਹੀਂ ਸੀ ਮਿਲ ਰਹੀ, ਡਾਕਟਰ ਭਰਪੂਰ ਕੋਸ਼ਿਸ਼ ਕਰ ਰਹੇ ਸਨ। ਅੱਧੇ ਕੁ ਘੰਟੇ ਬਾਅਦ ਡਾਕਟਰਾਂ ਨੇ ਮੌਤ ਐਲਾਨ ਦਿੱਤੀ। ਉਸ ਦੀ ਧੀ ਤੇ ਪਤਨੀ ਰੋ ਰਹੀਆਂ ਸਨ। ਮੈਂ ਉਨ੍ਹਾਂ ਨੂੰ ਪਹਿਲੀ ਵਾਰ ਮਿਲਿਆ ਸੀ। ਮੈਨੂੰ ਲੱਗਿਆ, ਉਹ ਲੇਟਿਆ ਲੇਟਿਆ ਹੀ ਕਹਿ ਰਿਹਾ ਹੋਵੇ- ਆਹ ਦੇਖ ਲੈ, ਸੱਚੀਓਂ ਮੇਰੇ ਵੀ ਇਕ ਧੀ ਹੈ, ਮੇਰੀ ਘਰਵਾਲੀ ਵੀ ਸਰਕਾਰੀ ਨੌਕਰੀ ਕਰਦੀ ਹੈ। ਉਹਦਾ ਨਾਂ ਵੀ ਤੇਰੀ ਪਤਨੀ ਵਾਲਾ ਹੈ।...



# CLASSIFIEDS & MATRIMONIALS



## CHANGE OF NAME

I, Rupinder Kaur D/O Gurbinder Singh, resident of VPO Guram, Tehsil, Barnala, Punjab , India - 148025. Passport No. P0693341. Presently residing at 13152 English Pl, Surrey BC, Canada V3W5X2, do hereby change my name from Rupinder Kaur to Rupinder Kaur Pessy with immediate effect.

## BRIDE WANTED

ਕੈਨੇਡਾ 'ਚ ਵਰਕ ਪਰਮਿਟ 'ਤੇ ਕੰਮ ਕਰ ਰਹੇ ਰਾਜਾ ਸਿੱਖ ਜਾਤੀ ਨਾਲ ਸੰਬੰਧਤ 31 ਸਾਲਾ ਤਲਾਕਸ਼ੁਦਾ ਲੜਕੇ ਲਈ ਕੈਨੇਡੀਅਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ, ਤਲਾਕਸ਼ੁਦਾ ਲੜਕੀ ਬਾਰੇ ਵੀ ਵਿਚਾਰਿਆ ਜਾ ਸਕਦਾ।ਲੜਕੇ ਦੇ ਮਾਤਾ ਪਿਤਾ ਕੈਨੇਡਾ ਵਿੱਚ ਹੀ ਰਹਿ ਰਹੇ ਹਨ। ਸੰਪਰਕ ਨੰਬਰ +1-778-345-8088, +91-98729-23171 BH 25-09

............................................

ਐਬਟਸਫੋਰਡ ਵਿੱਚ ਵਰਕ ਪਰਮਿਟ 'ਤੇ ਰਹਿ ਰਹੇ ਅਤੇ ਆਪਣਾ ਕੰਸਟ੍ਰਕਸ਼ਨ ਦਾ ਕੰਮ ਕਰ ਰਹੇ ਔਜਲਾ ਸਿੱਖ ਲੜਕਾ, ਉਮਰ 35 ਸਾਲ, ਕੱਦ 6 ਫੁੱਟ ਵਾਸਤੇ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿੱਚ ਰਹਿ ਰਿਹਾ ਹੈ। ਹੋਰ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ +1-778-823-0283 AP 18-07

............................................

ਕੈਨੇਡਾ ਸੈਟਲ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ, ਉਮਰ 26 ਸਾਲ ਅਤੇ 24 ਸਾਲ, ਕੱਦ 5 ਫੁੱਟ 9 ਇੰਚ ਅਤੇ 5 ਫੁੱਟ 8 ਇੰਚ, ਲੜਕਿਆਂ ਲਈ ਪੀ. ਆਰ. ਜਾਂ ਸਟੂਡੈਂਟ ਲੜਕੀਆਂ ਦੀ ਭਾਲ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰ ਸਕਦੇ ਹੋ : 604-300-5066 AP 13-02

............................................

Professionally qualified match from decent Sikh family for our son 30, 5'10 "turboned boy, federal government job. He is chattered Professional Accountantand working in B.C. caste no bar. Whattsapp the biodata with picture to Dr.Sidhu 7788290991. AP 18-07

............................................

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

## BASEMENT FOR RENT

ਸਰੀ ਵਿਚ 140 ਅਤੇ 59 Ave ਵਿਚ 2 ਰੂਮ ਦੀ ਨਵੀਂ ਬੇਸਮੈਂਟ ਹੁਣ ਤੋਂ ਕਿਰਾਏ ਲਈ 2 ਜਾਂ 3 ਕੁੜੀਆਂ ਰਲਮਿਲ ਕਿ ਕਿਰਾਇਆ ਕਰ ਸਕਦੀਆਂ ਹਨ। ਇੰਟਰਨੈਟ ਅਤੇ ਲਾਂਡਰੀ ਵਿਚ ਹੈ। 2 washroom... ਕਿਰਾਇਆ ਬਹੁਤ ਜਿਆਦਾ ਨਹੀਂ । 2 ਪਾਸੇ ਬੱਸਸਟਾਪ ਨੇੜੇ-ਨੇੜੇ ਹੈ। ਫੈਮਲੀ ਵਾਲੇ ਵੀ ਸੰਪਰਕ ਕਰ ਸਕਦੇ ਹਨ - 604 616 2171

## CHANGE OF NAME

I, Avtar Singh S/o Gurcharn Singh , resident of Street No 3 ward No 10 Prem Nagar, Barnala, Dist Barnala Punjab, India - 148101. Passport No. S8258893. Presently residing at 13152 English Pl, Surrey BC, Canada V3W5X2, do hereby change my name from Avtar Singh to Avtar Singh Pessy with immediate effect.

## BRIDE WANTED

ਕੈਨੇਡੀਅਨ ਸਿਟੀਜ਼ਨ ਲੜਕਾ, ਜਾਤ ਛੀਂਬਾ, ਉਮਰ 35 ਸਾਲ, ਕੱਦ 5 ਫੁੱਟ 9 ਇੰਚ, ਆਪਣੇ ਘਰ ਦਾ ਮਾਲਕ, ਜੋਇੰਟ ਫੈਮਿਲੀ, ਸਫ਼ਲ ਬਿਜ਼ਨਸ ਚਲਾ ਰਹੇ ਲੜਕੇ ਲਈ ਪੜ੍ਹੀ-ਲਿਖੀ, ਸਾਊ ਸੁਭਾਅ ਵਾਲੀ ਕੰਨਿਆ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰਿੰਗ ਅਤੇ ਰੇਡ ਸੀਲ ਪਲੰਬਰ ਦਾ ਕੰਮ ਵੀ ਜਾਣਦਾ ਹੈ । ਹੁਣ ਆਪਣੀ ਮਕੈਨਿਕਲ ਕੰਪਨੀ ਚਲਾ ਰਿਹਾ ਹੈ। ਚੰਗੇ ਸੁਭਾਅ ਅਤੇ ਪਰਿਵਾਰਕ ਲੜਕੀ ਦੀ ਭਾਲ ਹੈ। ਸੰਪਰਕ : 778-814-4320 RS- 9-01

............................................

ਸਰੀ ਵਿੱਚ ਰਹਿ ਰਹੇ ਉੱਪਲ ਸਿੱਖ ਉਮਰ 51 ਸਾਲ ਕੱਦ ਪੰਜ ਫੁੱਟ 11 ਇੰਚ ਕੈਨੇਡੀਅਨ ਸਿਟੀਜਨ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ ਲੜਕੀ ਦੀ ਉਮਰ ਘੱਟੋ ਘੱਟ 35 ਸਾਲ ਹੋਵੇ ਸੰਪਰਕ ਕਰੋ : 1 (403) 399-5130 AP 04-04

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a Canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS- 14-09




# ਮਾਪੇ, ਮੋਬਾਈਲ ਤੇ ਬੱਚੇ

-ਰੱਬੀ ਕੌਰ

ਮਾਂ ਤੇ ਬੱਚਿਆਂ ਦਾ ਰਿਸ਼ਤਾ ਰੱਬ ਜਿਹਾ ਪਾਕੀਜ਼ਾ ਹੁੰਦਾ ਹੈ। ਇਹ ਕਹਿਣਾ ਵੀ ਅਤਿਕਥਨੀ ਨਹੀਂ ਕਿ ਜਿੱਥੇ ਰੱਬ ਨਹੀਂ ਅੱਪੜਦਾ, ਓਥੇ ਮਾਂ ਪੁੱਜ ਜਾਂਦੀ ਹੈ। ਅੱਜ ਦੇ ਇਸ ਵਿਗਿਆਨਕ ਯੁੱਗ ਵਿਚ ਜਿੱਥੇ ਟੈਕਨਾਲੋਜੀ ਨੇ ਬੜੀਆਂ ਤਬਦੀਲੀਆਂ ਲਿਆਂਦੀਆਂ ਹਨ, ਓਥੇ ਹੀ ਮੋਬਾਈਲ ਦੀ ਦੁਰਵਰਤੋਂ ਕਾਰਨ ਮਾਪਿਆਂ ਤੇ ਬੱਚਿਆਂ ਦੇ ਰਿਸ਼ਤਿਆਂ ਵਿਚ ਅਨੇਕ ਤਣਾਅ ਅਤੇ ਚਿੰਤਾਵਾਂ ਉਪਜ ਗਈਆਂ ਹਨ। ਬੱਚਿਆਂ ਦਾ ਮੋਬਾਈਲ ਨਾਲ ਰਿਸ਼ਤਾ ਦਿਨ-ਬ-ਦਿਨ ਗੂੜ੍ਹਾ ਹੁੰਦਾ ਜਾ ਰਿਹਾ ਹੈ। ਮਾਤਾ-ਪਿਤਾ ਆਪਣੇ ਰੁਝੇਵਿਆਂ ਵਿਚ ਇੰਨੇ ਰੁੱਝ ਜਾਂਦੇ ਹਨ ਕਿ ਬੱਚਿਆਂ ਨਾਲ ਸਮਾਂ ਬਿਤਾਉਣ ਦੀ ਥਾਂ ਉਨ੍ਹਾਂ ਨੂੰ ਮੋਬਾਈਲ ਫੜਾ ਦਿੰਦੇ ਹਨ। ਫੋਨ ਦੀ ਜ਼ਿਆਦਾ ਵਰਤੋਂ ਸਾਡੇ ਸਰੀਰਕ ਤੇ ਮਾਨਸਿਕ ਵਿਕਾਸ ਲਈ ਬਹੁਤ ਹਾਨੀਕਾਰਕ ਹੈ। ਜਦ ਬੱਚੇ ਘੰਟਿਆਂਬੱਧੀ ਫੋਨ ਵਿਚ ਰੁੱਝੇ ਰਹਿੰਦੇ ਹਨ, ਤਦ ਉਨ੍ਹਾਂ ਦੀ ਸਰੀਰਕ ਵਰਜਿਸ਼ ਨਹੀਂ ਹੁੰਦੀ ਤੇ ਅੱਖਾਂ ਤੇ ਦਿਮਾਗ 'ਤੇ ਬਹੁਤ ਬੁਰਾ ਅਸਰ ਪੈਂਦਾ ਹੈ। ਸਰੀਰ ਵਿਚ ਖ਼ੂਨ ਦਾ ਸੰਚਾਰ ਘੱਟ ਹੁੰਦਾ ਹੈ। ਅਨੇਕ ਬਿਮਾਰੀਆਂ ਛੋਟੀ ਉਮਰ ਵਿਚ ਹੀ ਬੱਚਿਆਂ ਨੂੰ ਆ ਘੇਰਦੀਆਂ ਹਨ। ਵੱਡਾ ਸਵਾਲ ਇਹ ਹੈ ਕਿ ਮੋਬਾਈਲ ਫੋਨ ਦੀ ਬਹੁਤ ਜ਼ਿਆਦਾ ਵਰਤੋਂ ਦੇ ਇਨ੍ਹਾਂ ਸਭ ਨੁਕਸਾਨਾਂ ਤੋਂ ਜਾਣੂ ਹੁੰਦਿਆਂ ਹੋਇਆਂ ਵੀ ਬੱਚੇ ਇਸ ਦੀ ਦੁਰਵਰਤੋਂ ਕਿਉਂ ਕਰ ਰਹੇ ਹਨ?

ਇਸ ਸਭ ਦਾ ਕਸੂਰਵਾਰ ਕੌਣ ਹੈ? ਮਾਪੇ ਬੱਚਿਆਂ ਦੇ ਹੱਥਾਂ ਵਿਚ ਫੋਨ ਫੜਾ ਦਿੰਦੇ ਹਨ ਤਾਂ ਜੋ ਉਹ ਭੋਜਨ ਖਾ ਲੈਣ ਪਰ ਇਸ ਤਰ੍ਹਾਂ ਖਾਧਾ ਭੋਜਨ ਬਹੁਤਾ ਫ਼ਾਇਦਾ ਨਹੀਂ ਕਰਦਾ। ਇਸ ਦਾ ਤਾਂ ਉਲਟਾ ਨੁਕਸਾਨ ਹੀ ਹੁੰਦਾ ਹੈ। ਇਸ ਤਰ੍ਹਾਂ ਕਰਨ ਨਾਲ ਬੱਚੇ ਨੂੰ ਕੁਝ ਪਤਾ ਨਹੀਂ ਹੁੰਦਾ ਕਿ ਉਹ ਕੀ ਖਾ ਰਿਹਾ ਹੈ ਤੇ ਉਸ ਨੇ ਕਿੰਨਾ ਭੋਜਨ ਹੋਰ ਖਾਣਾ ਹੈ। ਮੈਂ ਅੱਖੀਂ ਦੇਖਿਆ ਹੈ ਕਿ ਮਾਂ-ਬਾਪ ਬੱਚੇ ਦੇ ਮੂੰਹ ਵਿਚ ਬੁਰਕੀਆਂ ਪਾਉਂਦੇ ਜਾਂਦੇ ਹਨ ਤੇ ਬੱਚਾ ਫੋਨ 'ਤੇ ਗੇਮਜ਼ ਖੇਡਣ ਵਿਚ ਵਿਅਸਤ ਰਹਿੰਦਾ ਹੈ। ਮੇਰੀ ਮਾਂ-ਬਾਪ ਅੱਗੇ ਅਰਜ਼ ਹੈ ਕਿ ਅਸੀਂ ਮਾਪਿਆਂ ਤੋਂ ਕੁਮਾਪੇ ਨਾ ਬਣੀਏ।

ਆਪਣੇ ਬੱਚਿਆਂ ਨੂੰ ਮੋਬਾਈਲ ਫੋਨ ਦੀ ਲਤ ਤੋਂ ਬਚਾਈਏ। ਅਸੀਂ ਸਭ ਪ੍ਰਣ ਲਈਏ ਕਿ ਫੋਨ ਦੀ ਵਰਤੋਂ ਦੇ ਕੁਝ ਨਿਯਮ ਬਣਾਈਏ। ਬੱਚਿਆਂ ਲਈ ਫੋਨ ਦੀ ਵਰਤੋਂ ਦਾ ਸਮਾਂ ਨਿਸ਼ਚਿਤ ਕਰੀਏ। ਜਿੰਨਾ ਹੋ ਸਕੇ, ਬੱਚਿਆਂ ਨਾਲ ਵੱਧ ਤੋਂ ਵੱਧ ਬੈਠੀਏ, ਉਨ੍ਹਾਂ ਨਾਲ ਗੱਲਾਂ ਕਰੀਏ ਅਤੇ ਆਪਣੇ ਪਿਆਰ ਦਾ ਇਜ਼ਹਾਰ ਵਾਰ-ਵਾਰ ਕਰੀਏ। ਇਸ ਵਾਸਤੇ ਜ਼ਰੂਰੀ ਹੈ ਕਿ ਮਾਂ-ਬਾਪ ਆਪਣੀ ਦੇਖਭਾਲ ਕਰਦਿਆਂ ਬੱਚਿਆਂ ਨੂੰ ਪੂਰਾ ਆਦਰ-ਮਾਣ ਦੇਣ।

ਬੱਚਿਆਂ ਦਾ ਨਿਰਾਦਰ ਕਰ ਕੇ ਅਸੀਂ ਉਨ੍ਹਾਂ ਨੂੰ ਕਦੇ ਵੀ ਚੰਗੀ ਸਿਖਲਾਈ ਨਹੀਂ ਦੇ ਸਕਦੇ। ਉਨ੍ਹਾਂ ਨੂੰ ਪਿਆਰ ਨਾਲ ਉਨ੍ਹਾਂ ਦੇ ਭਲੇ ਤੇ ਬੁਰੇ ਬਾਰੇ ਸੁਚੇਤ ਕਰੀਏ। ਮਿਸਾਲ ਵਜੋਂ ਇਕ ਸੜਕ ਜਿਸ 'ਤੇ ਅਨੇਕ ਟੋਏ ਤੇ ਗੰਦਗੀ ਹੋਵੇ ਤਾਂ ਸੂਝਵਾਨ ਬੱਚਾ ਆਪਣੇ-ਆਪ ਸੁਚੇਤ ਹੋ ਕੇ ਖ਼ੁਦ ਨੂੰ ਟੋਇਆਂ ਤੇ ਗੰਦਗੀ ਤੋਂ ਬਚਾਉਂਦਾ ਹੋਇਆ ਅੱਗੇ ਵਧਦਾ ਜਾਂਦਾ ਹੈ, ਉਸੇ ਤਰ੍ਹਾਂ ਅਸੀਂ ਬੱਚਿਆਂ ਦੀ ਪਰਵਰਿਸ਼ ਇਸ ਤਰ੍ਹਾਂ ਕਰੀਏ ਕਿ ਉਹ ਆਪਣੇ ਭਲੇ-ਬੁਰੇ ਤੋਂ ਆਪ ਸੁਚੇਤ ਹੋਣ।

ਮਾਂ-ਬਾਪ ਨੂੰ ਬੱਚਿਆਂ ਨੂੰ ਪਰਖਣ ਦੀ ਥਾਂ ਪਿਆਰ ਨਾਲ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਬੱਚਿਆਂ ਦੀਆਂ ਭਾਵਨਾਵਾਂ ਨੂੰ ਸਮਝ ਕੇ ਉਨ੍ਹਾਂ ਲਈ ਸੀਮਾਵਾਂ ਨਿਸ਼ਚਿਤ ਕਰਨੀਆਂ ਚਾਹੀਦੀਆਂ ਹਨ। ਰੋਜ਼ ਬੱਚਿਆਂ ਨਾਲ ਗੱਲਬਾਤ ਕਰੀਏ ਤੇ ਉਨ੍ਹਾਂ ਨੂੰ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਸਿਖਾਈਏ ਤੇ ਆਪਣੇ ਬੱਚਿਆਂ ਨੂੰ ਨਿਰੋਗ ਤੇ ਸੂਝਵਾਨ ਬਣਾਈਏ।

# ਮਾਂ ਬੋਲੀ ਨੂੰ ਭੁੱਲ ਜਾਣਾ ਗੁਲਾਮੀ ਦੀ ਨਿਸ਼ਾਨੀ

ਡਾ.ਸੰਦੀਪ ਘੰਡ, 9478231000




ਵਿਸ਼ਵ ਦੇ ਸਾਰੇ ਦੇਸ਼ਾਂ ਵੱਲੋਂ ਹਰ ਸਾਲ 21 ਫਰਵਰੀ ਨੂੰ ਆਪਣਾ ਆਪਣਾ ਮਾਤ ਭਾਸ਼ਾ ਦਿਵਸ ਮਨਾਇਆ ਜਾਦਾਂ ਹੈ।ਅੰਤਰ-ਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਉਣ ਦਾ ਪ੍ਰਸਤਾਵ ਬੰਗਲਾ ਦੇਸ਼ ਦੇ ਨਾਗਰਿਕ ਰਫੀਕ ਵੱਲੋਂ ਸਯੁਕੰਤ ਰਾਂਸਟਰ ਸੰਘ ਨੂੰ ਭੇਜਿਆ ਗਿਆ ਜਿਸ ਵੱਲੋਂ 1999 ਵਿੱਚ ਇਸ ਨੂੰ ਰਸਮੀ ਪ੍ਰਵਾਨਗੀ ਦੇਣ ਤੋਂ ਬਾਅਦ ਪਹਿਲੀ ਵਾਰ 21 ਫਰਵਰੀ 2000 ਨੂੰ ਅੰਤਰ ਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ।ਅੰਤਰ-ਰਾਸ਼ਟਰੀ ਪੱਧਰ ਤੇ ਅਜਿਹੇ ਦਿਨਾਂ ਦਾ ਮਨਾਇਆ ਜਾਣਾ ਸਾਡੀ ਮਾਤ ਭਾਸ਼ਾ ਦੀ ਮਹੱਤਤਾ ਨੂੰ ਬਿਆਨ ਕਰਦਾ ਹੈ।

ਇਸ ਦਿਵਸ ਨੂੰ ਮਨਾਏ ਜਾਣ ਦਾ ਇਤਹਾਸ ਅਤੇ ਇਸ ਦੀ ਸ਼ੁਰਆਤ ਕਿਵੇਂ ਕੀਤੀ ਗਈ ਬਾਰੇ ਇਤਿਹਾਸ ਹੈ ਕਿ ਇਸ ਦਿਵਸ ਨੂੰ ਮਨਾਉਣ ਹਿੱਤ ਸ਼ੁਰੂਆਤ ਬੇਸ਼ਕ ਬੰਗਲਾ ਦੇਸ਼ ਦੇ ਮਾਤ ਭਾਸ਼ਾ ਪ੍ਰੇਮੀਆਂ ਵੱਲੋਂ ਕੀਤੀ ਗਈ।ਜਿਵੇਂ ਹਰ ਦੇਸ਼ ਦੇ ਨਾਗਰਿਕ ਆਪਣੇ ਦੇਸ਼ ਦੀ ਅਜਾਦੀ ਲਈ ਕੁਰਬਾਨੀਆਂ ਦਿੰਦੇ ਹਨ ਉਸੇ ਤਰਾਂ ਆਪਣੀ ਮਾਤ ਭਾਸ਼ਾ ਲਈ ਵੀ ਆਪਣੀ ਜਾਨ ਦੇਣ ਤੋਂ ਨਹੀ ਡਰਦੇ।ਅਸਲ ਵਿੱਚ ਜਦੋਂ ਭਾਰਤ ਪਾਕਿਸਤਾਨ ਦੀ 1947 ਵਿੱਚ ਵੰਡ ਹੋਈ ਤਾਂ ਪਾਕਿਸਤਾਨ ਦੀ ਸੰਵਿਧਾਨ ਸਭਾ ਨੇ 1948 ਵਿੱਚ ਕੇਵਲ ਉਰਦੂ ਭਾਸ਼ਾ ਨੂੰ ਰਾਸ਼ਟਰੀ ਭਾਸ਼ਾ ਵੱਜੋਂ ਮਾਨਤਾ ਦੇ ਦਿੱਤੀ।ਜਦੋਂ ਕਿ ਈਸਟ ਪਾਕਿਸਤਾਨ ਵਿੱਚ ਰਹਿਣ ਵਾਲੇ ਬਹੁਗਿਣਤੀ ਲੋਕਾਂ ਵੱਲੋਂ ਬੰਗਾਲੀ/ਬੰਗਲਾ ਭਾਸ਼ਾ ਬੋਲੀ ਜਾਂਦੀ ਸੀ ਉਥੇ ਉਹਨਾਂ ਦਾ ਸਭਿਆਚਾਰ ਅਤੇ ਰਹਿਣ ਸਹਿਣ ਵੀ ਪੱਛਮੀ ਪਾਕਿਸਤਾਨ ਦੇ ਲੋਕਾਂ ਨਾਲ ਵੱਖ ਸੀ।ਇਸ ਸਬੰਧੀ ਧੀਰੇਦਰਨਾਥ ਦੱਤਾ ਨੇ 23 ਫਰਵਰੀ 1948 ਨੂੰ ਪਾਕਿਸਤਾਨ ਦੀ ਸੰਵਿਧਾਨ ਸਭਾ ਵਿੱਚ ਵੀ ਇਸ ਮੁੱਦੇ ਨੂੰ ਚੱੁਕਿਆ ਗਿਆ।ਉਹਨਾਂ ਦੀ ਮੰਗ ਸੀ ਕਿ ਘੱਟ ਤੋਂ ਘੱਟ ਬੰਗਲਾ ਭਾਸ਼ਾ ਨੂੰ ਰਾਸ਼ਟਰੀ ਭਸ਼ਾਵਾ ਵਿੱਚ ਹੀ ਸ਼ਾਮਲ ਕਰ ਲਿਆ ਜਾਵੇ।ਪੂਰਬੀ ਪਾਕਿਸਤਾਨ ਜੋ ਬਾਅਦ ਵਿੱਚ ਬੰਗਲਾ ਦੇਸ਼ ਬਣਿਆ ਵੱਲੋਂ ਆਪਣੀ ਮਾਤ ਭਾਸ਼ਾ ਨੂੰ ਦਰਜਾ ਦਿਵਾਉਣ ਹਿੱਤ ਪਾਕਿਸਤਾਨ ਵਿੱਚ ਲਗਾਤਾਰ ਸਘਰੰਸ਼ ਅਤੇ ਜਨਤਕ ਰੈਲੀਆਂ ਕੀਤੀਆਂ ਗਈਆ।21 ਫਰਵਰੀ 1952 ਨੂੰ ਬੰਗਲਾਦੇਸ਼ ਦੀ ਮੁੱਖ ਢਾਕਾ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਅਤੇ ਆਮ ਲੋਕਾਂ ਵੱਲੋਂ ਜਬਰਦਸਤ ਪ੍ਰਦਸ਼ਨ ਕੀਤਾ ਗਿਆ।ਇਹ 21 ਫਰਵਰੀ 1952 ਵਿੱਚ ਇਤਹਾਸ ਦੀ ਇੱਕ ਦੁਰਲੱਭ ਘਟਨਾ ਸੀ ਜਿਸ ਵਿੱਚ ਲੋਕਾਂ ਨੇ ਮਾਂ-ਬੋਲੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹੋਣ।ਪੁਲੀਸ ਵੱਲੋਂ ਚਲਾਈਆਂ ਗਈਆਂ ਗੋਲੀਆਂ ਵਿੱਚ ਬੰਗਲਾ ਭਾਸ਼ਾ ਦੇ ਮੁੱਖ ਆਗੂ ਰਫੀਕ ਉਦੀਨ ਅਹਿਮਦ,ਅਬਦਲ ਸਲਾਮ,ਅਬੁਲ ਬਰਕਤ,ਅਬਦੁਲ ਜਬਾਰ ਅਤੇ ਸਫੀਉਰ ਰਹਿਮਾਨ ਦੀ ਮੌਤ ਹੋ ਗਈ।ਜੋ ਬਾਅਦ ਵਿੱਚ ਵੱਖਰੇ ਬੰਗਲਾ ਦੇਸ਼ ਬਣਨ ਦਾ ਕਾਰਣ ਬਣਿਆ।ਉਹਨਾਂ ਸ਼ਹੀਦਾਂ ਦੀ ਯਾਦ ਵਿੱਚ ਸ਼ਹੀਦੀ ਸ਼ਮਾਰਕ ਅਤੇ ਸ਼ਹੀਦ ਮੀਨਾਰ ਬਣਾਏ ਗਏ ਹਨ ਜਿਥੇ 21 ਫਰਵਰੀ ਵਾਲੇ ਦਿਨ ਲੋਕ ਇਕੱਠੇ ਹੁੰਦੇ ਹਨ ਅਤੇ ਮਾਂ ਬੋਲੀ ਲਈ ਆਪਣੀ ਸ਼ਹੀਦੀ ਦੇਣ ਵਾਲੇ ਪ੍ਰਤੀ ਸਤਿਕਾਰ ਦਾ ਪ੍ਰਗਟਾਵਾ ਕੀਤਾ ਜਾਂਦਾ।

ਸਮੁੱਚੇ ਵਿਸ਼ਵ ਵਿੱਚ ਸੱਤ ਹਜਾਰ ਦੇ ਕਰੀਬ ਭਸ਼ਾਵਾਂ ਬੋਲੀਆਂ ਜਾਂਦੀਆਂ ਹਨ ਸਾਡੇ ਭਾਰਤ ਦੇਸ਼ ਵਿੱਚ ਹੀ 160-70 ਦੇ ਕਰੀਬ ਵੱਖ ਵੱਖ ਭਸ਼ਾਵਾ ਬੋਲੀਆਂ ਜਾਂਦੀਆਂ ਜਿੰਨਾਂ ਵਿੱਚੋਂ 28 ਭਸ਼ਾਵਾਂ ਨੂੰ ਤਾਂ ਸੰਵਿਧਾਨਕ ਤੋਰ ਤੇ ਵੀ ਮਾਨਤਾ ਦਿੱਤੀ ਗਈ ਹੈ ਜਿੰਨਾ ਵਿੱਚੋਂ ਪੰਜਾਬੀ ਵੀ ਇੱਕ ਭਾਸ਼ਾ ਹੈ।ਸ਼ਹਿਰਾਂ ਵਿੱਚ ਖੁੱਲੇ ਪ੍ਰਾਈਵੇਟ ਕਾਨਵੈਂਟ ਸਕੂਲ ਪੰਜਾਬੀ ਭਾਸ਼ਾ ਦੇ ਸਬ ਤੋਂ ਵੱਡੇ ਦੁਸ਼ਮਨ ਹਨ।

ਇਹਨਾਂ ਸਕੂਲਾਂ ਵਿੱਚ ਪੰਜਾਬੀ ਪੜਾਉਣ ਵਾਲੇ ਅਧਿਆਪਕ ਵੀ ਹਿੰਦੀ ਖੇਤਰ ਦੇ ਹਨ ਜਿਸ ਕਾਰਨ ਉਹ ਪੰਜਾਬੀ ਭਾਸ਼ਾ ਦਾ ਗਲਤ ਉਚਾਰਣ ਕਰਦੇ ਹਨ।ਸਾਡੇ ਸਮਾਜ ਅਤੇ ਮਾਪਿਆਂ ਨੂੰ ਇਸ ਬਾਰੇ ਸੋਚਣ ਦੀ ਜਰੂਰਤ ਹੈ।ਪੰਜਾਬੀ ਸਾਡੀ ਮਾਂ-ਬੋਲੀ ਹੈ ਅਤੇ ਇਸ ਨੂੰ ਸਨਮਾਨ ਦੇਣ ਦੀ ਜਰੂਰਤ ਹੈ।ਮਾਂ-ਬਾਪ ਨੂੰ ਆਪਣੇ ਬੱਚਿਆਂ ਨਾਲ ਰੋਜਾਨਾ ਕੀਤੀ ਜਾਣ ਵਾਲੀ ਗੱਲਬਾਤ ਪੰਜਾਬੀ ਭਾਸ਼ਾ ਵਿੱਚ ਕੀਤੀ ਜਾਣੀ ਚਾਹੀਦੀ ਹੈ ਅਤੇ ਉਨਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਮਾਂ-ਬੋਲੀ ਸਿਰਫ ਸਿੱਖਣ ਲਈ ਨਹੀ ਸਗੋਂ ਜੀਵਨ ਦਾ ਹਿੱਸਾ ਬਣਾਉਣ ਲਈ ਹੈ।

ਪੰਜਾਬੀ ਭਾਸ਼ਾ ਸਾਡੇ ਵਿਰਸੇ ਦੀ ਅਹਿਮ ਭਾਗੀਦਾਰ ਹੈ ਇਸ ਲਈ ਮਾਪਿਆਂ,ਸਕੂਲਾਂ ਅਤੇ ਸਮਾਜ ਦੇ ਸਹਿਯੋਗ ਨਾਲ ਅਸੀਂ ਪੰਜਾਬੀ ਦੀ ਖੂਬਸੂਰਤੀ ਨੂੰ ਦੁਨੀਆਂ ਵਿੱਚ ਪ੍ਰਸਿੱਧ ਕਰ ਸਕਦੇ ਹਾਂ।ਜਦੋਂ ਅਸੀ ਪਹਿਲਾ ਸ਼ਬਦ ਮਾਂ ਬੋਲਿਆ ਤਾਂ ਉਹ ਮਾਂ ਬੋਲੀ ਪੰਜਾਬੀ ਵਿੱਚ।ਪੰਜਾਬੀ ਲੋਕ ਮੁਹਾਵਰਾ ਹੈ ਕਿ ਮਾਵਾਂ ਮੁੱਕਣ ਤੇ ਹੀ ਚੇਤੇ ਆਉਦੀਆਂ।ਕਈ ਵਾਰੀ ਅਸੀ ਮਾਂ ਤੇ ਮਾਂ ਬੋਲੀ ਦਾ ਰੁਤਬਾ ਤੇ ਪ੍ਰਭਾਵ ਨਹੀ ਵੀ ਜਾਣਦੇ ਹੁੰਦੇ।

ਮਾਂ-ਬੋਲੀ ਦੀ ਮੁਹਾਰਤ ਨਾਲ ਵਿਅਕਤੀ ਬਾਕੀ ਭਸ਼ਾਵਾਂ ਵੀ ਸਿੱਖ ਸਕਦਾ।ਮਾਂ ਇੱਕ ਹੀ ਹੁੰਦੀ ਹੈ ਪਰ ਮਾਸੀਆਂ ਕਈ ਹੋ ਸਕਦੀਆਂ।ਇਸ ਲਈ ਬੱਸ ਇਹ ਮਾਂ ਬੋਲੀ ਅਤੇ ਬਾਕੀ ਭਸ਼ਾਵਾਂ ਦਾ ਸਬੰਧ ਹੁੰਦਾ।ਬਹੁਤ ਭਾਸ਼ਾ ਸਿੱਖਣਾ ਚੰਗੀ ਗੱਲ ਹੈ ਪਰ ਮਾਂ ਬੋਲੀ ਤਿਆਗ ਕੇ ਨਹੀ।ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਸਹਿਬਾਨ ਅਤੇ ਸਾਰੇ ਸ਼੍ਰੋਮੇਣੀ ਭਗਤਾਂ ਵੱਲੋਂ ਰਚੀ ਗਈ ਬਾਣੀ ਗੁਰਮਖੀ ਵਿੱਚ ਹੋਣਾ ਪੰਜਾਬੀ ਭਾਸ਼ਾ ਦੀ ਮਹੱਤਤਾ ਨੂੰ ਬਿਆਨ ਕਰਦੀ ਹੈ।ਕਿਉਕਿ ਅਸੀਂ ਜਾਣਦੇ ਹਾਂ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਾਰੇ ਧਰਮਾਂ ਅਤੇ ਸਾਰੀ ਲੋਕਾਈ ਵਿੱਚ ਸਰਬ ਪ੍ਰਮਾਣਿਤ ਹੈ।ਗੁਰਮੁਖੀ ਦੇ ਗਿਆਨ ਤੋਂ ਬਗੈਰ ਅਸੀ ਆਪਣੇ ਵਿਰਸੇ ਤੇ ਵਿਰਾਸਤ ਦਾ ਮਾਣ ਨਹੀ ਕਰ ਸਕਦੇ।ਇਸ ਦੇ ਗਿਆਨ ਤੋ ਬਗੈਰ ਸਾਡਾ ਗਿਆਨ ਅਧੂਰਾ ਹੈ।

ਮਾਤ ਭਾਸ਼ਾ ਨਾਲ ਪਿਆਰ ਨੂੰ ਦੇਖਣਾ ਹੋਵੇ ਤਾਂ ਸਾਡੇ ਦੇਸ਼ ਵਿੱਚ ਹੀ ਕੁਝ ਦੱਖਣੀ ਰਾਜਾਂ ਤੋਂ ਸਾਨੂੰ ਸਿੱਖਣਾ ਚਾਹੀਦਾ ਜੋ ਹਮੇਸ਼ਾਂ ਆਪਣੇ ਰਾਜ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਤੋਂ ਬਿੰਨਾਂ ਹੋਰ ਕੋਈ ਭਾਸ਼ਾ ਨਹੀ ਬੋਲਦੇ।ਇਸੇ ਤਰਾਂ ਪਿਛਲੇ ਦਿਨੀ ਮੈਂ ਕੈਨੇਡਾ ਦੇ ਕਿਊਬਕ ਰਾਜ ਦੇ ਮੌਂਟਰੀਅਲ ਸ਼ੀਹਰ ਵਿੱਚ ਜਾਣ ਦਾ ਮੌਕਾ ਮਿਲਿਆ ਅਤੇ ਦੇਖਿਆਂ ਕਿ ਉਥੇ ਫਰੈਂਚ ਭਾਸ਼ਾ ਤੋਂ ਬਿੰਨਾਂ ਕੋਈ ਹੋਰ ਭਾਸ਼ਾ ਨਹੀ ਬੋਲੀ ਜਾਦੀ।ਪੰਜਾਬੀ ਭਾਸ਼ਾ ਦੀ ਅਮੀਰੀ ਸ਼ਬਦ ਸਮੱਰਥਾ ਅਤੇ ਸਿਰਜਣਾ ਨੂੰ ਦੇਖਣਾ ਹੋਵੇ ਤਾਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਬ ਤੋਂ ਵੱਡੀ ਉਦਰਾਹਣ ਹੈ।ਇਹ ਠੀਕ ਹੈ ਕਿ ਵੱਧ ਤੋਂ ਵੱਧ ਭਸਾਵਾਂ ਦਾ ਗਿਆਨ ਸਾਡੇ ਗਿਆਨ ਦੇ ਪੱਧਰ ਵਿੱਚ ਵਾਧਾ ਕਰਦਾ ਪਰ ਮਾਂ ਬੋਲੀ ਦਾ ਭੁੱਲਣਾ ਜਾਂ ਉਸ ਨੂੰ ਅਣਡਿੱਠ ਕਰਨਾ ਸਾਡੇ ਨਿਘਾਰ ਦਾ ਕਾਰਣ ਬਣ ਸਕਦਾ ਹੈ।ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਲੱਖਾਂ ਲੋਕਾਂ ਨੂੰ ਅੰਗਰੇਜੀ ਭਾਸ਼ਾ ਦਾ ਗਿਆਨ ਦੇਣਾ ਉਹਨਾਂ ਨੂੰ ਗੁਲਾਮ ਬਣਾਉਣਾ ਹੈ।ਕੀ ਇਹ ਦੁੱਖ ਵਾਲੀ ਗੱਲ ਨਹੀ ਕਿ ਇੰਨਸਾਫ ਲੈਣ ਲਈ ਅਦਾਲਤ ਵਿੱਚ ਮੈਨੂੰ ਉਸ ਭਾਸ਼ਾ ਵਿੱਚ ਗੱਲ ਕਰਨੀ ਪਵੇ ਜਿਸ ਭਾਸ਼ਾ ਬਾਰੇ ਮੈਂ ਨਹੀ ਜਾਣਦਾ।

ਇਸ ਵਿੱਚ ਕੋਈ ਸ਼ੱਕ ਨਹੀ ਕਿ ਪੰਜਾਬ ਸਰਕਾਰ ਵੱਲੋਂ ਪਿਛ਼ਲੇ ਸਮੇਂ ਤੋਂ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਭਾਸ਼ਾ ਵਿਭਾਗ ਨੂੰ ਦੁਬਾਰਾ ਗਤੀਸ਼ੀਲ ਕਰਕੇ ਉਸ ਵਿੱਚ ਨਵੀਂ ਭਰਤੀ ਕੀਤੀ ਗਈ ਹੈ ਅਤੇ ਪਿਛਲੇ ਦਿਨੀ ਭਾਸ਼ਾ ਵਿਭਾਗ ਦੇ ਯਤਨਾਂ ਨਾਲ ਸਰਕਾਰੀ/ਗੈਰ ਸਰਕਾਰੀ,ਪ੍ਰਾਈਵੇਟ ਵਿਭਾਗਾਂ ਦੇ ਨਾਲ ਨਾਲ ਸਾਰੀਆਂ ਵਿਦੱਅਕ ਸੰਸ਼ਥਾਵਾਂ ਅਤੇ ਸ਼ੀਹਰ ਵਿੱਚ ਆਮ ਵਪਾਰਕ ਸੰਸ਼ਥਾਵਾਂ ਦੇ ਸਾਈਨ ਬੋਰਡ ਪੰਜਾਬੀ ਭਾਸ਼ਾ ਵਿੱਚ ਕੀਤੇ ਗਏ ਹਨ ਜੋ ਇੱਕ ਚੰਗਾਂ ਸੰਕੇਤ ਹੈ।ਇਸ ਲਈ ਸਰਕਾਰੀ ਯਤਨਾਂ ਦੇ ਨਾਲ ਨਾਲ ਸਾਡੇ ਸਮਾਜ ਅਤੇ ਮਾਪਿਆਂ ਨੂੰ ਵੀ ਇਸ ਬਾਰੇ ਸੋਚਣ ਦੀ ਜਰੂਰਤ ਹੈ।

ਪੰਜਾਬੀ ਭਾਸ਼ਾ ਸਾਡੇ ਵਿਰਸੇ ਦੀ ਅਹਿਮ ਭਾਗੀਦਾਰ ਹੈ ਜਿਸ ਨੂੰ ਸਾਭਣਾ ਅਤੇ ਸੰਵਾਰਨਾ ਸਾਡੀ ਜਿੰਮੇਵਾਰੀ ਦਾ ਹਿੱਸਾ ਹੈ।ਮਾਪਿਆਂ,ਸਕੂਲਾਂ ਅਤੇ ਸਮਾਜ ਦੇ ਸਹਿਯੋਗ ਨਾਲ ਅਸੀਂ ਪੰਜਾਬੀ ਦੀ ਖੂਬਸੂਰਤੀ ਨੂੰ ਵਿਸ਼ਵ ਭਰ ਵਿੱਚ ਪ੍ਰਸਿੱਧ ਕਰ ਸਕਦੇ ਹਾਂ।ਇਸ ਲਈ ਸਾਨੂੰ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀ ਮਾਂ-ਬੋਲੀ ਵਿਸਾਰਾਂਗੇ ਨਹੀ ਬਲਿਕ ਸਤਿਕਾਰਾਂਗੇ।ਅਸੀ ਆਪਣੀ ਮਾਂ ਬੋਲੀ ਦੇ ਪ੍ਰਚਾਰ ਪ੍ਰਸਾਰ ਲਈ ਯੋਗਦਾਨ ਪਾ ਸਕਦੇ ਹਾਂ।

ਆਖੀਰ ਵਿੱਚ ਕਹਿ ਸਕਦੇ ਹਾਂ ਕਿ ਸਾਨੂੰ ਮਾਂ-ਬੋਲੀ ਜੋ ਭਾਸ਼ਾ ਸਾਡੇ ਗੁਰੁ ਸਹਿਬਾਨ ਗੁਰੁ ਨਾਨਕ ਦੇਵ ਜੀ ਨੇ ਖਸਮ ਕੀ ਬਾਣੀ ਦੀ ਬਖਸ਼ਿਸ਼ ਕੀਤੀ ਹੋਵੇ ਉਸ ਤੋਂ ਵੱਧ ਅਮੀਰ ਵਿਸ਼ਵ ਦੀ ਕਿਹੜੀ ਭਾਸ਼ਾ ਹੋ ਸਕਦੀ ਹੈ।

# ਕੈਨੇਡੀਅਨ ਫੌਜ ਵਿੱਚ ਭਰਤੀ ਹੋਣ ਲਈ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ, ਅਰਜ਼ੀਆਂ ਵਿੱਚ ਆਇਆ 13 ਫੀਸਦੀ ਦਾ ਉਛਾਲ

ਸਰੀ, (ਦਿਵਰੂਪ ਕੌਰ): ਕੈਨੇਡਾ ਦੀ ਫੌਜ ਨੇ ਦੱਸਿਆ ਹੈ ਕਿ ਪਿਛਲੇ ਇੱਕ ਸਾਲ ਦੌਰਾਨ ਫੌਜ ਵਿੱਚ ਭਰਤੀ ਹੋਣ ਲਈ ਅਰਜ਼ੀਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਦੇਖਿਆ ਗਿਆ ਹੈ। ਇਹ ਵਾਧਾ ਅਜਿਹੇ ਸਮੇਂ ਹੋ ਰਿਹਾ ਹੈ ਜਦੋਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ ਦੀ ਪ੍ਰਭੂਸੱਤਾ ਨੂੰ ਲੈ ਕੇ ਵਾਰ-ਵਾਰ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਰੱਖਿਆ ਵਿਭਾਗ ਦੇ ਬੁਲਾਰੇ ਨੇ ਬੁੱਧਵਾਰ ਨੂੰ ਦੱਸਿਆ ਕਿ ਪਿਛਲੇ ਸਾਲ ਦੇ ਮੁਕਾਬਲੇ ਅਰਜ਼ੀਆਂ ਵਿੱਚ 12.9 ਫੀਸਦੀ ਦਾ ਉਛਾਲ ਆਇਆ ਹੈ।



ਰੱਖਿਆ ਮੰਤਰੀ ਡੇਵਿਡ ਮੈਕਗਿੰਟੀ ਨੇ ਇਸ ਵਾਧੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਕੈਨੇਡੀਅਨ ਲੋਕ ਆਪਣੇ ਦੇਸ਼ ਦੀ ਸੇਵਾ ਕਰਨ ਲਈ ਪਹਿਲਾਂ ਨਾਲੋਂ ਕਿਤੇ ਵੱਧ ਉਤਸ਼ਾਹਿਤ ਹਨ। ਉਨ੍ਹਾਂ ਅਨੁਸਾਰ ਲੋਕ ਪ੍ਰੋਜੈਕਟ ਕੈਨੇਡਾ ਨਾਲ ਜੁੜਨਾ ਚਾਹੁੰਦੇ ਹਨ ਅਤੇ ਇਹ ਯਕੀਨੀ ਬਣਾਉਣਾ ਚਾਹੁੰਦੇ ਹਨ ਕਿ ਉਨ੍ਹਾਂ ਦਾ ਦੇਸ਼ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਪ੍ਰਭੂਸੱਤਾ ਸੰਪੰਨ ਰਹੇ।

ਰੱਖਿਆ ਵਿਭਾਗ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਫੌਜ ਵਿੱਚ ਭਰਤੀ ਹੋਣ ਦੀ ਪ੍ਰਕਿਰਿਆ ਦੇ ਵੱਖ ਪੜਾਵਾਂ ਵਿੱਚ ਵੱਡਾ ਬਦਲਾਅ ਦੇਖਿਆ ਗਿਆ ਹੈ। ਸਾਲ 2024 ਤੋਂ 2025 ਦੇ ਵਿਚਕਾਰ ਕੁੱਲ 6,710 ਵਿਅਕਤੀਆਂ ਨੇ ਫੌਜ ਵਿੱਚ ਦਾਖਲਾ ਲਿਆ ਹੈ ਜਦੋਂ ਕਿ ਇਸ ਤੋਂ ਪਿਛਲੇ ਸਾਲ ਇਹ ਗਿਣਤੀ ਸਿਰਫ਼ 4,334 ਸੀ। ਇਸੇ ਤਰ੍ਹਾਂ ਅਰਜ਼ੀਆਂ ਦੀ ਕੁੱਲ ਗਿਣਤੀ 70,616 ਤੋਂ ਵਧ ਕੇ 77,431 ਤੱਕ ਪਹੁੰਚ ਗਈ ਹੈ। ਰਜਿਸਟ੍ਰੇਸ਼ਨ ਕਰਵਾਉਣ ਵਾਲਿਆਂ ਦੀ ਗਿਣਤੀ ਵਿੱਚ ਵੀ ਵੱਡਾ ਉਛਾਲ ਆਇਆ ਹੈ ਜੋ ਕਿ 12,269 ਤੋਂ ਵਧ ਕੇ 21,700 ਹੋ ਗਈ ਹੈ। ਇਹ ਅੰਕੜੇ ਦਰਸਾਉਂਦੇ ਹਨ ਕਿ ਪਿਛਲੇ ਦੋ ਸਾਲਾਂ ਵਿੱਚ ਨੌਜਵਾਨਾਂ ਦਾ ਰੁਝਾਨ ਫੌਜ ਵੱਲ ਕਾਫ਼ੀ ਵਧਿਆ ਹੈ।

ਸਰਕਾਰ ਵੱਲੋਂ ਰੱਖਿਆ ਖੇਤਰ ਵਿੱਚ ਕੀਤੇ ਜਾ ਰਹੇ ਭਾਰੀ ਨਿਵੇਸ਼ ਨੂੰ ਵੀ ਇਸ ਵਾਧੇ ਦਾ ਇੱਕ ਮੁੱਖ ਕਾਰਨ ਮੰਨਿਆ ਜਾ ਰਿਹਾ ਹੈ। ਫੈਡਰਲ ਸਰਕਾਰ ਨੇ ਨਾਟੋ ਪ੍ਰਤੀ ਆਪਣੀਆਂ ਵਚਨਬੱਧਤਾਵਾਂ ਨੂੰ ਪੂਰਾ ਕਰਨ ਲਈ ਇਸ ਦਹਾਕੇ ਦੇ ਅੰਤ ਤੱਕ ਰੱਖਿਆ ਉੱਤੇ 73 ਬਿਲੀਅਨ ਡਾਲਰ ਖਰਚਣ ਦੀ ਯੋਜਨਾ ਬਣਾਈ ਹੈ। ਸਾਲ 2025 ਦੇ ਬੱਜਟ ਵਿੱਚ ਫੌਜ ਵਿੱਚ ਨਵੀਂ ਭਰਤੀ ਅਤੇ ਪੁਰਾਣੇ ਸੈਨਿਕਾਂ ਨੂੰ ਬਣਾਈ ਰੱਖਣ ਲਈ 20 ਬਿਲੀਅਨ ਡਾਲਰ ਦੀ ਵਿਸ਼ੇਸ਼ ਰਾਸ਼ੀ ਰੱਖੀ ਗਈ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਪਿਛਲੇ ਸਾਲ ਐਲਾਨ ਕੀਤਾ ਸੀ ਕਿ ਫੌਜੀਆਂ ਦੀਆਂ ਤਨਖਾਹਾਂ ਵਿੱਚ 20 ਫੀਸਦੀ ਤੱਕ ਦਾ ਵਾਧਾ ਕੀਤਾ ਜਾਵੇਗਾ ਅਤੇ ਉਨ੍ਹਾਂ ਦੀਆਂ ਸਿਹਤ ਸਹੂਲਤਾਂ ਵਿੱਚ ਵੀ ਸੁਧਾਰ ਕੀਤਾ ਜਾਵੇਗਾ। ਇਹਨਾਂ ਵਿੱਤੀ ਲਾਭਾਂ ਨੇ ਨਿਸ਼ਚਿਤ ਤੌਰ ਉੱਤੇ ਨੌਜਵਾਨਾਂ ਨੂੰ ਫੌਜ ਵੱਲ ਆਕਰਸ਼ਿਤ ਕੀਤਾ ਹੈ।

ਦੂਜੇ ਪਾਸੇ ਅਮਰੀਕਾ ਨਾਲ ਚੱਲ ਰਹੇ ਤਣਾਅਪੂਰਨ ਸਬੰਧਾਂ ਨੇ ਵੀ ਕੈਨੇਡੀਅਨਾਂ ਵਿੱਚ ਦੇਸ਼ ਭਗਤੀ ਦੀ ਭਾਵਨਾ ਨੂੰ ਤੇਜ਼ ਕੀਤਾ ਹੈ। ਰਾਸ਼ਟਰਪਤੀ ਟਰੰਪ ਵੱਲੋਂ ਕੈਨੇਡੀਅਨ ਐਲੂਮੀਨੀਅਮ, ਸਟੀਲ, ਲੱਕੜ ਅਤੇ ਆਟੋ ਪਾਰਟਸ ਉੱਤੇ ਲਗਾਏ ਗਏ ਟੈਰਿਫਾਂ ਕਾਰਨ ਕੈਨੇਡਾ ਦੀਆਂ ਕਈ ਵੱਡੀਆਂ ਕੰਪਨੀਆਂ ਨੂੰ ਛਾਂਟੀ ਕਰਨੀ ਪਈ ਹੈ।

ਟਰੰਪ ਵੱਲੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੇ ਸੁਝਾਅ ਅਤੇ ਇਹ ਕਹਿਣਾ ਕਿ ਕੈਨੇਡਾ ਅਮਰੀਕਾ ਦੀ ਵਜ੍ਹਾ ਨਾਲ ਜ਼ਿੰਦਾ ਹੈ, ਨੇ ਲੋਕਾਂ ਵਿੱਚ ਭਾਰੀ ਰੋਸ ਪੈਦਾ ਕੀਤਾ ਹੈ। ਇੱਕ ਤਾਜ਼ਾ ਸਰਵੇਖਣ ਅਨੁਸਾਰ 58 ਫੀਸਦੀ ਕੈਨੇਡੀਅਨ ਹੁਣ ਅਮਰੀਕਾ ਨੂੰ ਇੱਕ ਭਰੋਸੇਮੰਦ ਸਹਿਯੋਗੀ ਨਹੀਂ ਮੰਨਦੇ। ਲਗਭਗ ਅੱਧੇ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਅਮਰੀਕਾ ਵਿਸ਼ਵ ਸ਼ਾਂਤੀ ਲਈ ਰੂਸ ਨਾਲੋਂ ਵੀ ਵੱਡਾ ਖਤਰਾ ਬਣ ਗਿਆ ਹੈ। ਇਸੇ ਸਿਆਸੀ ਅਸਥਿਰਤਾ ਦੇ ਮਾਹੌਲ ਵਿੱਚ ਕੈਨੇਡੀਅਨ ਨੌਜਵਾਨ ਆਪਣੇ ਦੇਸ਼ ਦੀਆਂ ਸਰਹੱਦਾਂ ਅਤੇ ਸਵੈ ਮਾਣ ਦੀ ਰਾਖੀ ਲਈ ਫੌਜ ਵਿੱਚ ਭਰਤੀ ਹੋਣ ਨੂੰ ਪਹਿਲ ਦੇ ਰਹੇ ਹਨ। This report was written by Divroop Kaur as part of the Local Journalism Initiative.

# ਬੀ.ਸੀ. ਦੇ ਨੌਜਵਾਨ ਨੇ ਰਚਿਆ ਇਤਿਹਾਸ, ਜੀਨ ਐਡੀਟਿੰਗ ਰਾਹੀਂ ਲਾਇਲਾਜ ਜੈਨੇਟਿਕ ਬਿਮਾਰੀ ਤੋਂ ਮਿਲੀ ਮੁਕਤੀ

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੇ ਰਹਿਣ ਵਾਲੇ ਉੱਨੀ ਸਾਲਾ ਨੌਜਵਾਨ ਟਾਈ ਸਪਰਲੇ ਨੇ ਉਦੋਂ ਅਥਾਹ ਹੈਰਾਨੀ ਅਤੇ ਖੁਸ਼ੀ ਮਹਿਸੂਸ ਕੀਤੀ ਜਦੋਂ ਉਸ ਨੂੰ ਪਤਾ ਲੱਗਾ ਕਿ ਉਹ ਇੱਕ ਦੁਰਲੱਭ ਜੈਨੇਟਿਕ ਬਿਮਾਰੀ ਤੋਂ ਪੂਰੀ ਤਰ੍ਹਾਂ ਮੁਕਤ ਹੋ ਚੁੱਕਾ ਹੈ। ਸਪਰਲੇ ਦੁਨੀਆ ਦਾ ਪਹਿਲਾ ਅਜਿਹਾ ਵਿਅਕਤੀ ਬਣ ਗਿਆ ਹੈ ਜਿਸ ਦਾ ਇਲਾਜ 'ਪ੍ਰਾਈਮ ਐਡੀਟਿੰਗ' ਨਾਮਕ ਨਵੀਂ ਜੀਨ ਐਡੀਟਿੰਗ ਤਕਨੀਕ ਰਾਹੀਂ ਸਫਲਤਾਪੂਰਵਕ ਕੀਤਾ ਗਿਆ ਹੈ। ਇਹ ਇਤਿਹਾਸਕ ਪ੍ਰਾਪਤੀ ਅਮਰੀਕਾ ਸਥਿਤ ਪ੍ਰਾਈਮ ਮੈਡੀਸਨ ਕੰਪਨੀ ਦੁਆਰਾ ਕੀਤੇ ਗਏ ਕਲੀਨਿਕਲ ਟਰਾਇਲ ਦਾ ਨਤੀਜਾ ਹੈ ਜਿਸ ਦੀ ਰਿਪੋਰਟ ਪਿਛਲੇ ਦਸੰਬਰ ਵਿੱਚ ਵੱਕਾਰੀ ਨਿਊ ਇੰਗਲੈਂਡ ਜਰਨਲ ਆਫ਼ ਮੈਡੀਸਨ ਵਿੱਚ ਪ੍ਰਕਾਸ਼ਿਤ ਹੋਈ ਸੀ। ਸਪਰਲੇ ਜੋ ਕਿ ਕੈਲੋਨਾ ਦਾ ਵਸਨੀਕ ਹੈ ਉਸ ਨੂੰ ਲਗਭਗ ਪੰਜ ਸਾਲ ਦੀ ਉਮਰ ਵਿੱਚ ਕਰੋਨਿਕ ਗ੍ਰੈਨੂਲੋਮੈਟਸ ਨਾਮਕ ਬਿਮਾਰੀ ਹੋਣ ਦਾ ਪਤਾ ਲੱਗਾ ਸੀ। ਇਸ ਬਿਮਾਰੀ ਕਾਰਨ ਉਸ ਦੀ ਰੋਗ ਪ੍ਰਤੀਰੋਧਕ ਸ਼ਕਤੀ ਬਹੁਤ ਕਮਜ਼ੋਰ ਹੋ ਗਈ ਸੀ ਜਿਸ ਕਾਰਨ ਉਸ ਨੂੰ ਲਗਾਤਾਰ ਖਤਰਨਾਕ ਇਨਫੈਕਸ਼ਨਾਂ ਦਾ ਡਰ ਬਣਿਆ ਰਹਿੰਦਾ ਸੀ।



ਬੱਚਿਆਂ ਦੇ ਇਮਿਊਨੋਲੋਜਿਸਟ ਡਾਕਟਰ ਸਟੂਅਰਟ ਟਰਵੀ ਨੇ ਦੱਸਿਆ ਕਿ ਇਸ ਬਿਮਾਰੀ ਨਾਲ ਪੀੜਤ ਲੋਕ ਲੰਬਾ ਅਤੇ ਸਿਹਤਮੰਦ ਜੀਵਨ ਨਹੀਂ ਜੀਅ ਪਾਉਂਦੇ ਕਿਉਂਕਿ ਮਾਮੂਲੀ ਇਨਫੈਕਸ਼ਨ ਵੀ ਜਾਨਲੇਵਾ ਸਾਬਤ ਹੋ ਸਕਦੀ ਹੈ। ਉਨ੍ਹਾਂ ਦੱਸਿਆ ਕਿ ਮਨੁੱਖੀ ਜੀਨੋਮ ਦੀ ਸੀਕੁਐਂਸਿੰਗ ਨੇ ਖੋਜਕਰਤਾਵਾਂ ਨੂੰ ਡੀਐਨਏ ਵਿੱਚ ਮੌਜੂਦ 'ਲਿਖਤ' ਦੀਆਂ ਗਲਤੀਆਂ ਨੂੰ ਪਛਾਣਨ ਵਿੱਚ ਮਦਦ ਕੀਤੀ ਹੈ। ਹੁਣ ਵਿਗਿਆਨ ਇੱਕ ਅਜਿਹੇ ਦੌਰ ਵਿੱਚ ਪਹੁੰਚ ਗਿਆ ਹੈ ਜਿੱਥੇ ਇਹਨਾਂ ਬੁਨਿਆਦੀ ਖੋਜਾਂ ਦੀ ਵਰਤੋਂ ਮਰੀਜ਼ਾਂ ਦੀ ਜਾਨ ਬਚਾਉਣ ਲਈ ਕੀਤੀ ਜਾ ਰਹੀ ਹੈ। ਡਾਕਟਰ ਟਰਵੀ ਨੇ ਸਪਰਲੇ ਨੂੰ ਇਸ ਕਲੀਨਿਕਲ ਟਰਾਇਲ ਲਈ ਰਜਿਸਟਰ ਕਰਵਾਇਆ ਸੀ ਜਿਸ ਦੀ ਸੁਵਿਧਾ ਕੈਨੇਡਾ ਵਿੱਚ ਸਿਰਫ ਮਾਂਟਰੀਅਲ ਦੇ ਸੇਂਟ ਜਸਟਿਨ ਯੂਨੀਵਰਸਿਟੀ ਹਸਪਤਾਲ ਵਿੱਚ ਹੀ ਮੌਜੂਦ ਸੀ। ਇਸ ਨਵੀਂ ਤਕਨੀਕ ਦੇ ਆਉਣ ਤੋਂ ਪਹਿਲਾਂ ਸਪਰਲੇ ਨੂੰ ਰੋਜ਼ਾਨਾ ਐਂਟੀਬਾਇਓਟਿਕਸ ਅਤੇ ਹੋਰ ਦਵਾਈਆਂ ਲੈਣੀਆਂ ਪੈਂਦੀਆਂ ਸਨ ਪਰ ਫਿਰ ਵੀ ਜਾਨ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਸੀ। ਜੀਨ ਐਡੀਟਿੰਗ ਦੇ ਇਸ ਇਲਾਜ ਵਿੱਚ ਸਪਰਲੇ ਦੇ ਆਪਣੇ ਸੈੱਲਾਂ ਨੂੰ ਸਰੀਰ ਵਿੱਚੋਂ ਕੱਢ ਕੇ ਉਨ੍ਹਾਂ ਵਿੱਚ ਮੌਜੂਦ ਜੈਨੇਟਿਕ ਗਲਤੀ ਨੂੰ ਸੁਧਾਰਿਆ ਗਿਆ ਅਤੇ ਫਿਰ ਉਨ੍ਹਾਂ ਨੂੰ ਦੁਬਾਰਾ ਸਰੀਰ ਵਿੱਚ ਦਾਖਲ ਕਰ ਦਿੱਤਾ ਗਿਆ। ਇਹ ਸੋਧੇ ਹੋਏ ਸੈੱਲ ਸਰੀਰ ਵਿੱਚ ਗਏ ਅਤੇ ਤੇਜ਼ੀ ਨਾਲ ਵਧਣ ਲੱਗੇ ਜਿਸ ਨਾਲ ਪੁਰਾਣੇ ਖਰਾਬ ਸੈੱਲਾਂ ਦਾ ਪ੍ਰਭਾਵ ਖਤਮ ਹੋ ਗਿਆ। ਕਿਉਂਕਿ ਇਹ ਸੈੱਲ ਉਸ ਦੇ ਆਪਣੇ ਸਨ ਇਸ ਲਈ ਸਰੀਰ ਨੇ ਇਨ੍ਹਾਂ ਨੂੰ ਆਸਾਨੀ ਨਾਲ ਸਵੀਕਾਰ ਕਰ ਲਿਆ। ਇਸ ਤੋਂ ਪਹਿਲਾਂ ਅਜਿਹੇ ਮਰੀਜ਼ਾਂ ਲਈ ਹੱਡੀਆਂ ਦੀ ਮਿੱਝ ਦਾ ਟ੍ਰਾਂਸਪਲਾਂਟ ਇੱਕੋ ਇੱਕ ਵਿਕਲਪ ਸੀ ਪਰ ਉਸ ਲਈ ਇੱਕ ਸਹੀ ਡੋਨਰ ਦੀ ਲੋੜ ਹੁੰਦੀ ਹੈ ਜੋ ਸਪਰਲੇ ਦੇ ਮਾਮਲੇ ਵਿੱਚ ਉਪਲਬਧ ਨਹੀਂ ਸੀ। ਇਹ ਨਵੀਂ ਤਕਨੀਕ ਇੱਕ ਚਮਤਕਾਰ ਵਾਂਗ ਸਾਬਤ ਹੋਈ ਹੈ। ਯੂਨੀਵਰਸਿਟੀ ਆਫ਼ ਬੀਸੀ ਦੇ ਓਕਾਨਾਗਨ ਕੈਂਪਸ ਵਿੱਚ ਵਿਗਿਆਨ ਦੇ ਵਿਦਿਆਰਥੀ ਸਪਰਲੇ ਨੇ ਕਿਹਾ ਕਿ ਹੁਣ ਉਹ ਬਿਨਾਂ ਕਿਸੇ ਡਰ ਦੇ ਜੰਗਲਾਂ ਵਿੱਚ ਕੈਂਪਿੰਗ ਕਰਨ ਜਾ ਸਕਦਾ ਹੈ ਕਿਉਂਕਿ ਹੁਣ ਉਸ ਨੂੰ ਬੈਕਟੀਰੀਆ ਤੋਂ ਜਾਨਲੇਵਾ ਖਤਰਾ ਨਹੀਂ ਹੈ। ਉਸ ਨੇ ਦੱਸਿਆ ਕਿ ਹੁਣ ਉਸ ਨੂੰ ਰੋਜ਼ਾਨਾ ਦਵਾਈਆਂ ਲੈਣ ਦੀ ਵੀ ਲੋੜ ਨਹੀਂ ਰਹੀ ਜੋ ਕਿ ਇੱਕ ਬਹੁਤ ਵੱਡੀ ਰਾਹਤ ਹੈ। ਹਾਲਾਂਕਿ ਉਹ ਇਸ ਪ੍ਰਯੋਗ ਦਾ ਪਹਿਲਾ ਮਰੀਜ਼ ਹੋਣ ਕਾਰਨ ਕਾਫ਼ੀ ਘਬਰਾਇਆ ਹੋਇਆ ਸੀ ਪਰ ਉਸ ਨੂੰ ਆਪਣੇ ਡਾਕਟਰਾਂ ਉੱਤੇ ਪੂਰਾ ਭਰੋਸਾ ਸੀ। ਉਸ ਦੀ ਮਾਂ ਵੀ ਇਸ ਕਾਮਯਾਬੀ ਤੋਂ ਬਾਅਦ ਭਾਵੁਕ ਹੋ ਗਈ ਅਤੇ ਉਸ ਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਆ ਗਏ। ਬੀਸੀ ਦੀ ਸਿਹਤ ਮੰਤਰੀ ਜੋਸੀ ਓਸਬੋਰਨ ਨੇ ਇਸ ਸਫਲਤਾ ਨੂੰ ਸਿਹਤ ਖੇਤਰ ਵਿੱਚ ਇੱਕ ਵੱਡਾ ਮੀਲ ਪੱਥਰ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਜਨਤਕ ਸਿਹਤ ਸੰਭਾਲ, ਖੋਜ ਅਤੇ ਵਿਸ਼ਵਵਿਆਪੀ ਸਹਿਯੋਗ ਦੀ ਤਾਕਤ ਨੂੰ ਦਰਸਾਉਂਦਾ ਹੈ। ਹਾਲਾਂਕਿ ਇਹ ਤਕਨੀਕ ਅਜੇ ਤੱਕ ਆਮ ਮਰੀਜ਼ਾਂ ਲਈ ਰੁਟੀਨ ਵਿੱਚ ਉਪਲਬਧ ਨਹੀਂ ਹੈ ਪਰ ਮਾਹਿਰਾਂ ਅਨੁਸਾਰ ਇਹ ਆਉਣ ਵਾਲੇ ਸਮੇਂ ਵਿੱਚ ਕਈ ਦੁਰਲੱਭ ਜੈਨੇਟਿਕ ਬਿਮਾਰੀਆਂ ਲਈ ਇੱਕ ਪੱਕਾ ਇਲਾਜ ਬਣ ਕੇ ਉਭਰੇਗੀ। ਹੁਣ ਖੋਜਕਰਤਾਵਾਂ ਦਾ ਅਗਲਾ ਟੀਚਾ ਇਸ ਤਕਨੀਕ ਨੂੰ ਦੇਸ਼ ਦੇ ਵੱਖ ਵੱਖ ਸਿਹਤ ਪ੍ਰਣਾਲੀਆਂ ਰਾਹੀਂ ਆਮ ਲੋਕਾਂ ਤੱਕ ਪਹੁੰਚਾਉਣਾ ਹੈ। This report was written by Divroop Kaur as part of the Local Journalism Initiative.

## ਲੈਂਗਲੀ ਦੇ ਕੰਡੋ ਡਿਵੈਲਪਰ ਮਾਰਕ ਚੈਂਡਲਰ ਉੱਤੇ 75,000 ਡਾਲਰ ਦਾ ਜੁਰਮਾਨਾ

ਸਰੀ, (ਦਿਵਰੂਪ ਕੌਰ): ਲੈਂਗਲੀ ਦੇ ਇੱਕ ਸਾਬਕਾ ਕੰਡੋ ਡਿਵੈਲਪਰ ਨੂੰ ਬ੍ਰਿਟਿਸ਼ ਕੋਲੰਬੀਆ ਫਾਈਨਾਂਸ਼ੀਅਲ ਸਰਵਿਸਿਜ਼ ਏਜੰਸੀ (ਬੀਸੀਐਫਐਸਏ) ਨੇ 75,000 ਡਾਲਰ ਦਾ ਭਾਰੀ ਜੁਰਮਾਨਾ ਲਗਾਇਆ ਹੈ। ਮਾਰਕ ਚੈਂਡਲਰ ਨਾਮ ਦਾ ਇਹ ਵਿਅਕਤੀ ਹਾਲ ਹੀ ਵਿੱਚ ਕੈਲੀਫੋਰਨੀਆ ਦੀ ਇੱਕ ਜੇਲ੍ਹ ਤੋਂ ਰਿਹਾਅ ਹੋ ਕੇ ਵਾਪਸ ਆਇਆ ਹੈ ਜਿੱਥੇ ਉਹ ਵਾਇਰ ਫਰਾਡ ਦੇ ਇੱਕ ਵੱਖਰੇ ਮਾਮਲੇ ਵਿੱਚ ਆਪਣੀ ਸਜ਼ਾ ਕੱਟ ਰਿਹਾ ਸੀ। ਸਾਲ 2014 ਤੋਂ 2017 ਦੇ ਵਿਚਕਾਰ ਚੈਂਡਲਰ ਨੇ ਲੈਂਗਲੀ ਮੈਮੋਰੀਅਲ ਹਸਪਤਾਲ ਦੇ ਨੇੜੇ ਸਥਿਤ ਮਾਰੀਵਿਲ ਹਾਊਸ ਕੰਡੋ ਕੰਪਲੈਕਸ ਵਿੱਚ ਰਿਹਾਇਸ਼ੀ ਯੂਨਿਟਾਂ ਦੀ ਵਿਕਰੀ ਅਤੇ ਪ੍ਰਚਾਰ ਕੀਤਾ ਸੀ। ਇਸ 4 ਮੰਜ਼ਿਲਾ ਲੱਕੜ ਦੇ ਢਾਂਚੇ ਵਾਲੀ ਇਮਾਰਤ ਦਾ ਨਿਰਮਾਣ ਕੰਮ ਬਹੁਤ ਹੀ ਸੁਸਤ ਰਫ਼ਤਾਰ ਨਾਲ ਚੱਲ ਰਿਹਾ ਸੀ ਅਤੇ ਇਸੇ ਦੌਰਾਨ ਚੈਂਡਲਰ ਸਿਰ ਕਰਜ਼ਾ ਦੇਣ ਵਾਲਿਆਂ ਦੀਆਂ ਦੇਣਦਾਰੀਆਂ ਲਗਾਤਾਰ ਵਧਦੀਆਂ ਜਾ ਰਹੀਆਂ ਸਨ। ਇਸ ਪ੍ਰੋਜੈਕਟ ਦੌਰਾਨ ਵੱਡੀ ਪੱਧਰ ਉੱਤੇ ਪ੍ਰੀ-ਸੇਲ ਕੀਤੀ ਗਈ ਸੀ ਪਰ ਬਹੁਤ ਸਾਰੇ ਖਰੀਦਦਾਰ ਇਸ ਗੱਲ ਤੋਂ ਬਿਲਕੁਲ ਅਣਜਾਣ ਸਨ ਕਿ ਚੈਂਡਲਰ ਇੱਕੋ ਯੂਨਿਟ ਨੂੰ ਕਈ ਵੱਖ-ਵੱਖ ਲੋਕਾਂ ਨੂੰ ਵੇਚ ਰਿਹਾ ਸੀ। ਸਾਲ 2017 ਵਿੱਚ ਹੋਈ ਇੱਕ ਜਾਂਚ ਦੌਰਾਨ ਇਹ ਹੈਰਾਨੀਜਨਕ ਖੁਲਾਸਾ ਹੋਇਆ ਸੀ ਕਿ ਕਈ ਯੂਨਿਟ 2 ਖਰੀਦਦਾਰਾਂ ਨੂੰ ਅਤੇ ਕੁਝ ਯੂਨਿਟ 3 ਖਰੀਦਦਾਰਾਂ ਨੂੰ ਵੇਚੇ ਗਏ ਸਨ। ਹੱਦ ਤਾਂ ਉਦੋਂ ਹੋ ਗਈ ਜਦੋਂ ਜਾਂਚ ਵਿੱਚ ਇਹ ਪਾਇਆ ਗਿਆ ਕਿ 1 ਵਿਸ਼ੇਸ਼ ਯੂਨਿਟ ਦਾ ਵਾਅਦਾ 4 ਵੱਖ-ਵੱਖ ਲੋਕਾਂ ਨਾਲ ਕੀਤਾ ਗਿਆ ਸੀ। ਕੁੱਲ ਮਿਲਾ ਕੇ ਇਸ ਪ੍ਰੋਜੈਕਟ ਵਿੱਚ 92 ਯੂਨਿਟ ਸਨ ਪਰ ਚੈਂਡਲਰ ਨੇ ਇਹਨਾਂ ਨੂੰ 152 ਸੰਭਾਵੀ ਖਰੀਦਦਾਰਾਂ ਨੂੰ ਵੇਚ ਦਿੱਤਾ ਸੀ।


Helping You Unlock Your Dream Home

ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਜ਼ਰੂਰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਪ੍ਰਬੰਧ ਵੀ ਘੱਟ ਰੇਟ 'ਤੇ ਕਰਦੇ ਹਾਂ।

✔ First-time Home Buyers | ✔ Mortgage Renewals

✔ Refinancing solutions | ✔ Construction mortgage | ✔ Purchase or Refinance



AMARPAL SINGH
Mortgage Advisor

Call : 604.338.7310

CENTUM MORTGAGE

CANADIAN PUNJAB TIMES

Canadian Punjab Times Presents

# Bhai Lalo Ji Scholarship 2026

All high school students attending a post secondary institution in Fall 2026 are eligible to apply. Preference is given to applicantss who are in need of financial aid or wish to pursue journalism. 10 scholarships of $1,000 will be awarded.

## Apply by March 31st, 2026

For the scholarship application and more information, visit thepunjabtimes.ca

For any further inquiries :
Call: Amarpal Singh | 604-338-7310
Email: Canadianpunjabtimes@gmail.com

# ਮੈਟਰੋ ਵੈਨਕੂਵਰ ਦਾ ਸੈਕੰਡ ਨੈਰੋਜ਼ ਰੇਲ ਬ੍ਰਿਜ ਖਰਾਬ, ਬੁਰਾਰਡ ਇਨਲੇਟ ਵਿੱਚ ਫਸੇ 13 ਵੱਡੇ ਸਮੁੰਦਰੀ ਜਹਾਜ਼



ਸਰੀ, (ਦਿਵਰੂਪ ਕੌਰ): ਮੈਟਰੋ ਵੈਨਕੂਵਰ ਦੇ ਪੁਰਾਣੇ ਹੋ ਰਹੇ ਬੁਨਿਆਦੀ ਢਾਂਚੇ ਵਿੱਚ ਆਈ ਇੱਕ ਵੱਡੀ ਤਕਨੀਕੀ ਖਰਾਬੀ ਕਾਰਨ ਖੇਤਰ ਦੀ ਰੇਲ ਅਤੇ ਸਮੁੰਦਰੀ ਆਵਾਜਾਈ ਵਿੱਚ ਕਈ ਗੰਭੀਰ ਦਿੱਕਤਾਂ ਪੇਸ਼ ਆ ਰਹੀਆਂ ਹਨ। ਵੀਕੈਂਡ ਦੌਰਾਨ ਸੈਕੰਡ ਨੈਰੋਜ਼ ਰੇਲ ਬ੍ਰਿਜ ਦੇ ਅਚਾਨਕ ਕੰਮ ਕਰਨਾ ਬੰਦ ਕਰਨ ਕਾਰਨ ਡੂੰਘੇ ਸਮੁੰਦਰੀ ਰਸਤੇ ਰਾਹੀਂ ਆਉਣ-ਜਾਣ ਵਾਲੇ ਲਗਭਗ ਤੇਰਾਂ ਵੱਡੇ ਮਾਲਵਾਹਕ ਜਹਾਜ਼ ਬੁਰਾਰਡ ਇਨਲੇਟ ਵਿੱਚ ਹੀ ਫਸ ਗਏ ਹਨ। ਇਹ ਪੁਲ ਇਲਾਕੇ ਦੀ ਆਰਥਿਕਤਾ ਅਤੇ ਸਮੁੰਦਰੀ ਵਪਾਰ ਲਈ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ ਕਿਉਂਕਿ ਇਸ ਦਾ ਵਿਚਕਾਰਲਾ ਹਿੱਸਾ ਉੱਪਰ ਉੱਠ ਕੇ ਵੱਡੇ ਵਪਾਰਕ ਜਹਾਜ਼ਾਂ ਨੂੰ ਲੰਘਣ ਲਈ ਰਸਤਾ ਪ੍ਰਦਾਨ ਕਰਦਾ ਹੈ। ਫਿਲਹਾਲ ਇਸ ਹਿੱਸੇ ਦੇ ਜਾਮ ਹੋਣ ਕਾਰਨ ਵੱਡੇ ਟੈਂਕਰਾਂ ਅਤੇ ਹੋਰ ਵਪਾਰਕ ਜਹਾਜ਼ਾਂ ਦੀ ਆਵਾਜਾਈ ਪੂਰੀ ਤਰ੍ਹਾਂ ਰੁਕ ਗਈ ਹੈ ਜਿਸ ਕਾਰਨ ਕਈ ਕੰਪਨੀਆਂ ਨੂੰ ਭਾਰੀ ਨੁਕਸਾਨ ਦਾ ਖਦਸ਼ਾ ਹੈ।

ਆਮ ਹਾਲਤਾਂ ਵਿੱਚ ਇਸ ਰੇਲ ਪੁਲ ਦਾ ਕੇਂਦਰੀ ਹਿੱਸਾ ਦਿਨ ਵਿੱਚ ਕਈ ਵਾਰ ਉੱਪਰ ਚੁੱਕਿਆ ਜਾਂਦਾ ਹੈ ਤਾਂ ਜੋ ਵੱਖ-ਵੱਖ ਵਪਾਰਕ ਜਹਾਜ਼ ਬੁਰਾਰਡ ਇਨਲੇਟ ਦੇ ਪੂਰਬੀ ਸਿਰੇ ਤੋਂ ਅੰਦਰ ਅਤੇ ਬਾਹਰ ਆ ਸਕਣ। ਇਹ ਰਸਤਾ ਪਾਰਕਲੈਂਡ ਟਰਮੀਨਲ, ਟੀਐਮਐਕਸ ਦੇ ਵੈਸਟਰਿੱਜ ਮਰੀਨ ਟਰਮੀਨਲ ਅਤੇ ਪੋਰਟ ਮੂਡੀ ਵਿੱਚ ਸਥਿਤ ਪੈਸੀਫਿਕ ਕੋਸਟ ਟਰਮੀਨਲ ਤੱਕ ਪਹੁੰਚਣ ਲਈ ਬੇਹੱਦ ਜ਼ਰੂਰੀ ਰਸਤਾ ਹੈ। ਇਹਨਾਂ ਟਰਮੀਨਲਾਂ ਰਾਹੀਂ ਕੈਨੇਡਾ ਦਾ ਵੱਡਾ ਵਪਾਰਕ ਲੈਣ-ਦੇਣ ਅਤੇ ਊਰਜਾ ਸਰੋਤਾਂ ਦੀ ਸਪਲਾਈ ਹੁੰਦੀ ਹੈ। ਪੁਲ ਦੀ ਇਸ ਅਚਾਨਕ ਖਰਾਬੀ ਕਾਰਨ ਮਾਲ ਦੀ ਢੋਆ-ਢੁਆਈ ਉੱਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਹਾਲਾਂਕਿ ਪ੍ਰਸ਼ਾਸਨ ਲਈ ਇੱਕ ਰਾਹਤ ਵਾਲੀ ਗੱਲ ਇਹ ਹੈ ਕਿ ਨਾਰਥ ਸ਼ੋਰ ਵੱਲ ਜਾਣ ਵਾਲੀ ਰੇਲ ਸੇਵਾ ਇਸ ਖਰਾਬੀ ਕਾਰਨ ਜ਼ਿਆਦਾ ਪ੍ਰਭਾਵਿਤ ਨਹੀਂ ਹੋਈ ਹੈ ਅਤੇ ਪਟੜੀ ਉੱਤੇ ਰੇਲਾਂ ਦੀ ਆਵਾਜਾਈ ਲਗਭਗ ਆਮ ਵਾਂਗ ਚੱਲ ਰਹੀ ਹੈ।

ਪੋਰਟ ਆਫ ਵੈਨਕੂਵਰ ਵੱਲੋਂ ਜਾਰੀ ਕੀਤੇ ਗਏ ਇੱਕ ਅਧਿਕਾਰਤ ਬਿਆਨ ਵਿੱਚ ਦੱਸਿਆ ਗਿਆ ਹੈ ਕਿ ਸੀਐਨ ਰੇਲਵੇ ਵੱਲੋਂ ਇਸ ਰੇਲ ਪੁਲ ਦੀ ਮੁਰੰਮਤ ਦਾ ਕੰਮ ਜੰਗੀ ਪੱਧਰ ਉੱਤੇ ਸ਼ੁਰੂ ਕਰ ਦਿੱਤਾ ਗਿਆ ਹੈ। ਮਾਹਿਰਾਂ ਦੀਆਂ ਟੀਮਾਂ ਦਿਨ-ਰਾਤ ਇਸ ਨੁਕਸ ਨੂੰ ਸੁਧਾਰਨ ਵਿੱਚ ਜੁਟੀਆਂ ਹੋਈਆਂ ਹਨ ਅਤੇ ਉਮੀਦ ਜਤਾਈ ਜਾ ਰਹੀ ਹੈ ਕਿ ਮੁਰੰਮਤ ਦਾ ਇਹ ਕੰਮ ਆਉਣ ਵਾਲੇ ਬੁੱਧਵਾਰ ਤੱਕ ਮੁਕੰਮਲ ਹੋ ਜਾਵੇਗਾ। ਬੰਦਰਗਾਹ ਪ੍ਰਸ਼ਾਸਨ ਨੇ ਸਪੱਸ਼ਟ ਕੀਤਾ ਹੈ ਕਿ ਉਹ ਸਾਰੇ ਵਪਾਰਕ ਸਮੁੰਦਰੀ ਜਹਾਜ਼ ਜਿਨ੍ਹਾਂ ਨੂੰ ਲੰਘਣ ਲਈ ਪੁਲ ਦੇ ਉੱਪਰ ਉੱਠਣ ਦੀ ਲੋੜ ਹੁੰਦੀ ਹੈ, ਉਹ ਉਦੋਂ ਤੱਕ ਸੈਕੰਡ ਨੈਰੋਜ਼ ਰਸਤੇ ਤੋਂ ਨਹੀਂ ਲੰਘ ਸਕਣਗੇ ਜਦੋਂ ਤੱਕ ਪੁਲ ਦਾ ਲਿਫਟਿੰਗ ਸਿਸਟਮ ਦੁਬਾਰਾ ਚਾਲੂ ਨਹੀਂ ਹੋ ਜਾਂਦਾ। ਇਸ ਸਥਿਤੀ ਕਾਰਨ ਕਈ ਡੂੰਘੇ ਸਮੁੰਦਰੀ ਮਾਲਵਾਹਕ ਜਹਾਜ਼ਾਂ ਨੂੰ ਮੁਰੰਮਤ ਦੇ ਕੰਮ ਦੇ ਖਤਮ ਹੋਣ ਤੱਕ ਆਪਣੀ ਵਾਰੀ ਦੀ ਉਡੀਕ ਕਰਨੀ ਪਵੇਗੀ।

ਇਸ ਘਟਨਾ ਨੇ ਮੈਟਰੋ ਵੈਨਕੂਵਰ ਵਿੱਚ ਪੁਰਾਣੇ ਹੋ ਰਹੇ ਬੁਨਿਆਦੀ ਢਾਂਚੇ ਦੀ ਸਾਂਭ-ਸੰਭਾਲ ਅਤੇ ਇਸ ਦੀ ਮਿਆਦ ਉੱਤੇ ਵੀ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ। ਜਿਵੇਂ-ਜਿਵੇਂ ਇਹ ਪੁਲ ਅਤੇ ਹੋਰ ਢਾਂਚੇ ਆਪਣੀ ਮਿਆਦ ਪੂਰੀ ਕਰ ਰਹੇ ਹਨ, ਅਜਿਹੀਆਂ ਤਕਨੀਕੀ ਖਰਾਬੀਆਂ ਦੀ ਸੰਭਾਵਨਾ ਵਧਦੀ ਜਾ ਰਹੀ ਹੈ ਜਿਸ ਦਾ ਸਿੱਧਾ ਅਤੇ ਗੰਭੀਰ ਅਸਰ ਖੇਤਰ ਦੀ ਆਰਥਿਕਤਾ ਅਤੇ ਅੰਤਰਰਾਸ਼ਟਰੀ ਵਪਾਰ ਉੱਤੇ ਪੈਂਦਾ ਹੈ। ਪੋਰਟ ਪ੍ਰਸ਼ਾਸਨ ਅਤੇ ਸੀਐਨ ਰੇਲਵੇ ਦੇ ਮਾਹਿਰਾਂ ਦੀਆਂ ਟੀਮਾਂ ਲਗਾਤਾਰ ਸਥਿਤੀ ਦਾ ਮੁਲਾਂਕਣ ਕਰ ਰਹੀਆਂ ਹਨ ਤਾਂ ਜੋ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਲੋਕਾਂ ਅਤੇ ਵਪਾਰਕ ਇਕਾਈਆਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਆਵਾਜਾਈ ਦੀ ਤਾਜ਼ਾ ਸਥਿਤੀ ਅਤੇ ਮੁਰੰਮਤ ਬਾਰੇ ਜਾਣਕਾਰੀ ਰੱਖਣ ਲਈ ਪੋਰਟ ਪ੍ਰਸ਼ਾਸਨ ਦੀਆਂ ਅਧਿਕਾਰਤ ਵੈੱਬਸਾਈਟਾਂ ਦੇ ਲਗਾਤਾਰ ਸੰਪਰਕ ਵਿੱਚ ਰਹਿਣ। This report was written by Divroop Kaur as part of the Local Journalism Initiative.

# ਕੋਕੀਹਾਲਾ ਹਾਈਵੇਅ ’ਤੇ ਭਾਰੀ ਬਰਫ਼ਬਾਰੀ ਦੀ ਚਿਤਾਵਨੀ, 60 ਸੈਂਟੀਮੀਟਰ ਤੱਕ ਡਿੱਗ ਸਕਦੀ ਹੈ ਬਰਫ਼

ਸਰੀ, (ਦਿਵਰੂਪ ਕੌਰ): ਬ੍ਰਿਟਿਸ਼ ਕੋਲੰਬੀਆ ਦੇ ਸਭ ਤੋਂ ਮਹੱਤਵਪੂਰਨ ਅਤੇ ਵਿਅਸਤ ਪਹਾੜੀ ਰਸਤਿਆਂ ਵਿੱਚੋਂ ਇੱਕ ਕੋਕੀਹਾਲਾ ਹਾਈਵੇਅ ਉੱਤੇ ਸਫ਼ਰ ਕਰਨ ਵਾਲੇ ਯਾਤਰੀਆਂ ਲਈ ਆਉਣ ਵਾਲੇ ਕੁਝ ਦਿਨ ਕਾਫ਼ੀ ਚੁਣੌਤੀਪੂਰਨ ਹੋ ਸਕਦੇ ਹਨ। ਵਾਤਾਵਰਣ ਕੈਨੇਡਾ ਨੇ ਇੱਕ ਤਾਜ਼ਾ ਮੌਸਮੀ ਚਿਤਾਵਨੀ ਜਾਰੀ ਕਰਦਿਆਂ ਦੱਸਿਆ ਹੈ ਕਿ ਬੁੱਧਵਾਰ ਰਾਤ ਤੋਂ ਇਸ ਹਾਈਵੇਅ ਉੱਤੇ ਭਾਰੀ ਬਰਫ਼ਬਾਰੀ ਹੋਣ ਦੀ ਪੂਰੀ ਸੰਭਾਵਨਾ ਹੈ। ਮੌਸਮ ਵਿਗਿਆਨੀਆਂ ਅਨੁਸਾਰ ਬੁੱਧਵਾਰ ਰਾਤ ਤੋਂ ਸ਼ੁਰੂ ਹੋ ਕੇ ਸ਼ੁੱਕਰਵਾਰ ਤੱਕ ਇਸ ਖੇਤਰ ਵਿੱਚ 40 ਤੋਂ 60 ਸੈਂਟੀਮੀਟਰ ਤੱਕ ਬਰਫ਼ ਡਿੱਗ ਸਕਦੀ ਹੈ। ਇੰਨੀ ਵੱਡੀ ਮਾਤਰਾ ਵਿੱਚ ਬਰਫ਼ਬਾਰੀ ਹੋਣ ਕਾਰਨ ਹਾਈਵੇਅ ਉੱਤੇ ਆਵਾਜਾਈ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਇਹ ਮੌਸਮੀ ਤਬਦੀਲੀ ਇੱਕ ਸ਼ਕਤੀਸ਼ਾਲੀ ਫਰੰਟਲ ਸਿਸਟਮ ਦੇ ਕਾਰਨ ਆ ਰਹੀ ਹੈ ਜੋ ਇਸ ਖੇਤਰ ਵਿੱਚੋਂ ਗੁਜ਼ਰ ਰਿਹਾ ਹੈ। ਇਸ ਸਿਸਟਮ ਦੇ ਪ੍ਰਭਾਵ ਹੇਠ ਦੱਖਣ-ਪੱਛਮੀ ਦਿਸ਼ਾ ਤੋਂ ਤੇਜ਼ ਹਵਾਵਾਂ ਚੱਲਣਗੀਆਂ ਜਿਸ ਨਾਲ ਵਾਤਾਵਰਣ ਵਿੱਚ ਭਾਰੀ ਅਸਥਿਰਤਾ ਪੈਦਾ ਹੋਵੇਗੀ। ਵਾਤਾਵਰਣ ਕੈਨੇਡਾ ਅਨੁਸਾਰ ਇਹ ਸਿਸਟਮ ਲੰਬੇ ਸਮੇਂ ਤੱਕ ਬਰਫ਼ਬਾਰੀ ਦਾ ਕਾਰਨ ਬਣੇਗਾ ਜਿਸ ਨਾਲ ਸੜਕਾਂ ਉੱਤੇ ਬਰਫ਼ ਦੀਆਂ ਮੋਟੀਆਂ ਪਰਤਾਂ ਜਮ੍ਹਾਂ ਹੋ ਸਕਦੀਆਂ ਹਨ। ਪਹਾੜੀ ਇਲਾਕਿਆਂ ਵਿੱਚ ਅਜਿਹੇ ਮੌਸਮੀ ਸਿਸਟਮ ਅਕਸਰ ਅਚਾਨਕ ਬਦਲਾਅ ਲਿਆਉਂਦੇ ਹਨ ਜਿਸ ਕਾਰਨ ਡਰਾਈਵਰਾਂ ਲਈ ਗੱਡੀ ਚਲਾਉਣਾ ਕਾਫ਼ੀ ਜੋਖਮ ਭਰਿਆ ਹੋ ਜਾਂਦਾ ਹੈ। ਸੜਕੀ ਆਵਾਜਾਈ ਮਾਹਿਰਾਂ ਅਨੁਸਾਰ ਇੰਨੀ ਭਾਰੀ ਬਰਫ਼ਬਾਰੀ ਦੌਰਾਨ ਸੜਕ ਉੱਤੇ ਦਿਖਣ ਦੀ ਸਮਰੱਥਾ ਬਹੁਤ ਘੱਟ ਹੋ ਜਾਂਦੀ ਹੈ। ਹਾਈਵੇਅ ਉੱਤੇ ਬਰਫ਼ ਜਮ੍ਹਾਂ ਹੋਣ ਕਾਰਨ ਵਾਹਨਾਂ ਦੇ ਫਿਸਲਣ ਦਾ ਖ਼ਤਰਾ ਵੀ ਕਈ ਗੁਣਾ ਵਧ ਜਾਂਦਾ ਹੈ। ਪ੍ਰਸ਼ਾਸਨ ਨੇ ਵਾਹਨ ਚਾਲਕਾਂ ਨੂੰ ਸਖ਼ਤ ਹਦਾਇਤ ਕੀਤੀ ਹੈ ਕਿ ਉਹ ਸਫ਼ਰ ਉੱਤੇ ਨਿਕਲਣ ਤੋਂ ਪਹਿਲਾਂ ਆਪਣੀ ਪੂਰੀ ਤਿਆਰੀ ਰੱਖਣ। ਡਰਾਈਵਰਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਘਰੋਂ ਨਿਕਲਣ ਤੋਂ ਪਹਿਲਾਂ ਡਰਾਈਵ ਬੀਸੀ ਦੀ ਅਧਿਕਾਰਤ ਵੈੱਬਸਾਈਟ ਉੱਤੇ ਜਾ ਕੇ ਸੜਕਾਂ ਦੀ ਤਾਜ਼ਾ ਸਥਿਤੀ ਅਤੇ ਮੌਸਮ ਦੇ ਅਪਡੇਟ ਜ਼ਰੂਰ ਚੈੱਕ ਕਰ ਲੈਣ ਤਾਂ ਜੋ ਰਸਤੇ ਵਿੱਚ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਤੋਂ ਬਚਿਆ ਜਾ ਸਕੇ।

੧ਓ ਸਤਿਗੁਰ ਪ੍ਰਸਾਦਿ॥

॥ ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥

## ਸ਼ੋਕ ਸਮਾਚਾਰ



ਬਲਜੀਤ ਕੌਰ ਸਿੱਧੂ

ਸਾਡੇ ਸਤਿਕਾਰ ਯੋਗ ਮਾਤਾ ਜੀ

**ਬਲਜੀਤ ਕੌਰ ਸਿੱਧੂ**

ਪਤਨੀ ਸਵ: ਮਾਸਟਰ ਅਵਤਾਰ ਸਿੰਘ

ਜਿਨ੍ਹਾਂ ਦਾ ਪਿਛਲਾ ਪਿੰਡ ਪੂਹਲਾ ਜ਼ਿਲ੍ਹਾ ਬਠਿੰਡਾ ਸੀ ਅਤੇ ਪਿਛਲੇ ਲੰਮੇ ਸਮੇਂ ਤੋਂ ਐਬਟਸਫੋਰਡ ਵਿਖੇ ਰਹਿ ਰਹੇ ਸਨ, ਜੋ ਕਿ ਵਾਹਿਗੁਰੂ ਜੀ ਵਲੋਂ ਬਖਸ਼ੀ ਸਵਾਸਾਂ ਦੀ ਪੂੰਜੀ ਭੋਗ ਕੇ ਬੀਤੀ 13 ਫਰਵਰੀ ਨੂੰ ਦਿਨ ਸ਼ੁੱਕਰਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਹਨ ਉਹਨਾਂ ਦਾ

## ਅੰਤਮ ਸਸਕਾਰ

ਦਿਨ ਐਤਵਾਰ ਮਾਰਚ 1, 2026

ਬਾਅਦ ਦੁਪਿਹਰ 12:30 ਵਜੇ ਰਿਵਰ ਸਾਈਡ ਫਿਊਨਰਲ ਹੋਮ, 2031 ਰਿਵਰਸਾਈਡ ਰੋਡ ਐਬਟਸਫੋਰਡ ਵਿਖੇ ਹੋਵੇਗਾ ਉਪਰੰਤ

**ਸਹਿਜ ਪਾਠ ਦੇ ਭੋਗ ਅਤੇ ਅੰਤਮ ਅਰਦਾਸ**

ਬਾਬਾ ਬੰਦਾ ਸਿੰਘ ਬਹਾਦਰ ਗੁਰਦੁਆਰਾ ਸਾਹਿਬ 31631 ਸਾਊਥ ਫਰੇਜ਼ਰ ਵੇਅ, ਐਬਟਸਫੋਰਡ ਵਿਖੇ ਹੋਵੇਗੀ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸੰਪਰਕ ਕਰ ਸਕਦੇ ਹੋ

**ਸਿੱਧੂ ਪਰਿਵਾਰ : 604-751-0403**


SABZI MANDI SUPERMARKET
Serving our Community since 2003
Happy Holi
Non-toxic colors available in-store now
HOT PRICE PEELED GARLIC ਲਸਣ 5lb Jar 7.99 ea
HOT PRICE FRESH SPINACH ਪਾਲਕ Bunch 1.49 ea
HOT PRICE JUMBO CAULIFLOWER ਵੱਡਾ ਗੋਭੀ ਦਾ ਫੁੱਲ 3.99 ea
HOT PRICE FRESH CILANTRO ਧਨੀਆਂ Bunch 2 for 99¢
CHING'S NOODLES ਚਿੰਗਜ਼ ਨੂਡਲਜ਼ Asst., 240g 1.49 ea
UNBEATABLE DEALS
VERKA DESI GHEE ਵੇਰਕਾ ਦੇਸੀ ਘਿਓ 3kg 39.99 ea
(WITH LEAVES) INDIAN DAIKON ਦੇਸੀ ਮੂਲੀ 1.49 /lb
SHAN SPICES ਸ਼ਾਨ ਮਸਾਲੇ Select Varieties 1.99 ea
BC CABBAGE ਬੀਸੀ ਪੱਤ ਗੋਭੀ 69¢ /lb
NPS #1 ALMONDS ਬਦਾਮ 5.99 /lb
BAAZ DURAM ATTA ਬਾਜ਼ ਦੁਰਮ ਆਟਾ 20lb 11.99 ea
SHER BESAN ਸ਼ੇਰ ਬੇਸਣ 4lb 3.99 ea
HULLY GULLY PUFFS ਹੱਲੀ ਗੱਲੀ ਪੱਫਜ਼ Asst., 120g 2 for 4.99
PONKAN MANDARIN ORANGES ਪੌਨਕਾਨ ਮੈਂਡਰਿਨ ਸੰਗਤਰੇ 1.69 /lb
NANAK ALOO TIKKI ਨਾਨਕ ਆਲੂ ਟਿੱਕੀ 720g 6.99 ea
PAKISTANI ROOHAFZA ਪਾਕਿਸਤਾਨੀ ਰੂਹਅਫਜ਼ਾ 750ml 3.99 ea
SHAN PICKLES ਸ਼ਾਨ ਅਚਾਰ Asst., 1kg 3.99 ea
ROSHNI BASMATI RICE ਰੋਸ਼ਨੀ ਬਾਸਮਤੀ ਚਾਵਲ 8lb 8.99 ea
FRESH FENUGREEK METHI ਮੇਥੀ Bunch 1.69 ea
NANAK PANEER ਨਾਨਕ ਪਨੀਰ 340g 4.99 ea
BC POTATOES ਆਲੂ 10lb 2.49 ea
TANGERINE ORANGES ਟੈਂਜਰੀਨ ਸੰਗਤਰੇ 1.49 /lb
LARGE SEEDLESS ORANGES ਵੱਡੇ ਸੰਗਤਰੇ 99¢ /lb
FRESH BER ਬੇਰ 3.49 /lb
PROUDLY CANADIAN · PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਭਾਰਤੀ ਗਰੌਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. February 27, 2026 - Wed. March 04, 2026
American Express accepted at three locations.
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
Prices in effect at the above listed store locations only.
You can also visit us online at www.sabzimandicanada.com